# ਪੰਜਾਬੀ ਪਰਵਾਜ਼

Punjabi Parwaz

ਅੰਕ 41ਵਾਂ (ਸ਼ਿਕਾਗੋ): 7 ਦਸੰਬਰ ਤੋਂ 20 ਦਸੰਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਅਕਾਲ ਤਖਤ ਦੀ ਫਸੀਲ ਤੋਂ ਸਜ਼ਾ ਦਾ ਵਰਤਾਰਾ

## ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਆਗੂਆਂ ਨੂੰ ਤਨਖਾਹ ਲਾਈ

**ਜਸਵੀਰ ਸਿੰਘ ਮਾਂਗਟ**

*ਦਿੱਲੀ ਦਾ ਸਿੱਖ ਆਗੂ ਹਰਵਿੰਦਰ ਸਿੰਘ ਸਰਨਾ ਤਨਖ਼ਾਹੀਆ ਕਰਾਰ

*ਅਕਾਲੀ ਦਲ ਦੀ ਨਵੀਂ ਭਰਤੀ ਅਤੇ ਪੁਨਰ ਉਸਾਰੀ ਦਾ ਆਦੇਸ਼ ਦਿੱਤਾ



ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਕੈਬਨਿਟ ਸਾਥੀਆਂ ਵੱਲੋਂ ਆਪਣੇ ਰਾਜਭਾਗ ਦੌਰਾਨ ਕੀਤੇ ਗਏ ਕਈ ਗੁਨਾਹਾਂ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਲੰਘੀ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸਜ਼ਾ ਸੁਣਾ ਦਿੱਤੀ ਗਈ ਹੈ। ਇਸ ਮੌਕੇ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਅਕਾਲੀ ਦਲ ਦੀਆਂ 2007 ਤੋਂ 2017 ਤੱਕ ਦੀਆਂ ਸਰਕਾਰਾਂ ਵਿੱਚ ਰਹੇ ਕੈਬਨਿਟ ਮੰਤਰੀ, ਅਕਾਲੀ ਦਲ ਦੀ 2015 ਵਾਲੀ ਕੋਰ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੀ 2015 ਵਾਲੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਗਲ਼ਾਂ ਵਿੱਚ ਪੱਲੇ ਪਾ ਕੇ ਅਕਾਲ ਤਖਤ ਸਾਹਿਬ ਦੇ ਸਨਮੁਖ ਪੇਸ਼ ਹੋਏ।

ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿਵਾਉਣ, ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਸਾਹਿਬਾਨ ਨੂੰ ਆਪਣੇ ਘਰ ਬੁਲਾ ਕੇ ਮੁਆਫੀਨਾਮਾ ਦਿਵਾਉਣ, ਸਿੱਖ ਨੌਜਵਾਨਾਂ 'ਤੇ ਤਸ਼ੱਦਦ ਕਰਨ ਅਤੇ ਉਨ੍ਹਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਦੇ ਦੋਸ਼ੀ ਅਫਸਰਾਂ ਨੂੰ ਤਰੱਕੀਆਂ ਦੇਣ ਅਤੇ ਉਨ੍ਹਾਂ ਨੂੰ ਉਚੇ ਅਹੁਦਿਆਂ 'ਤੇ ਨਿਯੁਕਤ ਕਰਨ ਤੇ ਅਕਾਲੀ ਦਲ ਵੱਲੋਂ ਟਿਕਟਾਂ ਦੇਣ ਆਦਿ ਦੋਸ਼ਾਂ ਦੇ ਇਵਜ ਵਜੋਂ ਉਸ ਸਮੇਂ ਦੀ ਅਕਾਲੀ ਕੈਬਨਿਟ ਦੇ ਮੈਂਬਰਾਂ ਨੂੰ ਤਨਖਾਹ ਲਗਾਈ ਗਈ। ਸਿੰਘ ਸਹਿਬਾਨ ਵੱਲੋਂ ਤਲਬ ਕੀਤੇ ਗਏ ਆਗੂਆਂ ਵਿੱਚੋਂ ਉਪਰੋਕਤ ਦੋਸ਼ਾਂ ਦੇ ਫੈਸਲਿਆਂ ਵਿੱਚ ਸ਼ਾਮਲ, ਫੈਸਲਿਆਂ ਦੀ ਹਮਾਇਤ ਕਰਨ ਅਤੇ ਫੈਸਲਿਆਂ ਵੇਲੇ ਖਾਮੋਸ਼ ਰਹਿਣ ਵਾਲੇ ਆਗੂਆਂ ਨੂੰ ਤਿੰਨ ਵੱਖ-ਵੱਖ ਗਰੁੱਪਾਂ ਵਿੱਚ ਵੰਡ ਕੇ ਤਨਖਾਹ ਲਗਾਈ ਗਈ। ਇਸ ਵਿੱਚ ਸੰਗਤ ਲਈ ਬਣੇ ਟੋਇਲਟ ਅਤੇ ਬਾਥਰੂਮ ਸਾਫ ਕਰਨ, ਦਰਬਾਰ ਸਾਹਿਬ ਦੇ ਪਹਿਰੇਦਾਰਾਂ ਵਾਲਾ ਪਹਿਰਾਵਾ ਪਾ ਕੇ ਤੇ ਬਰਛਾ ਫੜ ਕੇ ਸੇਵਾ ਨਿਭਾਉਣ, ਸੰਗਤ ਦੇ ਜੋੜੇ ਸਾਫ ਕਰਨ, ਲੰਗਰ ਵਿੱਚ ਜੂਠੇ ਭਾਂਡੇ ਮਾਂਜਣ, ਝਾੜੂ ਪੋਚਾ ਲਾਉਣ, ਕੀਰਤਨ ਸੁਣਨ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨ ਆਦਿ ਦੀ ਸਜ਼ਾ ਸ਼ਾਮਲ ਹੈ। ਇਸ ਦੌਰਾਨ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਅਕਾਲੀ ਦਲ ਦੇ ਮਰਹੂਮ ਆਗੂ ਅਤੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ, ਫਖ਼ਰ-ਏ-ਕੌਮ ਦਾ ਦਿੱਤਾ ਗਿਆ ਖਿਤਾਬ ਵੀ ਮਨਸੂਖ ਕਰਨ ਦਾ ਫੈਸਲਾ ਕੀਤਾ ਗਿਆ।

ਇੱਕ ਹੋਰ ਮਹੱਤਵਪੂਰਨ ਰਾਜਨੀਤਿਕ ਫੈਸਲੇ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਸਮੂਹਿਕ ਤੌਰ 'ਤੇ ਸਿੱਖ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਆਧਾਰ ਗਵਾ ਚੁੱਕੀ ਹੈ। ਇਸ ਨੂੰ ਆਧਾਰ ਬਣਾ ਕੇ ਉਨ੍ਹਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਹੁਕਮ ਕੀਤਾ ਕਿ ਉਹ ਇਨ੍ਹਾਂ ਸਾਰੇ ਆਗੂਆਂ ਦੇ ਅਸਤੀਫੇ ਪ੍ਰਵਾਨ ਕਰਕੇ ਤਿੰਨ ਦਿਨਾਂ ਦੇ ਅੰਦਰ ਅੰਦਰ ਅਕਾਲ ਤਖਤ ਸਾਹਿਬ 'ਤੇ ਸੂਚਨਾ ਦੇਵੇ। ਉਨ੍ਹਾਂ ਵਰਕਿੰਗ ਕਮੇਟੀ ਅਤੇ ਮੌਜੂਦਾ ਪਾਰਟੀ ਢਾਂਚੇ ਨੂੰ ਭੰਗ ਕਰਕੇ ਅਕਾਲੀ ਦਲ ਦੀ ਨਵੀਂ ਭਰਤੀ ਕਰਨ ਲਈ ਇੱਕ ਕਮੇਟੀ ਦਾ ਵੀ ਗਠਨ ਕੀਤਾ। ਇਸ ਕਮੇਟੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ

⇒ ਬਾਕੀ ਸਫਾ 2 ਉਤੇ ਪੜ੍ਹੋ

### ਸੁਖਬੀਰ ਬਾਦਲ ਨੂੰ ਸਵਾਲ

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ 'ਤੇ ਲੱਗੇ ਦੋਸ਼ ਸਬੰਧੀ ਪੁੱਛਿਆ ਕਿ ਅਕਾਲੀ ਸਰਕਾਰ ਵੇਲੇ ਉਨ੍ਹਾਂ ਸਾਲ 2015 ਦੇ ਪੰਥਕ ਮੁੱਦਿਆਂ, ਜਿਨ੍ਹਾਂ ਕਾਰਨ ਹਜ਼ਾਰਾਂ ਸ਼ਹੀਦੀਆਂ ਹੋਈਆਂ ਸਨ, ਨੂੰ ਉਨ੍ਹਾਂ ਵਿਸਾਰ ਦਿੱਤਾ ਸੀ। ਇਸ ਬਾਰੇ ਉਹ 'ਹਾਂ' ਜਾਂ 'ਨਾਂਹ' ਵਿੱਚ ਜਵਾਬ ਦੇਣ। ਸੁਖਬੀਰ ਬਾਦਲ ਨੇ ਜਦੋਂ ਇਸ ਦੇ ਵਿਸਥਾਰ 'ਚ ਜਾਣ ਦਾ ਯਤਨ ਕੀਤਾ ਤਾਂ ਜਥੇਦਾਰ ਨੇ ਆਖਿਆ ਕਿ ਉਹ ਸਿਰਫ 'ਹਾਂ' ਜਾਂ 'ਨਾਂਹ' ਵਿੱਚ ਜਵਾਬ ਦੇਣ ਤਾਂ ਉਸ ਨੇ ਗੁਨਾਹ ਕਬੂਲ ਕਰਦਿਆਂ 'ਹਾਂ' ਜੀ ਕਿਹਾ। ਦੂਜਾ ਸਵਾਲ ਕਰਦਿਆਂ ਸਿੰਘ ਸਾਹਿਬਾਨ ਨੇ ਕਿਹਾ ਕਿ ਅਤਿਵਾਦ ਵੇਲੇ ਬੇਗੁਨਾਹ ਸਿੱਖਾਂ ਦਾ ਕਤਲ ਕਰਨ ਵਾਲੇ ਅਫਸਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਤਰੱਕੀਆਂ ਦਿੱਤੀਆਂ ਗਈਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਾਰਟੀ ਦੀਆਂ ਟਿਕਟਾਂ ਵੀ ਦਿੱਤੀਆਂ ਗਈਆਂ। ਕੀ ਤੁਸੀਂ ਇਹ ਗੁਨਾਹ ਕੀਤਾ ਹੈ? ਤਾਂ ਸੁਖਬੀਰ ਨੇ 'ਹਾਂ' ਵਿੱਚ ਜਵਾਬ ਦਿੱਤਾ। ਤੀਜਾ ਸਵਾਲ, ਡੇਰਾ ਸਿਰਸਾ ਮੁਖੀ ਖ਼ਿਲਾਫ਼ ਦਰਜ ਕੇਸ ਨੂੰ ਵਾਪਸ ਕਰਵਾਉਣ ਦਾ ਗੁਨਾਹ ਕੀਤਾ ਹੈ ਜਾਂ ਨਹੀਂ? ਦੇ ਜਵਾਬ ਵਿੱਚ ਵੀ ਉਸ ਨੇ 'ਹਾਂ' ਆਖਿਆ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿਵਾਉਣ ਲਈ 2015 'ਚ ਜਥੇਦਾਰਾਂ ਨੂੰ ਚੰਡੀਗੜ੍ਹ ਬੁਲਾਉਣ ਅਤੇ ਉਨ੍ਹਾਂ 'ਤੇ ਪ੍ਰਭਾਵ ਪਾ ਕੇ ਡੇਰਾ ਮੁਖੀ ਨੂੰ ਮੁਆਫ ਕਰਾਉਣ ਦੇ ਜਵਾਬ ਵਿੱਚ ਮੁੜ ਸੁਖਬੀਰ ਬਾਦਲ ਨੇ ਵਿਸਥਾਰ ਵਿੱਚ ਜਾਣ ਦਾ ਯਤਨ ਕੀਤਾ ਤਾਂ ਜਥੇਦਾਰ ਨੇ ਤਾੜਨਾ ਕਰਦਿਆਂ ਉਨ੍ਹਾਂ ਨੂੰ ਆਪਣਾ ਜਵਾਬ 'ਹਾਂ' ਜਾਂ 'ਨਾਂਹ' ਵਿੱਚ ਹੀ ਦੇਣ ਦੀ ਤਾਕੀਦ ਕੀਤੀ। ਉਸ ਨੇ ਇਹ ਗੁਨਾਹ ਵੀ ਕਬੂਲ ਕਰ ਲਿਆ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਸੁਖਬੀਰ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਵਾਸਤੇ ਕੀਤੇ ਗਏ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਕਮੇਟੀ ਦੀ ਗੋਲਕ ਵਿੱਚੋਂ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਜਾਣ ਦਾ ਗੁਨਾਹ ਵੀ ਕਬੂਲ ਕੀਤਾ।










# ਅਕਾਲ ਤਖਤ ਸਾਹਿਬ ਦੀ ਸਰਵਉਚਤਾ ਮੁੜ ਸਥਾਪਤ

## *ਰੂਹਾਨੀ ਤੇ ਨੈਤਿਕ ਸ਼ਕਤੀ ਦਾ ਇੱਕ ਰਹੱਸਮਈ ਪ੍ਰਭਾਵ ਹਰ ਪਾਸੇ ਵਰਤਦਾ ਰਿਹਾ

**ਜਸਵੀਰ ਸਿੰਘ ਸ਼ੀਰੀ**

ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ 2 ਦਸੰਬਰ 2024 ਦਾ ਦਿਨ ਸਿੱਖ ਧਰਮ/ਕੌਮ ਦੇ ਇਤਿਹਾਸ ਵਿੱਚ ਮਹੱਤਵਪੂਰਨ ਹੋ ਗਿਆ ਹੈ। ਸਿਰਫ ਇਸ ਲਈ ਨਹੀਂ ਕਿ ਇਸ ਦਿਨ ਸ੍ਰੀ ਅਕਾਲ ਤਖਤ ਸਾਹਿਬ ਸਾਹਿਬ ਨੇ ਅਕਾਲੀ ਲੀਡਰਸ਼ਿਪ ਨੂੰ ਇਤਿਹਾਸਕ ਗਲਤੀਆਂ ਕਾਰਨ ਸਜ਼ਾ ਲਾਈ; ਸਗੋਂ ਇਸ ਲਈ ਵੀ ਕਿ ਇਸ ਦਿਨ 1984 ਤੋਂ ਬਾਅਦ ਸਿੱਖ ਲੀਡਰਸ਼ਿਪ ਦੇ ਪਿੱਠ ਵਿੱਚ ਪਿਆ ਕੁੱਬ ਸਿੱਧਾ ਕਰ ਦਿੱਤਾ ਗਿਆ ਹੈ। ਸਿੱਖ ਇਤਿਹਾਸ ਵਿੱਚ ਇਹ ਸੱਚਮੁੱਚ ਇੱਕ ਵੱਡਾ ਦਿਨ ਸੀ। ਇਸ ਦਿਨ ਦੀ ਕਹਾਣੀ ਨੂੰ ਆਉਣ ਵਾਲੇ ਸਮੇਂ ਵਿੱਚ ਇੰਜ ਹੀ ਵੇਖਿਆ ਜਾਵੇਗਾ। ਘੱਟੋ-ਘੱਟ ਸਿੱਖਾਂ ਵਿੱਚ, ਭਾਵੇਂ ਰੈਡੀਕਲ ਧਿਰਾਂ ਵੱਲੋਂ ਆਉਣ ਵਾਲੀ ਆਲੋਚਨਾ ਦੀ ਸੰਭਾਵਨਾ ਬਣੀ ਰਹੇਗੀ। ਪੰਜਾਬ ਦੇ ਜਾਂ ਪੰਜਾਬ ਤੋਂ ਬਾਹਰ ਦੇ ਗੈਰ-ਸਿੱਖਾਂ ਦੇ ਵਿਚਾਰ ਇਸ ਤੋਂ ਅਲੱਗ ਹੋ ਸਕਦੇ ਹਨ, ਇੱਥੋਂ ਤੱਕ ਕਿ ਇਸ ਦੇ ਵਿਰੁਧ ਵੀ ਹੋ ਸਕਦੇ ਹਨ। ਅਕਾਲੀ ਆਗੂਆਂ ਕੋਲੋਂ ਕੀਤੀਆਂ ਗਈਆਂ ਆਪਣੀਆਂ ਗਲਤੀਆਂ ਦੇ ਬਾਰੇ ਇਕਬਾਲ ਕਰਵਾਉਣ ਤੋਂ ਪਹਿਲਾਂ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਖੇਪ ਵਿੱਚ 1978 ਤੋਂ ਬਾਅਦ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ 'ਤੇ ਸੰਖੇਪ ਵਿੱਚ ਝਾਤ ਪੁਆਈ। ਇਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਮਾਣ ਮਰਿਯਾਦਾ ਅਤੇ ਸਿੱਖ ਰਹੁ ਰੀਤਾਂ ਦੇ ਮਹੱਤਵ 'ਤੇ ਚਾਨਣਾ ਪਾਉਂਦਿਆਂ ਸਜ਼ਾ ਲਾਉਣ ਦੇ ਅਮਲ ਦੀ ਭੂਮਿਕਾ ਬੰਨ੍ਹੀ। ਫਿਰ ਉਨ੍ਹਾਂ ਇੱਕ-ਇੱਕ ਕਰਕੇ ਅਕਾਲੀ ਆਗੂਆਂ 'ਤੇ ਲੱਗੇ ਦੋਸ਼ ਅਤੇ ਗੁਨਾਹ ਪੜ੍ਹ ਕੇ ਸੁਣਾਏ।

ਸਭ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਹੋਰਾਂ ਦੇ ਖਿਲਾਫ ਇੱਕ-ਇੱਕ ਕਰਕੇ ਦੋਸ਼ ਲਾਏ ਗਏ। ਇਨ੍ਹਾਂ ਵਿੱਚ ਸੌਦਾ ਸਾਧ ਨੂੰ ਮੁਆਫੀ ਦੇਣ, ਸਿੱਖ ਨੌਜੁਆਨਾਂ 'ਤੇ ਪੁਲਿਸ ਤਸ਼ੱਦਦ ਕਰਵਾਉਣ ਅਤੇ ਸਿੱਖਾਂ ਨੂੰ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦੇ ਦੋਸ਼ੀ ਪੁਲਿਸ ਅਫਸਰਾਂ ਨੂੰ ਤਰੱਕੀਆਂ ਦੇਣਾ ਆਦਿ ਸ਼ਾਮਲ ਸਨ। ਥੋੜ੍ਹੀ ਜਿਹੀ ਹਿਚਕਚਾਹਟ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਇਹ ਸਾਰੇ ਦੋਸ਼ ਸਵੀਕਾਰ ਕਰ ਲਏ। ਸਿੰਘ ਸਾਹਿਬ ਨੇ ਦੋਸ਼ੀ ਅਕਾਲੀ ਲੀਡਰਾਂ ਦੇ ਉੱਤਰਾਂ ਨੂੰ ਗੋਲਮੋਲ ਕਰਨ ਦੀਆਂ ਕੋਸ਼ਿਸ਼ਾਂ ਨੂੰ ਆਪਣੇ ਨੈਤਿਕ ਬਲ ਅਤੇ ਡੂੰਘੀ ਧਾਰਮਿਕ ਸੋਝੀ ਨਾਲ ਨਕਾਮ ਕਰ ਦਿੱਤਾ। ਇਸੇ ਤਰ੍ਹਾਂ ਇੱਕ-ਇੱਕ ਕਰਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬਾਕੀ ਸਿੱਖ ਲੀਡਰਾਂ ਦੇ ਗੁਨਾਹ ਵੀ ਪੜ੍ਹ ਕੇ ਸੁਣਾਏ ਅਤੇ ਉਨ੍ਹਾਂ ਨੂੰ ਆਪਣੇ ਗੁਨਾਹ ਸਵੀਕਾਰ ਕਰਨ ਲਈ ਇੱਕ ਰੂਹਾਨੀ ਬਲ ਵੀ ਪ੍ਰਦਾਨ ਕੀਤਾ। ਮਿਸਾਲ ਵਜੋਂ ਸੁਖਬੀਰ ਸਿੰਘ ਬਾਦਲ ਨੇ ਤਕਰੀਬਨ ਹਰ ਗੁਨਾਹ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ 'ਸਾਡੀ ਸਰਕਾਰ ਵੇਲੇ ਬਹੁਤ ਸਾਰੀਆਂ ਭੁੱਲਾਂ ਹੋਈਆਂ ਹਨ।' ਇਹ ਸਤਰਾਂ ਜਦੋਂ ਉਹ ਸ੍ਰੀ ਦਰਬਾਰ ਸਾਹਿਬ ਵਿੱਚ ਆਪਣੇ ਆਪ ਸੇਵਾ ਕਰਕੇ ਗਏ ਸਨ, ਉਦੋਂ ਵੀ ਆਖੀਆਂ ਸਨ। ਇਹੋ ਉਨ੍ਹਾਂ ਨੇ ਹਰ ਸਵਾਲ ਦੇ ਉੱਤਰ ਵਿੱਚ ਆਖਣ ਦਾ ਯਤਨ ਕੀਤਾ; ਪਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਨੂੰ ਹਰ ਵਾਰ ਪ੍ਰੇਰਿਆ ਕਿ "ਇਥੇ ਸੱਚ ਬੋਲੋ, ਤੁਸੀਂ ਭਾਰ ਮੁਕਤ ਹੋ ਜਾਉਗੇ।" "ਇੱਥੇ ਜਿੰਨੇ ਨੀਵੇਂ ਹੋ ਜਾਓਗੇ, ਬਾਹਰ ਉਨੇ ਵੱਡੇ ਹੋ ਜਾਉਗੇ।"

ਇਸ ਤਰ੍ਹਾਂ ਉਨ੍ਹਾਂ ਨੇ ਕੁਝ ਹੋਰ ਲੀਡਰਾਂ ਨਾਲ ਵੀ ਕੀਤਾ। ਇਸ ਨਾਲ ਸਿੱਖ ਆਗੂਆਂ ਦੇ ਆਪਣੇ ਗੁਨਾਹ ਸਵੀਕਾਰਨ ਦੇ ਰਾਹ ਵਿੱਚ ਆ ਰਹੀ ਹਉਮੈ ਦੀ ਕੱਚੀ ਦੀਵਾਰ ਗਿਰਦੀ ਗਈ। ਸਿਰਫ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਨ, ਜਿਨ੍ਹਾਂ ਨੇ ਆਪਣੇ ਗੁਨਾਹ ਸਵੀਕਾਰਨ ਤੋਂ ਪਹਿਲਾਂ ਜਥੇਦਾਰ ਸਾਹਿਬ ਨਾਲ ਲੰਮੀ ਦਲੀਲਬਾਜ਼ੀ ਕੀਤੀ। ਉਨ੍ਹਾਂ ਉਤੇ ਦੋਸ਼ ਸੀ ਕਿ ਉਨ੍ਹਾਂ ਨੇ ਸੌਦਾ ਸਾਧ ਦੀ ਸਜ਼ਾ ਮੁਆਫੀ ਦੀ ਜਨਤਕ ਤੌਰ 'ਤੇ ਹਮਾਇਤ ਕੀਤੀ। ਉਨ੍ਹਾਂ ਵੱਲੋਂ ਉਸ ਮੌਕੇ ਦੀਆਂ ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਜਥੇਦਾਰ ਸਾਹਿਬਨ ਨੇ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਪੜ੍ਹ ਕੇ ਸੁਣਾਈਆਂ, ਤਦ ਵੀ ਚੰਦੂਮਾਜਰਾ ਨੇ ਕਿਹਾ ਕਿ ਇਹ ਖ਼ਬਰਾਂ ਅਖ਼ਬਾਰ ਵਿੱਚ ਉਨ੍ਹਾਂ ਨੂੰ ਪੁੱਛੇ ਬਗੈਰ ਦਿੱਤੀਆਂ ਗਈਆਂ ਸਨ। ਜਥੇਦਾਰ ਰਘਬੀਰ ਸਿੰਘ ਨੇ ਅਗਲਾ ਸਵਾਲ ਕੀਤਾ ਕਿ "ਤੁਸੀਂ ਇਸ ਦਾ ਖੰਡਨ ਕਿਉਂ ਨਹੀਂ ਕੀਤਾ, ਤੁਸੀਂ ਅਨਪੜ੍ਹ ਤਾਂ ਹੈ ਨਹੀਂ ਸੀ!" "ਇਹ ਖੰਡਨ ਨਾ ਕਰਨਾ ਤੁਹਾਡੀ ਗਲਤੀ ਹੈ ਜਾਂ ਨਹੀਂ?" ਪ੍ਰੋ. ਚੰਦੂਮਾਜਰਾ ਦਾ ਸੰਖੇਪ ਜੁਆਬ ਸੀ, "ਹਾਂ ਜੀ ਗਲਤੀ ਹੈ।" ਇਸ 'ਤੇ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਸੰਗਤ ਵੱਲ ਨੂੰ ਮੂੰਹ ਕਰਕੇ ਕਹੋ, ਜੋ ਕਹਿਣਾ ਚਾਹੁੰਦੇ ਹੋ ਅਤੇ ਸਾਰੇ ਪਾਸੇ ਇੱਕ ਗੇੜਾ ਦਿਉ। ਪ੍ਰੋ. ਚੰਦੂਮਾਜਰਾ ਨੇ ਇੰਜ ਕੀਤਾ ਵੀ।

ਵਿੱਚੋਂ ਹੀ ਬੋਲਦਿਆਂ ਸੁੱਚਾ ਸਿੰਘ ਲੰਗਾਹ ਨੇ ਆਵਾਜ਼ ਚੁੱਕੀ ਕਿ 'ਸਿੰਘ ਸਾਹਿਬ ਜੀ, ਅਸੀਂ ਇਨ੍ਹਾਂ ਗੁਨਾਹਾਂ ਲਈ ਸਾਰੇ ਹੀ ਦੋਸ਼ੀ ਹਾਂ, ਸਾਨੂੰ ਸਾਰਿਆਂ ਨੂੰ ਹੀ ਸਜ਼ਾ ਦੇਵੋ।' ਇਸ 'ਤੇ ਸਿੰਘ ਸਾਹਿਬ ਦਾ ਸੰਖੇਪ ਹੁਕਮ ਸੀ, "ਜੋ ਪੁੱਛਿਆ ਜਾ ਰਿਹਾ ਉਸ ਦਾ 'ਹਾਂ' ਜਾਂ 'ਨਾਂਹ' ਵਿੱਚ ਜੁਆਬ ਦਿਓ।" ਫਿਰ ਸੁੱਚਾ ਸਿੰਘ ਲੰਗਾਹ ਚੁੱਪ ਕਰ ਗਏ। ਕੁਝ ਹੋਰ ਆਗੂਆਂ ਨੇ ਵੀ ਇਹੋ ਜਿਹੀਆਂ ਆਵਾਜ਼ਾਂ ਚੁੱਕੀਆਂ, ਪਰ ਸਿੰਘ ਸਾਹਿਬ ਨੇ ਕੋਈ ਧਿਆਨ ਨਹੀਂ ਦਿੱਤਾ। ਮੁੱਖ ਤੌਰ 'ਤੇ ਗਿਆਨੀ ਹਰਪ੍ਰੀਤ ਸਿੰਘ ਅਤੇ ਜਥੇਦਾਰ ਰਘਬੀਰ ਸਿੰਘ ਮਾਨਸਿਕ ਤੌਰ 'ਤੇ ਬੇਹੱਦ ਸਥਿਰ (ਨਾਰਮਲ) ਦਿਸ ਰਹੇ ਸਨ। ਲਗਦਾ ਨਹੀਂ ਸੀ ਕਿ ਉਨ੍ਹਾਂ 'ਤੇ ਕਿਸੇ ਕਿਸਮ ਦਾ ਕੋਈ ਦਬਾਅ ਹੈ; ਜਾਂ ਕਿਸੇ ਦਬਾਅ ਦਾ ਉਨ੍ਹਾਂ ਉਪਰ ਪ੍ਰਭਾਵ ਹੈ। ਸਮਕਾਲੀ ਪਰਿਪੇਖ ਵਿੱਚ ਕੋਈ ਵੀ ਫੈਸਲਾ ਹੋਵੇ, ਕਿਸੇ ਸਿਆਸਤ ਦੇ ਹੱਕ ਵਿੱਚ ਭੁਗਤਦਾ ਹੁੰਦਾ ਹੈ ਅਤੇ ਕਿਸੇ ਦੇ ਵਿਰੋਧ ਵਿੱਚ। ਮੌਜੂਦਾ ਫੈਸਲਿਆਂ ਦੀਆਂ ਵੀ ਕਈ ਸਿਆਸੀ ਅਰਥ-ਸੰਭਾਵਨਾਵਾਂ (ਇੰਪਲੀਕੇਸ਼ਨਜ਼) ਹੋ ਸਕਦੀਆਂ ਹਨ; ਪਰ ਸਿੰਘ ਸਾਹਿਬਾਨ ਦੀ ਇਨ੍ਹਾਂ ਫੈਸਲਿਆਂ ਨੂੰ ਕਿਸੇ ਦੇ ਹੱਕ ਜਾਂ ਵਿਰੋਧ ਵਿੱਚ ਭੁਗਤਾਉਣ ਦੀ ਕੋਈ ਜ਼ਾਹਰਾ ਮਾਨਸਿਕਤਾ ਨਹੀਂ ਸੀ ਦਿਸਦੀ।



ਸਾਰੇ ਸਿੱਖ ਆਗੂਆਂ ਵੱਲੋਂ ਆਪਣੇ ਗੁਨਾਹ ਸਵੀਕਾਰ ਕਰਨ ਤੋਂ ਬਾਅਦ ਅਤੇ ਉਨ੍ਹਾਂ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਪੰਜ ਸਿੰਘ ਸਹਿਬਾਨ ਨੇ ਇੱਕ ਲੰਮੀ ਮੀਟਿੰਗ ਕੀਤੀ। ਤਕਰੀਬਨ ਡੇਢ ਘੰਟਾ ਉਹ ਇਸ ਮੀਟਿੰਗ ਵਿੱਚ ਅਤੇ ਸਟੇਜ ਤੋਂ ਗੈਰ-ਹਾਜ਼ਰ ਰਹੇ। ਉਪਰੰਤ ਉਨ੍ਹਾਂ ਨੇ ਵੱਖ-ਵੱਖ ਆਗੂਆਂ ਨੂੰ ਉਨ੍ਹਾਂ ਦੇ ਗੁਨਾਹਾਂ ਮੁਤਾਬਕ ਸਜ਼ਾ ਸੁਣਾਈ। ਸੰਗਤ ਸੁਖਬੀਰ ਸਿੰਘ ਬਾਦਲ ਨੂੰ ਕੋਈ ਸਖ਼ਤ ਸਜ਼ਾ ਸੁਣਾਉਣ ਦੀ ਉਡੀਕ ਵਿੱਚ ਸੀ। ਜਦੋਂ ਸਿੰਘ ਸਾਹਿਬ ਨੇ ਉਨ੍ਹਾਂ ਨੂੰ 'ਇੱਕ ਘੰਟੇ ਲਈ ਦਰਬਾਰ ਸਾਹਿਬ ਕੈਂਪਸ ਤੋਂ ਬਾਹਰ ਸੰਗਤ ਲਈ ਬਣੀਆਂ ਟੋਇਲਟਾਂ ਸਾਫ ਕਰਨ ਦੀ ਸਜ਼ਾ ਸੁਣਾਈ ਤਾਂ ਇਸ ਅਣਕਿਆਸੀ ਅਤੇ ਅਣਚਿਤਵੀ ਸਜ਼ਾ ਲੱਗਣ 'ਤੇ ਇੱਕ ਤਰ੍ਹਾਂ ਨਾਲ ਖਾਮੋਸ਼ੀ ਛਾ ਗਈ। ਸਿਰਫ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਮਾਈਕ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ ਸਹਿਜ ਅਤੇ ਟਿਕਵੀਂ ਆਵਾਜ਼ ਗੂੰਜ ਰਹੀ ਸੀ। ਮੇਰੇ ਲਾਗੇ ਖੜ੍ਹੇ ਇੱਕ ਮਲਵਈ ਨੌਜੁਆਨ ਦੀ ਆਵਾਜ਼ ਆਈ, "ਸੁਆਦ ਲਿਆ'ਤਾ ਬਈ ਐਂਤਕੀ ਤਾਂ, ਵੱਟ ਕੱਢ 'ਤੇ।" ਇਹ ਨੌਜਵਾਨ ਸੁਖਬੀਰ ਦੀ ਹਮਾਇਤ ਵਿੱਚ ਆਇਆ ਸੀ।

ਮੈਂ ਸਾਰੇ ਇਰਦ-ਗਿਰਦ ਨਿਗਾਹ ਘੁਮਾਈ। ਸੰਗਤ ਦੇ ਚਿਹਰਿਆਂ 'ਤੇ ਅਸਚਰਜਤਾ, ਸੰਤੁਸ਼ਟੀ ਦੇ ਰਲੇ-ਮਿਲੇ ਪ੍ਰਭਾਵ ਸਨ। ਫਿਰ ਕਟਹਿਰੇ ਵਿੱਚ ਖੜ੍ਹੇ ਲੀਡਰਾਂ ਵੱਲ ਨਿਗਾਹ ਗਈ। ਸੁਖਦੇਵ ਸਿੰਘ ਢੀਂਡਸਾ ਤੇ ਸੁਖਬੀਰ ਸਿੰਘ ਬਾਦਲ ਵ੍ਹੀਲ ਚੇਅਰਾਂ 'ਤੇ ਬੈਠੇ ਸਨ ਅਤੇ ਬਾਕੀ ਸਾਰੇ ਆਗੂ ਜ਼ਮੀਨ 'ਤੇ ਚੱਪ ਮਾਰ ਕੇ ਬਿਰਾਜਮਾਨ ਸਨ। ਸੁਖਬੀਰ ਸਿੰਘ ਬਾਦਲ ਨੇ ਤਾਂ ਜਥੇਦਾਰ ਸਹਿਬਾਨ ਦੇ ਸੁਆਲਾਂ ਦੇ ਜੁਆਬ ਦੇਣ ਮੌਕੇ ਹੀ ਮੂੰਹ ਉਪਰ ਚੁੱਕਿਆ। ਬਾਕੀ ਸਮਾਂ ਆਪਣੀ ਠੋਡੀ ਦੇ ਐਨ ਸਾਹਮਣੇ ਦੋਵੇਂ ਹੱਥ ਜੋੜ ਕੇ ਅੱਖਾਂ ਬੰਦ ਕਰਕੇ ਬੈਠੇ ਰਹੇ। ਸੁਖਦੇਵ ਸਿੰਘ ਢੀਂਡਸਾ ਦਾ ਮੂੰਹ ਉਪਰ ਸੀ। ਕਦੀ-ਕਦੀ ਏਧਰ ਓਧਰ ਵੀ ਵੇਖ ਰਹੇ ਸਨ ਅਤੇ ਆਪਣੀ ਖੁੱਲ੍ਹੀ ਦਾਹੜੀ ਦੇ ਵਾਲਾਂ ਦੇ ਸਿਰਿਆਂ ਨੂੰ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਅਤੇ ਅੰਗੂਠੇ ਦੇ ਪੋਟਿਆਂ ਵਿੱਚ ਲੈ ਕੇ ਰਗੜ ਰਹੇ ਸਨ। ਉਨ੍ਹਾਂ ਦਾ ਮੂੰਹ ਤੇ ਅੱਖਾਂ ਖੁੱਲ੍ਹੀਆਂ ਸਨ ਅਤੇ ਚਿਹਰਾ ਇਉਂ ਸੀ ਜਿਵੇਂ ਕੋਈ ਅਣਕਿਆਸਿਆ, ਅਦਭੁੱਤ ਸੁਪਨਾ ਵੇਖ ਰਹੇ ਹੋਣ। ਅਕਾਲ ਤਖਤ ਸਾਹਿਬ ਦੀ ਨਿਰਲੇਪਤਾ ਅਤੇ ਸਿਆਸੀ ਗੁਨਾਹਗਾਰਾਂ 'ਤੇ ਕਮਾਂਡ ਬੇਮਿਸਾਲ ਅਤੇ ਮੁਕੰਮਲ ਸੀ। ਨੈਤਿਕ ਸ਼ਕਤੀ ਦੀ ਇੱਕ ਰਹੱਸਮਈ ਦਇਆ ਵਰਤ ਰਹੀ ਸੀ। ਜਥੇਦਾਰ ਸਾਹਿਬਾਨ ਦਾ ਜਲੌਅ ਵੀ ਅੱਜ ਵੇਖਣ ਵਾਲਾ ਸੀ। ਸਾਰਿਆਂ ਨੂੰ ਸਜ਼ਾ ਸੁਣਾਉਣ ਪਿੱਛੋਂ ਗੁਨਾਹਗਾਰਾਂ ਦੇ ਗਲ਼ਾਂ 'ਚ ਤਖ਼ਤੀਆਂ ਪਾਉਣ ਦਾ ਹੁਕਮ ਵੀ ਗਿਆਨੀ ਰਘਬੀਰ ਸਿੰਘ ਵੱਲੋਂ ਆਇਆ।

**ਪਰਮਜੀਤ ਸਰਨਾ ਦਾ ਰੰਗ ਢੰਗ:** ਦਿੱਲੀ ਦੇ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਦੇ ਸੱਜੇ ਹੱਥ, ਆਮ ਸੰਗਤ ਨੂੰ ਰੋਕਣ ਲਈ ਲੱਗੀ ਹੋਈ ਵਾੜ ਨੂੰ ਫੜੀਂ ਇੱਕ ਕੋਨੇ 'ਤੇ ਖੜ੍ਹੇ ਸਨ। ਜਦੋਂ ਅਕਾਲੀ ਆਗੂਆਂ ਦੇ ਦੋਸ਼ ਸੁਣਾਏ ਜਾ ਰਹੇ ਸਨ ਤਾਂ ਉਨ੍ਹਾਂ ਕਈ ਵਾਰ ਮੁੜ ਕੇ ਸੰਗਤ ਵੱਲ ਵੇਖਿਆ। ਉਨ੍ਹਾਂ ਦਾ ਚਿਹਰਾ ਕਿਸੇ ਗੁਝੀ ਖੁਸ਼ੀ ਨਾਲ ਦਮਕ ਰਿਹਾ ਸੀ, ਭਲਾਂ ਕਿਉਂ? ਮੈਨੂੰ ਤੇ ਪਤਾ ਨਹੀਂ। ਪਰ ਜਦੋਂ ਉਨ੍ਹਾਂ ਦੇ ਭਰਾ ਹਰਵਿੰਦਰ ਸਿੰਘ ਸਰਨਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਵਿਰੁਧ ਯੂਨੀਅਨਬਾਜ਼ੀ ਕਰਨ ਵਰਗੀਆਂ ਟਿੱਪਣੀਆਂ ਕਰਨ ਲਈ ਤਨਖਾਹੀਆ ਕਰਾਰ ਦਿੱਤਾ ਗਿਆ ਤਾਂ ਉਹ ਉਥੋਂ ਖਿਸਕ ਚੁੱਕੇ ਸਨ।

# ਅਕਾਲ ਤਖਤ ਦੀ ਫਸੀਲ ਤੋਂ ਸਜ਼ਾ ਦਾ ਵਰਾਤਾਰਾ

*...ਸਫ਼ਾ ਇੱਕ ਦੀ ਬਾਕੀ ⇒*

ਸਿੰਘ ਧਾਮੀ, ਅਕਾਲੀ ਆਗੂ ਅਤੇ ਪੰਜਾਬ ਅਸੈਂਬਲੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੀ ਬੇਟੀ ਸਤਵੰਤ ਕੌਰ ਸ਼ਾਮਲ ਹਨ।

ਵੱਡੇ ਗੁਨਾਹਾਂ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ ਅਤੇ ਡਾ. ਦਲਜੀਤ ਸਿੰਘ ਚੀਮਾ ਨੂੰ ਬਾਥਰੂਮਾਂ ਅਤੇ ਟੋਇਲਟਾਂ ਦੀ ਸਫਾਈ ਕਰਨ, ਇੱਕ ਘੰਟਾ ਲੰਗਰ ਦੇ ਭਾਂਡੇ ਮਾਂਜਣ, ਇੱਕ ਘੰਟਾ ਕੀਰਤਨ ਸੁਣਨ, ਹਰ ਰੋਜ਼ ਦੇ ਨਿੱਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਤਨਖਾਹ ਲਾਈ ਗਈ ਹੈ। ਉਨ੍ਹਾਂ ਵੱਲੋਂ ਇਹ ਸੇਵਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਦਮਦਮਾ ਸਾਹਿਬ, ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ 2-2 ਦਿਨ ਲਈ ਨਿਭਾਈ ਜਾਵੇਗੀ। ਇਸ ਤੋਂ ਇਲਾਵਾ ਦਸ ਹੋਰ ਆਗੂਆਂ, ਜਿਨ੍ਹਾਂ ਵਿੱਚ ਬੀਬੀ ਜਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਬਿਕਰਮ ਸਿੰਘ ਮਜੀਠੀਆ, ਸੋਹਣ ਸਿੰਘ ਠੰਡਲ, ਮਹੇਸ਼ਇੰਦਰ ਸਿੰਘ ਗਰੇਵਾਲ, ਸ਼ਰਨਜੀਤ ਸਿੰਘ ਢਿੱਲੋਂ, ਚਰਨਜੀਤ ਸਿੰਘ ਅਟਵਾਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਜਮਨੇਜਾ ਸਿੰਘ ਸੇਖੋਂ ਸ਼ਾਮਲ ਹਨ, ਨੂੰ ਇੱਕ ਦਿਨ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਥਰੂਮਾਂ ਦੀ ਸਫਾਈ ਕਰਨ ਅਤੇ ਪੰਜ ਦਿਨ ਲਈ ਆਪਣੇ ਘਰ ਨੇੜੇ ਕਿਸੇ ਵੀ ਗੁਰਦੁਆਰਾ ਸਾਹਿਬ ਵਿੱਚ ਝਾੜੂ ਮਾਰਨ, ਬਰਤਨ ਮਾਂਜਣ, ਪੋਚਾ ਲਾਉਣ ਦੀ ਸੇਵਾ ਕਰਨ ਤੇ ਕੀਰਤਨ ਸੁਣਨ ਦੀ ਤਨਖਾਹ (ਸੇਵਾ) ਲਗਾਈ ਗਈ ਹੈ।

ਇਸ ਤੋਂ ਇਲਾਵਾ ਵਿਚਾਰ ਅਧੀਨ ਗਲਤ ਫੈਸਲਿਆਂ ਵੇਲੇ ਖਾਮੋਸ਼ ਰਹਿਣ ਵਾਲੇ ਆਗੂਆਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਦੀ ਸੇਵਾ (ਤਨਖਾਹ) ਸੁਣਾਈ ਗਈ। ਇੱਕ ਹੋਰ ਮਹੱਤਵਪੂਰਨ ਫੈਸਲੇ ਵਿੱਚ ਸਿੰਘ ਸਾਹਿਬਾਨ ਨੇ ਹੁਕਮ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਕ ਵਿੱਚੋਂ ਸੌਦਾ ਸਾਧ ਦੀ ਮੁਆਫੀ ਦੇ ਪ੍ਰਚਾਰ ਲਈ 95 ਲੱਖ ਦੇ ਇਸ਼ਤਿਹਾਰਾਂ ਦੀ ਰਕਮ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ, ਡਾ. ਦਲਜੀਤ ਸਿੰਘ ਚੀਮਾ ਅਤੇ ਬਲਵਿੰਦਰ ਸਿੰਘ ਭੂੰਦੜ ਤੋਂ ਵਿਆਜ਼ ਸਮੇਤ ਵਸੂਲ ਕੀਤੀ ਜਾਵੇ। ਇਸ ਦੌਰਾਨ ਡਾ. ਉਪਿੰਦਰਜੀਤ ਕੌਰ, ਸੁਖਦੇਵ ਸਿੰਘ ਭੌਰ ਅਤੇ ਮੋਹਨ ਸਿੰਘ ਬੰਗੀ ਵੱਖ-ਵੱਖ ਕਾਰਨਾਂ ਕਰਕੇ ਅਕਾਲ ਤਖਤ ਸਾਹਿਬ ਸਨਮੁਖ ਪੇਸ਼ ਨਹੀਂ ਹੋ ਸਕੇ। ਉਨ੍ਹਾਂ ਦੀ ਸੁਣਵਾਈ ਕਿਸੇ ਹੋਰ ਦਿਨ ਹੋਵੇਗੀ। ਇਸ ਮੌਕੇ ਤਲਬ ਕੀਤੇ ਗਏ ਬਲਵੰਤ ਸਿੰਘ ਰਾਮੂਵਾਲੀਆ, ਮਨਜਿੰਦਰ ਸਿੰਘ ਸਿਰਸਾ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਪਤਿੱਤ ਹੋਣ ਕਾਰਨ ਸੁਣਵਾਈ ਨਹੀਂ ਹੋ ਸਕੀ। ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੀ ਸਕੱਤਰੇਤ ਵਿਖੇ ਆਪਣਾ ਪੱਖ ਸਪਸ਼ਟ ਕਰਨ ਲਈ ਕਿਹਾ ਗਿਆ। ਇਨ੍ਹਾਂ ਆਗੂਆਂ ਦੀ ਸੁਣਵਾਈ ਵੀ ਕਿਸੇ ਹੋਰ ਦਿਨ ਹੋਵੇਗੀ।



**ਹਰਵਿੰਦਰ ਸਿੰਘ ਸਰਨਾ ਤਨਖਾਹੀਆ ਕਰਾਰ:** ਦਿੱਲੀ ਦੇ ਇੱਕ ਸਿੱਖ ਆਗੂ ਹਰਵਿੰਦਰ ਸਿੰਘ ਸਰਨਾ ਨੂੰ ਜਥੇਦਾਰ ਸਾਹਿਬਾਨ 'ਤੇ ਯੂਨੀਅਨਬਾਜ਼ੀ ਕਰਨ ਦੇ ਇਲਜ਼ਾਮ ਲਾਉਣ ਬਦਲੇ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਹੈ। ਵਿਰਸਾ ਸਿੰਘ ਵਲਟੋਹਾ ਨੂੰ ਤਾੜਨਾ ਕੀਤੀ ਗਈ ਕਿ ਉਹ ਜਥੇਦਾਰ ਸਹਿਬਾਨ ਬਾਰੇ ਕੂੜ ਪ੍ਰਚਾਰ ਬੰਦ ਕਰੇ, ਨਹੀਂ ਉਸ ਖਿਲਾਫ ਹੋਰ ਸਖਤ ਕਾਰਵਾਈ ਕੀਤੀ ਜਾਵੇਗੀ। ਤਿੰਨ ਸਾਬਕਾ ਜਥੇਦਾਰਾਂ ਦੇ ਸਪਸ਼ਟੀਕਰਨ ਨੂੰ ਰੱਦ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਗਈਆਂ ਸਾਰੀਆਂ ਸਹੂਲਤਾਂ ਵਾਪਸ ਲੈਣ ਅਤੇ ਜਥੇਦਾਰ ਗੁਰਮੁਖ ਸਿੰਘ ਦੀ ਬਦਲੀ ਅੰਮ੍ਰਿਤਸਰ ਤੋਂ ਬਾਹਰ ਕਰਨ ਦਾ ਹੁਕਮ ਕੀਤਾ ਗਿਆ। ਸਿੰਘ ਸਾਹਿਬ ਨੇ ਕਿਹਾ ਕਿ ਜਿੰਨਾ ਚਿਰ ਤੱਕ ਇਹ ਜਥੇਦਾਰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫੀ ਨਹੀਂ ਮੰਗਦੇ, ਉਨੀ ਦੇਰ ਤੱਕ ਇਨ੍ਹਾਂ ਨੂੰ ਜਨਤਕ ਸਮਾਗਮਾਂ ਵਿੱਚ ਬੋਲਣ ਦਾ ਮੌਕਾ ਨਾ ਦਿੱਤਾ ਜਾਵੇ। ਇਸ ਦੌਰਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਅਕਾਲੀ ਵਰਕਰਾਂ ਨੂੰ 1 ਮਾਰਚ ਤੋਂ 30 ਅਪ੍ਰੈਲ ਤੱਕ ਸਵਾ ਲੱਖ ਬੂਟੇ ਲਗਾਉਣ ਤੇ ਪਾਲਣ ਦਾ ਵੀ ਹੁਕਮ ਦਿੱਤਾ ਗਿਆ। ਅਕਾਲੀ ਆਗੂਆਂ ਨੂੰ ਤਨਖਾਹ ਲਾਉਣ ਸਮੇਂ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਗਿਆਨੀ ਬਲਜੀਤ ਸਿੰਘ ਮੌਜੂਦ ਸਨ।

# ਟਰੰਪ ਦੀ ਦੂਜੀ ਪਾਰੀ ਸੰਸਾਰ ਆਰਥਿਕਤਾ ਨੂੰ ਰਾਸ ਆ ਸਕੇਗੀ?

ਜਨਮੇਜਯਾ ਸਿਨਾਹ
ਚੇਅਰਮੈਨ, ਬੋਸਟਨ ਕਨਸਲਟੈਂਸੀ ਗਰੁੱਪ




ਡੋਨਾਲਡ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਚੁਣੇ ਜਾਣ ਦਾ ਸੰਸਾਰ ਆਰਥਿਕਤਾ 'ਤੇ ਕਿਸ ਕਿਸਮ ਦਾ ਪ੍ਰਭਾਵ ਪਵੇਗਾ? ਮੈਂ ਪੰਜ ਨੀਤੀ ਖੇਤਰਾਂ ਅਤੇ ਪੰਜ ਆਰਥਿਕ ਖੇਤਰਾਂ ਨੂੰ ਨਿਗਾਹ ਵਿੱਚ ਰੱਖ ਕੇ ਇਸ ਮਾਮਲੇ ਵਿੱਚ ਕੁਝ ਵਿਚਾਰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਹੜੇ ਪੰਜ ਨੀਤੀ ਖੇਤਰ ਮੈਂ ਚੁਣੇ ਹਨ, ਉਹ ਹਨ- ਟੈਰਿਫ, ਪਰਵਾਸ (ਇਮੀਗਰੇਸ਼ਨ), ਟੈਕਸ, ਤੇਲ ਤੇ ਕਾਰਬਨ ਨਿਕਾਸੀ ਅਤੇ ਯੂਕਰੇਨ ਜੰਗ। ਗਲੋਬਲ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ 2024 ਵਿੱਚ 105 ਟ੍ਰਿਲੀਅਨ ਡਾਲਰ ਰਹਿਣ ਦੀ ਉਮੀਦ ਹੈ, ਜਿਸ ਵਿੱਚ ਅਮਰੀਕਾ ਦਾ ਹਿੱਸਾ 29.2 ਟ੍ਰਿਲੀਅਨ ਡਾਲਰ, ਯੂਰਪੀਅਨ ਯੂਨੀਅਨ ਦਾ 19.4 ਟ੍ਰਿਲੀਅਨ ਡਾਲਰ, ਚੀਨ ਦਾ 18 ਟ੍ਰਿਲੀਅਨ ਡਾਲਰ, ਜਪਾਨ ਦਾ 4.1 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 3.9 ਟ੍ਰਿਲੀਅਨ ਡਾਲਰ ਰਹਿਣ ਦੀ ਉਮੀਦ ਹੈ। ਇਹ ਸੰਸਾਰ ਦੇ ਕੁੱਲ ਸਾਲਾਨਾ ਘਰੇਲੂ ਉਤਪਾਦ ਦਾ 70 ਫੀਸਦੀ ਬਣਦਾ ਹੈ।

**ਦਰਾਮਦ ਟੈਕਸ (ਟੈਰਿਫ) ਮਾਮਲਾ:** ਆਪਣੀ ਚੋਣ ਮੁਹਿੰਮ ਦੌਰਾਨ ਡੋਨਾਲਡ ਟਰੰਪ ਨੇ ਕਿਹਾ ਸੀ ਕਿ 'ਟੈਰਿਫ' ਡਿਕਸ਼ਨਰੀ ਵਿੱਚ ਬੇਹੱਦ ਖ਼ੂਬਸੂਰਤ ਸ਼ਬਦ ਹੈ। ਉਨ੍ਹਾਂ ਅਮਰੀਕਾ ਵਿੱਚ ਹੋਣ ਵਾਲੀ ਕੁੱਲ ਦਰਾਮਦ 'ਤੇ 10% ਦਰਾਮਦ ਕਰ ਲਗਾਉਣ ਦੀ ਗੱਲ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਚੀਨ ਵਿੱਚ ਪੈਦਾ ਹੋਣ ਵਾਲੇ ਉਤਪਾਦਾਂ ਉੱਪਰ 60% ਦਰਾਮਦ ਟੈਕਸ ਵੀ ਲਗਾਇਆ ਜਾ ਸਕਦਾ ਹੈ। ਪਿਛਲੇ ਹਫਤੇ ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਉਤਪਾਦਾਂ 'ਤੇ 25% ਦਰਾਮਦ ਟੈਕਸ (ਟੈਰਿਫ) ਲਗਾਇਆ ਗਿਆ। ਇਸ ਰਦੇ-ਅਮਲ ਦੇ ਅਮਰੀਕੀ ਆਰਥਿਕਤਾ 'ਤੇ ਮਹੱਤਵਪੂਰਨ ਪ੍ਰਭਾਵ ਪੈਣਗੇ। ਇਸ ਨਾਲ ਗੈਸ, ਕਾਰਾਂ ਅਤੇ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਧ ਜਾਣਗੀਆਂ। ਇਸ ਨਾਲ ਤਤਕਾਲੀ ਫੈਡਰਲ ਰੇਟ ਕੱਟ ਚੱਕਰ 'ਤੇ ਵੀ ਅਸਰ ਪਵੇਗਾ। ਇਸ ਪੱਧਰ ਦੇ ਦਰਾਮਦ ਟੈਕਸ ਨਾਲ ਬਰਾਮਦ ਕਰਤਾ ਮੁਲਕਾਂ- ਚੀਨ, ਜਪਾਨ ਅਤੇ ਮੈਕਸੀਕੋ ਦੇ ਕੁੱਲ ਘਰੇਲੂ ਉਤਪਾਦ 'ਤੇ ਵੀ ਅਸਰ ਪਏਗਾ ਅਤੇ ਇਨ੍ਹਾਂ ਆਰਥਿਕਤਾਵਾਂ ਦੀ ਵਿਕਾਸ ਗਤੀ (ਜੀ.ਡੀ.ਪੀ ਗਰੋਥ) ਧੀਮੀ ਹੋਵੇਗੀ। ਇਸ ਤੋਂ ਵੀ ਅੱਗੇ ਅਜਿਹੀ ਹਾਲਤ ਵਿੱਚ ਜੇ ਅਮਰੀਕਾ ਆਪਣੇ ਦਰਵਾਜ਼ੇ ਭੇੜ ਲੈਂਦਾ ਹੈ ਤਾਂ ਚੀਨ ਨੂੰ ਦੂਜੇ ਮੁਲਕਾਂ ਵਿੱਚ ਆਪਣਾ ਮਾਲ ਸਸਤੇ ਰੇਟਾਂ 'ਤੇ ਵੇਚਣ ਲਈ ਮਜਬੂਰ ਹੋਣਾ ਪਵੇਗਾ।

ਇਸ ਤੋਂ ਇਲਾਵਾ ਯੂਰਪ ਵੀ ਪ੍ਰਭਾਵਤ ਹੋਵੇਗਾ। ਖਾਸ ਕਰਕੇ ਜਰਮਨੀ ਵਰਗੀ ਦਰਾਮਦ ਮੁਖੀ ਆਰਥਿਕਤਾ ਲਾਜ਼ਮੀ ਪ੍ਰਭਾਵਤ ਹੋਵੇਗੀ। ਇਸ ਤੋਂ ਇਲਾਵਾ ਜਪਾਨ ਦੀ ਆਰਥਿਕਤਾ 'ਤੇ ਵੀ ਗਹਿਰਾ ਅਸਰ ਪੈ ਸਕਦਾ ਹੈ। ਚੀਨ ਦੀ ਅਮਰੀਕਾ ਨੂੰ ਦਰਾਮਦ ਘਟਣ ਦੀ ਹਾਲਤ ਵਿੱਚ ਕੁਝ ਦੂਜੇ ਮੁਲਕਾਂ ਲਈ ਆਪਣੀਆਂ ਦਰਾਮਦਾਂ ਵਧਾਉਣ ਦੇ ਮੌਕੇ ਬਣ ਸਕਦੇ ਹਨ; ਪਰ ਫਿਰ ਵੀ ਸਮੁੱਚੇ ਤੌਰ 'ਤੇ ਅਮਰੀਕਾ ਵਿੱਚ ਸਿੱਕੇ ਦੇ ਫੈਲਾਅ ਦੇ ਵਧਣ ਵਾਲੀ ਸਥਿਤੀ ਬਣੀ ਰਹੇਗੀ। ਇਸ ਨਾਲ ਰੇਟ ਕੱਟਸ ਧੀਮੇ ਹੋਣਗੇ ਅਤੇ ਵੱਡੀ ਪੱਧਰ 'ਤੇ ਡਾਲਰ ਅਮਰੀਕਾ ਵੱਲ ਪਰਤੇਗਾ। ਇਸ ਨਾਲ ਯੂਰਪੀਅਨ, ਬਰਤਾਨੀਆ, ਆਸਟ੍ਰੇਲੀਅਨ ਡਾਲਰ ਅਤੇ ਜਪਾਨੀ ਯੈਨ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਕੀਮਤ ਵਿੱਚ ਗਿਰਾਵਟ ਆਵੇਗੀ। ਚੀਨ, ਯੂਰਪ ਅਤੇ ਮੈਕਸੀਕੋ ਨੂੰ ਵੱਡੀ ਆਰਥਕ ਸੱਟ ਪਵੇਗੀ।

**ਪਰਵਾਸ ਦੇ ਮਸਲੇ (ਇਮੀਗਰੇਸ਼ਨ):** ਟਰੰਪ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਗੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਸਿੱਟੇ ਵਜੋਂ ਜੇ ਲੇਬਰ ਮਾਰਕਿਟ ਵਿੱਚ ਕਾਮਿਆਂ ਦੀ ਥੁੜ੍ਹ ਹੋ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧਾ ਹੁੰਦਾ ਹੈ ਤਾਂ ਉਤਪਾਦਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਵੇਗਾ।

**ਟੈਕਸ ਕਟੌਤੀਆਂ:** ਟਰੰਪ ਨੇ ਇਹ ਵਾਅਦਾ ਵੀ ਕੀਤਾ ਹੈ ਕਿ ਜਿਹੜੇ ਟੈਕਸ ਉਸ ਨੇ ਆਪਣੀ ਪਹਿਲੀ ਟਰਮ ਵੇਲੇ ਲਗਾਏ ਸਨ, ਉਨ੍ਹਾਂ ਨੂੰ ਵੀ ਅੱਗੇ ਵਧਾਇਆ ਜਾਵੇਗਾ। ਟਰੰਪ ਨੇ ਕਾਰਪੋਰੇਟ ਟੈਕਸ ਵੀ 20 ਤੋਂ ਘਟਾ ਕੇ 15 ਫੀਸਦੀ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕਾ ਵਿੱਚ ਤਤਕਾਲੀ ਮਾਲੀ ਘਾਟਾ 6 ਫੀਸਦੀ ਹੈ। ਟੈਕਸਾਂ ਵਿੱਚ ਹੋਰ ਕਟੌਤੀ ਕਰਨ ਨਾਲ ਮਾਲੀ ਘਾਟਾ ਹੋਰ ਵਧ ਜਾਵੇਗਾ। ਇਸ ਦੀ ਭਰਪਾਈ ਕਰਨ ਲਈ ਉਸ ਨੇ ਦੋ ਟ੍ਰਿਲੀਅਨ ਡਾਲਰ ਦੇ ਸਰਕਾਰੀ ਖਰਚੇ ਘੱਟ ਕਰਨ ਦੀ ਦਲੀਲ ਦਿੱਤੀ ਹੈ। ਇਸ ਕਾਰਜ ਦੀ ਜ਼ਿੰਮੇਵਾਰੀ ਟਰੰਪ ਨੇ ਐਲਨ ਮਸਕ ਅਤੇ ਵਿਵੇਕ ਰਾਮਾਸਵਾਮੀ ਨੂੰ ਸੰਭਾਲੀ ਹੈ। ਇੰਨੇ ਖਰਚੇ ਘਟਾਉਣੇ ਸ਼ਾਇਦ ਉਨ੍ਹਾਂ ਲਈ ਸੰਭਵ ਨਹੀਂ ਹੋਣਗੇ। ਇਸ ਲਈ 2027 ਤੱਕ ਮਾਲੀ ਘਾਟਾ ਵਧੇਗਾ, ਇਨਫਲੇਸ਼ਨ ਵਧਣ ਦੇ ਅੰਦਾਜ਼ੇ ਤੇਜ਼ ਹੋਣਗੇ। ਬੌਂਡ ਮਾਰਕਿਟ ਵਿੱਚ ਅਫਰਾ-ਤਫਰੀ ਦਾ ਮਾਹੌਲ ਵਧੇਗਾ। ਡਾਲਰ ਕਮਜ਼ੋਰ ਹੋਵੇਗਾ। ਵਿਆਜ਼ ਦਰਾਂ ਤਦ ਘਟਾਉਣ ਦੀ ਬਜਾਏ ਵਧਾਉਣੀਆਂ ਪੈ ਸਕਦੀਆਂ ਹਨ। ਜੇ ਅਮਰੀਕੀ ਫੈਡਰਲ ਰਿਜ਼ਰਵ ਰੇਟ ਵਧਾਏ ਜਾਂਦੇ ਹਨ, ਗਲੋਬਲ ਵਿਆਜ਼ ਦਰਾਂ ਦਾ ਵਾਤਾਵਰਣ ਸਾਰੇ ਪੱਖਾਂ ਤੋਂ ਮੁਸ਼ਕਿਲ ਹੋ ਜਾਵੇਗਾ।

ਇੱਕ ਨਿਵੇਕਲੇ ਵਿਸ਼ੇ ਵਜੋਂ ਵਿਚਾਰਨ ਦਾ ਮਾਮਲਾ ਕਰਿਪਟੋ ਕਰੰਸੀਆਂ ਦਾ ਹੈ। ਐਲਨ ਮਸਕ ਇਸ ਨੂੰ ਪਸੰਦ ਕਰਦਾ ਹੈ। ਇਵੇਂ ਰੂਸ, ਚੀਨ ਅਤੇ ਇਰਾਨ ਵੀ ਅਮਰੀਕੀ ਸੈਂਕਸ਼ਨਾਂ ਦੀ ਮਾਰ ਤੋਂ ਬਚਣ ਲਈ ਕਰਿਪਟੋ ਕਰੰਸੀ ਦੇ ਪੱਖ ਵਿੱਚ ਹਨ। ਇਸ ਲਈ ਕਰਿਪਟੋ ਕਰੰਸੀ ਦਾ ਉਥਾਨ ਹੋ ਸਕਦਾ ਹੈ।

**ਡਰਿਲਿੰਗ ਅਤੇ ਤੇਲ:** ਟਰੰਪ ਦੀਆਂ ਰੈਲੀਆਂ ਵਿੱਚ 'ਡਰਿੱਲ ਬੇਬੀ ਡਰਿੱਲ' ਦਾ ਨਾਹਰਾ ਤਾਂ ਸਭ ਨੇ ਸੁਣਿਆ ਹੀ ਹੋਏਗਾ। ਇਸ ਨੀਤੀ ਨਾਲ ਅਮਰੀਕਾ ਵਿੱਚ ਕੱਚਾ ਤੇਲ ਕੱਢਣ ਦੀ ਮੁਹਿੰਮ ਨੂੰ ਉਗਾਸਾ ਮਿਲੇਗਾ। ਇਸ ਨਾਲ ਅਮਰੀਕਾ ਸਭ ਤੋਂ ਵੱਡਾ ਤੇਲ ਪੈਦਾ ਕਰਨ ਵਾਲਾ ਮੁਲਕ ਬਣ ਜਾਵੇਗਾ। ਜੇ ਯੂਕਰੇਨ ਜੰਗ ਜਲਦੀ ਖਤਮ ਹੋ ਜਾਂਦੀ ਹੈ ਅਤੇ ਰੂਸ 'ਤੇ ਪਾਬੰਦੀਆਂ ਹਟਾ ਲਈਆਂ ਜਾਂਦੀਆਂ ਹਨ ਤਾਂ ਰੂਸ ਦੇ ਤੇਲ ਦੀ ਸਪਲਾਈ ਵੀ ਵਧ ਜਾਵੇਗੀ; ਪਰ ਜੇ ਸਾਊਦੀ ਅਰਬ ਅਤੇ ਦੁਬਈ ਦੇ ਬੱਜਟ ਸੁੰਗੜਦੇ ਹਨ, ਇਸ ਨਾਲ ਉਨ੍ਹਾਂ ਦੀਆਂ ਖਰਚ ਯੋਜਨਾਵਾਂ ਪ੍ਰਭਾਵਤ ਹੋ ਸਕਦੀਆਂ ਹਨ ਅਤੇ ਇਨ੍ਹਾਂ ਮੁਲਕਾਂ ਵਿੱਚ ਪਰਵਾਸੀ ਕਾਮਿਆਂ ਦੀ ਆਮਦ ਘਟੇਗੀ। ਇਨ੍ਹਾਂ ਮੁਲਕਾਂ ਨਾਲ ਅਮਰੀਕਾ ਦੇ ਰਿਸ਼ਤਿਆਂ ਵਿੱਚ ਖਟਾਸ ਆਵੇਗੀ।

ਜੇ ਯੂਰਪ, ਯੂਕਰੇਨ ਦੀ ਮਦਦ ਜਾਰੀ ਰੱਖਦਾ ਹੈ ਤਾਂ ਇਹ ਹੈਰਾਨੀ ਨਹੀਂ ਹੋਏਗੀ ਕਿ ਪ੍ਰਮੁੱਖ ਯੂਰਪੀ ਆਰਥਿਕਤਾਵਾਂ ਅਮਰੀਕਾ ਨੂੰ ਛੱਡ ਕੇ ਚੀਨ ਦੇ ਨਜ਼ਦੀਕ ਚਲੀਆਂ ਜਾਣ। ਜਰਮਨੀ, ਫਰਾਂਸ ਅਤੇ ਇਟਲੀ ਜਿਹੇ ਮੁਲਕਾਂ ਨੇ ਸਸਤੇ ਚੀਨੀ ਮਾਲ ਦਾ ਕਾਫੀ ਲਾਭ ਉਠਾਇਆ ਹੈ। ਇਸ ਹਾਲਤ ਵਿੱਚ ਰੂਸ ਚੀਨ ਦੇ ਮੁਕਾਬਲੇ ਅਮਰੀਕਾ ਦੇ ਨਜ਼ਦੀਕ ਜਾ ਸਕਦਾ ਹੈ। ਇਹ ਅਨੁਮਾਨ ਹੀ ਹੈ, ਪਰ ਵਾਪਰ ਵੀ ਸਕਦਾ ਹੈ। ਮੈਨੂੰ ਇਜ਼ਰਾਇਲ ਅਤੇ ਪੱਛਮੀ ਏਸ਼ੀਆ ਦੀ ਵਿਆਖਿਆ ਕਰਨ ਵਿੱਚ ਔਖ ਹੋ ਰਹੀ ਹੈ। ਟਰੰਪ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਇਜ਼ਰਾਇਲ ਨਾਲ ਹੋਏਗਾ। ਇਸ ਦਾ ਪਹਿਲਾ ਸੰਕੇਤ ਇਹ ਹੈ ਕਿ ਇਜ਼ਰਾਇਲ ਨੇ ਲੈਬਨਾਨ ਵਿੱਚ ਆਪਣਾ ਹੱਥ ਰੋਕ ਲਿਆ ਹੈ। ਇਰਾਨ ਦੀ ਕਮਜ਼ੋਰ ਹੋ ਗਈ ਸਥਿਤੀ ਦੇ ਮੱਦੇਨਜ਼ਰ ਇਹ ਡਿਪਲੋਮੈਟਿਕ ਸਾਧਨਾਂ ਦੀ ਵਰਤੋਂ ਵੱਲ ਵਧੇਰੇ ਝੁਕ ਸਕਦਾ ਹੈ।

ਇਹ ਬਹੁਤ ਘੱਟ ਸੰਭਾਵਨਾ ਹੈ ਕਿ ਟਰੰਪ ਭਾਰਤ ਨਾਲ ਕੋਈ ਤਿੰਨ-ਪੰਜ ਕਰੇਗਾ, ਕਿਉਂਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀਆਂ ਨੂੰ ਪਸੰਦ ਕਰਦਾ ਹੈ; ਪਰ ਇਹਦਾ ਇਹ ਮਤਲਬ ਵੀ ਨਹੀਂ ਕਿ ਉਹ ਭਾਰਤ ਨੂੰ ਆਰਥਿਕ ਮਾਮਲਿਆਂ ਵਿੱਚ ਵਧੇਰੇ ਛੋਟਾਂ ਦੇ ਸਕਦਾ ਹੈ। ਕੁੱਲ ਮਿਲਾ ਕੇ ਭਾਰਤ ਨੂੰ ਘਟੀਆਂ ਤੇਲ ਕੀਮਤਾਂ ਦਾ ਲਾਭ ਮਿਲੇਗਾ। ਦਰਾਮਦ ਕਰਾਂ ਵਿੱਚ ਵਾਧੇ ਕਾਰਨ ਕੁਝ ਭਾਰਤੀ ਦਰਾਮਦਕਾਰ ਆਪਣੇ ਚੀਨੀ ਵਿਰੋਧੀਆਂ ਦੀ ਥਾਂ ਲੈ ਸਕਦੇ ਹਨ; ਪਰ ਇਸ ਦੇ ਸਮਾਨੰਤਰ ਰੂਪ ਵਿੱਚ ਇਹ ਪ੍ਰਾਈਵੇਟ ਸੈਕਟਰ ਦੇ ਅਸਾਸਿਆਂ ਅਤੇ ਠੋਸ ਜਾਇਦਾਦਾਂ ਦੇ ਰੱਖ ਰਖਾਅ, ਸੁਧਾਰ ਅਤੇ ਟੈਕਨਾਲੋਜੀ ਤੇ ਸਾਜ਼ੋ-ਸਮਾਨ 'ਤੇ ਹੋਣ ਵਾਲੇ ਖਰਚ ਨੂੰ ਪ੍ਰਭਾਵਤ ਕਰੇਗਾ।

ਭਾਰਤ ਨੂੰ ਚੀਨ ਤੋਂ ਵਧਵੇਂ ਮਾਲ ਦੀ ਆਮਦ ਲਈ ਤਿਆਰ ਰਹਿਣਾ ਪਵੇਗਾ। ਖਾਸ ਕਰਕੇ ਸਟੀਲ, ਕੈਮੀਕਲ ਅਤੇ ਇਲੈਕਟਰੌਨਿਕਸ ਲਈ। ਜਿਵੇਂ ਕਿ ਨਵੀਡੀਆ ਦੇ ਚੀਫ ਐਗਜ਼ੈਕਟਿਵ ਅਫਸਰ ਜੈਨਸਨ ਹੁਆਂਗ ਨੇ ਕਿਹਾ ਹੈ, ਭਾਰਤ ਨੂੰ ਗਲੋਬਲ ਬੈਕ ਆਫਿਸ ਬਣਨ ਦੀ ਥਾਂ ਆਪਣੇ ਆਪ ਨੂੰ ਅੱਗੇ ਲਿਆਉਣਾ ਚਾਹੀਦਾ ਹੈ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਹਰਾਵਲ ਦਸਤਾ ਬਣਨਾ ਚਾਹੀਦਾ ਹੈ। ਇਹ ਸਾਰੀ ਸਥਿਤੀ ਅਗਲੇ ਸਾਲ ਦੇ ਮੁਢ ਵਿੱਚ ਸਾਫ ਹੋਣ ਲੱਗ ਜਾਏਗੀ। ਇਸ ਦੌਰਾਨ ਚੀਫ ਐਗਜ਼ੈਕਟਿਵ ਅਫਸਰਾਂ ਨੂੰ ਸਤਰਕ ਅਤੇ ਤਿਆਰ ਰਹਿਣਾ ਹੋਏਗਾ ਤਾਂ ਕਿ ਬਦਲ ਰਹੇ ਸੰਸਾਰ ਪਰਿਪੇਖ ਵਿੱਚ ਭਾਰਤ ਆਪਣੇ ਆਪ ਨੂੰ ਤੇਜ਼ੀ ਨਾਲ ਢਾਲ ਸਕੇ।

# ਡਾਲਰ ਦੀ ਬਾਦਸ਼ਾਹਤ ਅਤੇ ਬ੍ਰਿਕਸ ਦੇਸ਼ਾਂ ਦੀ ਮੁਦਰਾ ਪਹੁੰਚ

ਪੰਜਾਬੀ ਪਰਵਾਜ਼ ਫੀਚਰਜ਼

ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਲੰਘੇ ਸਨਿਚਰਵਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਦੇਸ਼ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ 100 ਫੀਸਦੀ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੇ ਨਿਸ਼ਾਨੇ ਉੱਤੇ ਬ੍ਰਿਕਸ ਸਮੂਹ ਦੇ ਨੌਂ ਦੇਸ਼ ਹਨ, ਜਿਨ੍ਹਾਂ ਵਿੱਚ ਭਾਰਤ, ਰੂਸ ਅਤੇ ਚੀਨ ਪ੍ਰਮੁੱਖ ਹਨ। ਇਸ ਸਮੂਹ ਵਿੱਚ ਬ੍ਰਾਜ਼ੀਲ, ਦੱਖਣੀ ਅਫਰੀਕਾ, ਮਿਸਰ, ਇਥੋਪੀਆ, ਸੰਯੁਕਤ ਅਰਬ ਅਮੀਰਾਤ ਅਤੇ ਈਰਾਨ ਵੀ ਸ਼ਾਮਲ ਹਨ। ਮਲੇਸ਼ੀਆ ਅਤੇ ਤੁਰਕੀ ਵਰਗੇ ਦੇਸ਼ਾਂ ਨੇ ਵੀ ਬ੍ਰਿਕਸ ਵਿੱਚ ਸ਼ਾਮਲ ਹੋਣ ਲਈ ਮੈਂਬਰਸ਼ਿਪ ਦੀ ਅਰਜੀ ਦਿੱਤੀ ਹੋਈ ਹੈ।

ਟਰੰਪ ਦਾ ਕਹਿਣਾ ਹੈ ਕਿ ਜੇਕਰ ਬ੍ਰਿਕਸ ਦੇਸ਼ ਕਿਸੇ ਹੋਰ ਕਰੰਸੀ ਦਾ ਸਮਰਥਨ ਕਰਦੇ ਹਨ ਤਾਂ ਉਨ੍ਹਾਂ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਪਰ ਸਵਾਲ ਇਹ ਹੈ ਕਿ ਟਰੰਪ ਇਹ ਧਮਕੀ ਕਿਉਂ ਦੇ ਰਹੇ ਹਨ? ਕੀ ਉਹ ਬ੍ਰਿਕਸ ਰਾਹੀਂ ਰੂਸ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਾਂ ਫਿਰ ਉਹ ਮਜ਼ਬੂਤ ਡਾਲਰ ਦੇ ਕਮਜ਼ੋਰ ਹੋਣ ਤੋਂ ਡਰਦੇ ਹਨ? ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਸਾਂਝੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਲਿਖਿਆ, "ਬ੍ਰਿਕਸ ਦੇਸ਼ਾਂ ਦੀ ਡਾਲਰ ਤੋਂ ਦੂਰ ਜਾਣ ਦੀਆਂ ਕੋਸ਼ਿਸ਼ਾਂ ਨੂੰ ਮੂਕ ਦਰਸ਼ਕ ਬਣ ਕੇ ਦੇਖਣ ਦਾ ਦੌਰ ਹੁਣ ਖਤਮ ਹੋ ਗਿਆ ਹੈ।... ਸਾਨੂੰ ਇਨ੍ਹਾਂ ਦੇਸ਼ਾਂ ਤੋਂ ਇੱਕ ਵਚਨਬੱਧਤਾ ਦੀ ਲੋੜ ਹੈ ਕਿ ਉਹ ਨਾ ਤਾਂ ਇੱਕ ਨਵੀਂ ਬ੍ਰਿਕਸ ਮੁਦਰਾ ਬਣਾਉਣਗੇ, ਨਾ ਹੀ ਮਜ਼ਬੂਤ ਅਮਰੀਕੀ ਡਾਲਰ ਨੂੰ ਬਦਲਣ ਲਈ ਕਿਸੇ ਹੋਰ ਮੁਦਰਾ ਦਾ ਸਮਰਥਨ ਕਰਨਗੇ। ਜੇਕਰ ਉਹ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨੂੰ 100 ਪ੍ਰਤੀਸ਼ਤ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ।"

ਉਨ੍ਹਾਂ ਨੇ ਅੱਗੇ ਲਿਖਿਆ, "ਜੇਕਰ ਬ੍ਰਿਕਸ ਦੇਸ਼ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨੂੰ ਅਮਰੀਕੀ ਅਰਥਵਿਵਸਥਾ ਵਿੱਚ ਆਪਣੇ ਉਤਪਾਦ ਵੇਚਣ ਦੀ ਇਜਾਜ਼ਤ ਨਹੀਂ ਹੋਵੇਗੀ।... ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਅੰਤਰਰਾਸ਼ਟਰੀ ਵਪਾਰ ਵਿੱਚ ਬ੍ਰਿਕਸ ਦੀ ਨਵੀਂ ਮੁਦਰਾ ਅਮਰੀਕੀ ਡਾਲਰ ਦੀ ਥਾਂ ਲੈਣ ਦੇ ਯੋਗ ਹੋਵੇਗੀ; ਪਰ ਜੇਕਰ ਕੋਈ ਵੀ ਦੇਸ਼ ਅਜਿਹਾ ਕਰਦਾ ਹੈ ਤਾਂ ਅਮਰੀਕਾ ਨੂੰ ਉਸ ਦੇਸ਼ ਨੂੰ ਅਲਵਿਦਾ ਕਹਿ ਦੇਵੇਗਾ।"

ਵਿਦੇਸ਼ ਮਾਮਲਿਆਂ ਦੇ ਮਾਹਰ ਅਤੇ 'ਦਿ ਇਮੇਜ ਇੰਡੀਆ ਇੰਸਟੀਚਿਊਟ' ਦੇ ਪ੍ਰਧਾਨ ਰੌਬਿੰਦਰ ਸਚਦੇਵ ਦਾ ਮੰਨਣਾ ਹੈ ਕਿ ਟਰੰਪ ਦੇ ਸੰਦੇਸ਼ ਦਾ ਸਿੱਧਾ ਮਤਲਬ ਇਹ ਹੈ ਕਿ ਅਮਰੀਕਾ ਦੁਨੀਆ 'ਚ ਡਾਲਰ ਦਾ ਦਬਦਬਾ ਬਣਾਈ ਰੱਖਣਾ ਚਾਹੁੰਦਾ ਹੈ। ਅਮਰੀਕੀ ਮੁਦਰਾ ਡਾਲਰ ਦੀ ਪਛਾਣ ਇੱਕ ਗਲੋਬਲ ਮੁਦਰਾ ਵਜੋਂ ਬਣੀ ਹੋਈ ਹੈ। ਡਾਲਰ ਅਤੇ ਯੂਰੋ ਅੰਤਰਰਾਸ਼ਟਰੀ ਵਪਾਰ ਵਿੱਚ ਕਾਫ਼ੀ ਪ੍ਰਸਿੱਧ ਹਨ ਅਤੇ ਵੱਡੇ ਪੱਧਰ 'ਤੇ ਸਵੀਕਾਰ ਵੀ ਕੀਤੇ ਜਾਂਦੇ ਹਨ। ਦੁਨੀਆ ਭਰ ਦੇ ਕੇਂਦਰੀ ਬੈਂਕਾਂ ਵਿੱਚ ਰੱਖੇ ਵਿਦੇਸ਼ੀ ਮੁਦਰਾ ਭੰਡਾਰ ਦਾ ਲਗਭਗ 65 ਪ੍ਰਤੀਸ਼ਤ ਅਮਰੀਕੀ ਡਾਲਰ ਹੈ। ਡਾਲਰ ਦੀ ਮਜ਼ਬੂਤੀ ਅਮਰੀਕੀ ਅਰਥਵਿਵਸਥਾ ਦੀ ਮਜ਼ਬੂਤੀ ਦਾ ਪ੍ਰਤੀਕ ਹੈ। ਇੰਡੀਅਨ ਕੌਂਸਲ ਆਫ ਵਰਲਡ ਅਫੇਅਰਜ਼ ਨਾਲ ਜੁੜੇ ਸੀਨੀਅਰ ਫੈਲੋ ਡਾ. ਫ਼ਜ਼ੁਰ ਰਹਿਮਾਨ ਦਾ ਮੰਨਣਾ ਹੈ ਕਿ ਟਰੰਪ ਨੇ ਕੁਝ ਨਵਾਂ ਨਹੀਂ ਕਿਹਾ, ਕਿਉਂਕਿ ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਦੌਰਾਨ ਵੀ ਅਜਿਹੀਆਂ ਗੱਲਾਂ ਕਹੀਆਂ ਸਨ।

ਚੀਨ ਅਤੇ ਰੂਸ ਨਾਲ ਅਮਰੀਕਾ ਦੇ ਸਬੰਧ ਤਣਾਅਪੂਰਨ ਰਹੇ ਹਨ। ਮਾਹਰਾਂ ਮੁਤਾਬਕ ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਚੀਨ ਅਤੇ ਰੂਸ ਇੱਕ ਦੂਜੇ ਦੇ ਨੇੜੇ ਆ ਗਏ ਹਨ। ਦੋਵੇਂ ਦੇਸ਼ ਅਮਰੀਕਾ ਦੇ ਦਬਦਬੇ ਵਾਲੇ ਵਿਸ਼ਵ ਪ੍ਰਬੰਧ ਨੂੰ ਰੱਦ ਕਰਨ ਅਤੇ ਬਹੁ-ਧਰੁਵੀ ਸੰਸਾਰ ਬਣਾਉਣ ਦੀ ਗੱਲ ਕਰ ਰਹੇ ਹਨ। ਇਹੀ ਕਾਰਨ ਹੈ ਕਿ ਦੋਵੇਂ ਦੇਸ਼ ਪਿਛਲੇ ਲੰਬੇ ਸਮੇਂ ਤੋਂ ਅਮਰੀਕੀ ਕਰੰਸੀ ਡਾਲਰ ਦੀ ਬਾਦਸ਼ਾਹਤ ਨੂੰ ਦੁਨੀਆ ਵਿੱਚ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।

ਇੱਕ ਸਾਲ ਪਹਿਲਾਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਿਹਾ ਸੀ ਕਿ ਉਹ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕੀ ਦੇਸ਼ਾਂ ਨਾਲ ਅਮਰੀਕੀ ਡਾਲਰ ਦੀ ਬਜਾਏ ਚੀਨੀ ਕਰੰਸੀ ਯੁਆਨ 'ਚ ਵਪਾਰ ਕਰਨਾ ਚਾਹੁੰਦੇ ਹਨ। ਚੀਨ ਪਹਿਲਾਂ ਹੀ ਰੂਸ ਨਾਲ ਆਪਣੀ ਮੁਦਰਾ ਯੁਆਨ ਵਿੱਚ ਵਪਾਰ ਕਰ ਰਿਹਾ ਹੈ। ਰੂਸ ਵੀ ਅਜਿਹੀ ਹੀ ਗੱਲ ਕਰ ਰਿਹਾ ਹੈ, ਕਿਉਂਕਿ ਅਮਰੀਕਾ ਅਤੇ ਪੱਛਮੀ ਦੇਸ਼ਾਂ ਨੇ ਉਸ 'ਤੇ ਸਖਤ ਆਰਥਿਕ ਪਾਬੰਦੀਆਂ ਲਾਈਆਂ ਹੋਈਆਂ ਹਨ। ਅਮਰੀਕਾ, ਯੂਰਪੀਅਨ ਯੂਨੀਅਨ, ਬ੍ਰਿਟੇਨ ਅਤੇ ਇਸ ਦੇ ਕਈ ਸਹਿਯੋਗੀ ਦੇਸ਼ਾਂ ਨੇ ਅੰਤਰਰਾਸ਼ਟਰੀ ਭੁਗਤਾਨ ਦੀ ਇੱਕ ਮਹੱਤਵਪੂਰਨ ਪ੍ਰਣਾਲੀ 'ਸਵਿਫਟ' ਤੋਂ ਰੂਸ ਦੇ ਕਈ ਬੈਂਕਾਂ ਨੂੰ ਬਾਹਰ ਕਰ ਦਿੱਤਾ ਹੈ।



ਮਾਹਰਾਂ ਦਾ ਕਹਿਣਾ ਹੈ ਕਿ ਬ੍ਰਿਕਸ ਦੇਸ਼ ਭਾਵੇਂ ਕੋਈ ਵਿਕਲਪਿਕ ਮੁਦਰਾ ਬਣਾਉਣ ਦੇ ਯੋਗ ਨਹੀਂ ਹਨ, ਪਰ ਉਹ ਘੱਟੋ-ਘੱਟ ਇੱਕ ਵਿੱਤੀ ਨੈੱਟਵਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਵਿਫਟ ਬੈਂਕਿੰਗ ਇੰਟਰਨੈਸ਼ਨਲ 'ਤੇ ਅਮਰੀਕਾ, ਯੂਰਪ ਅਤੇ ਪੱਛਮੀ ਦੇਸ਼ਾਂ ਦਾ ਦਬਦਬਾ ਹੈ। ਜਦੋਂ ਕਿਸੇ ਵੀ ਦੇਸ਼ 'ਤੇ ਪਾਬੰਦੀਆਂ ਲਾਈਆਂ ਜਾਂਦੀਆਂ ਹਨ, ਤਾਂ ਉਨ੍ਹਾਂ ਨੂੰ ਇਸ ਪ੍ਰਣਾਲੀ ਤੋਂ ਅਲੱਗ ਕਰ ਦਿੱਤਾ ਜਾਂਦਾ ਹੈ। ਰੂਸ 'ਤੇ ਜਿਸ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਗਈਆਂ ਹਨ, ਉਸ ਨੂੰ ਦੇਖਦੇ ਹੋਏ ਬ੍ਰਿਕਸ ਦੇਸ਼ ਇਹ ਸੋਚ ਰਹੇ ਹਨ ਕਿ ਭਵਿੱਖ 'ਚ ਉਨ੍ਹਾਂ ਦੀ ਬੈਂਕਿੰਗ ਬੰਦ ਨਾ ਹੋ ਜਾਵੇ। ਇਸ ਲਈ ਇਹ ਦੇਸ਼ ਵਿੱਤੀ ਨੈੱਟਵਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਕੁਝ ਪਹਿਲਕਦਮੀਆਂ ਸ਼ੁਰੂ ਹੋ ਗਈਆਂ ਹਨ। ਚੀਨ ਨੇ ਬ੍ਰਾਜ਼ੀਲ ਨਾਲ ਯੁਆਨ ਵਿੱਚ ਇੱਕ ਸੌਦਾ ਕੀਤਾ ਹੈ। ਚੀਨ ਨੇ ਸਾਊਦੀ ਅਰਬ ਨਾਲ ਵੀ ਅਜਿਹਾ ਹੀ ਇੱਕ ਸੌਦਾ ਕੀਤਾ ਹੈ। ਭਾਰਤ ਨੇ ਵੀ ਰੂਸ ਨਾਲ ਅਜਿਹਾ ਹੀ ਸਮਝੌਤਾ ਕੀਤਾ ਹੈ। ਉਂਜ ਡਾਲਰ ਦੇ ਮੁਕਾਬਲੇ ਕਿਸੇ ਵੀ ਮੁਦਰਾ ਨੂੰ ਖੜ੍ਹਾ ਕਰਨਾ ਐਨਾ ਸੌਖਾ ਨਹੀਂ ਹੈ। ਬ੍ਰਿਕਸ ਸਮੂਹ ਦੁਨੀਆ ਦੀ ਲਗਭਗ 41 ਪ੍ਰਤੀਸ਼ਤ ਆਬਾਦੀ ਦੀ ਨੁਮਾਇੰਦਗੀ ਕਰਦਾ ਹੈ। ਵਰਲਡ ਇਕਨਾਮਿਕ ਫੋਰਮ ਅਨੁਸਾਰ ਵਿਸ਼ਵ ਜੀ.ਡੀ.ਪੀ. ਵਿੱਚ ਬ੍ਰਿਕਸ ਦੀ ਹਿੱਸੇਦਾਰੀ ਲਗਭਗ 37 ਪ੍ਰਤੀਸ਼ਤ ਹੈ। ਬ੍ਰਿਕਸ ਵਿੱਚ ਸ਼ਾਮਲ ਯੂ.ਏ.ਈ. ਅਤੇ ਈਰਾਨ ਉਹ ਦੇਸ਼ ਹਨ, ਜੋ ਕੱਚੇ ਤੇਲ ਦੇ ਬਾਜ਼ਾਰ ਵਿੱਚ ਦਬਦਬਾ ਰੱਖਦੇ ਹਨ। ਹਾਲ ਹੀ ਦੇ ਸਾਲਾਂ ਵਿੱਚ ਬ੍ਰਿਕਸ ਦੇਸ਼ ਰਾਸ਼ਟਰੀ ਸੁਰੱਖਿਆ ਤੋਂ ਲੈ ਕੇ ਆਰਥਿਕ ਵਿਕਾਸ ਤੱਕ ਦੇ ਮਾਮਲਿਆਂ ਵਿੱਚ ਅੱਗੇ ਵਧੇ ਹਨ ਅਤੇ ਉਨ੍ਹਾਂ ਨੇ ਇੱਕ ਦੂਜੇ ਦਾ ਸਮਰਥਨ ਵੀ ਕੀਤਾ ਹੈ।

# ਸੁਖਬੀਰ ਸਿੰਘ ਬਾਦਲ ‘ਤੇ ਜਾਨ ਲੇਵਾ ਹਮਲਾ, ਵਾਲ-ਵਾਲ ਬਚੇ

*ਇੱਕ ਗੋਲੀ ਚੱਲੀ, ਕੋਈ ਨਕਸਾਨ ਨਹੀਂ ਹੋਇਆ

ਬੀਤੀ 4 ਦਸੰਬਰ ਨੂੰ ਸਵੇਰੇ ਸੁਖਬੀਰ ਸਿੰਘ ਬਾਦਲ ‘ਤੇ ਇੱਕ ਵਿਅਕਤੀ ਵੱਲੋਂ ਪਸਤੌਲ ਨਾਲ ਹਮਲਾ ਕੀਤਾ ਗਿਆ, ਪਰ ਉਹ ਵਾਲ-ਵਾਲ ਬਚ ਗਏ। ਜਿਸ ਵਕਤ ਸੁਖਬੀਰ ਸਿੰਘ ਬਾਦਲ ‘ਤੇ ਹਮਲਾ ਕੀਤਾ ਗਿਆ, ਉਸ ਸਮੇਂ ਉਹ ਅਕਾਲ ਤਖਤ ਸਾਹਿਬ ਵੱਲੋਂ ਲਗਾਈ ਗਈ ਤਨਖਾਹ ਦੇ ਰੂਪ ਵਿੱਚ ਪਹਿਰੇਦਾਰੀ ਕਰਦੇ ਹੋਏ ਦਰਬਾਰ ਸਾਹਿਬ ਦੇ ਗੇਟ ਦੇ ਬਾਹਰ ਬੈਠੇ ਹੋਏ ਸਨ। ਹਮਲਾਵਰ ਦਾ ਨਾਂ ਨਰਾਇਣ ਸਿੰਘ ਚੌੜਾ ਦੱਸਿਆ ਗਿਆ ਹੈ। ਪੰਜਾਬ ਪੁਲਿਸ ਵੱਲੋਂ ਉਸ ਦਾ ਸੰਬੰਧ ਪਿਛਲੇ ਸਮੇਂ ਵਿੱਚ ਕੁਝ ਖਾਲਿਸਤਾਨੀ ਗਰੁਪਾਂ ਨਾਲ ਦੱਸਿਆ ਗਿਆ ਹੈ।

ਜਿਸ ਵਕਤ ਇਹ ਹਮਲਾ ਕੀਤਾ ਗਿਆ, ਉਸ ਸਮੇਂ ਸੁਖਬੀਰ ਸਿੰਘ ਬਾਦਲ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਮੁੱਖ ਦਰਵਾਜ਼ੇ ਦੇ ਸੱਜੇ ਪਾਸੇ ਕੁਰਸੀ ‘ਤੇ ਬੈਠੇ ਹੋਏ ਸਨ। ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰ (ਪਹਿਰੇਦਾਰ) ਵਾਲਾ ਪਹਿਰਾਵਾ ਪਾਇਆ ਅਤੇ ਬਰਛਾ ਫੜਿਆ ਹੋਇਆ ਸੀ। ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਣ ਤੋਂ ਪਹਿਲਾਂ ਪੈਰ ਧੋਣ ਤੋਂ ਇੱਕ ਦਮ ਬਾਅਦ ਹਮਲਾਵਰ ਨੇ ਸੁਖਬੀਰ ਸਿੰਘ ਬਾਦਲ ‘ਤੇ ਹਮਲਾ ਕਰਨ ਦਾ ਯਤਨ ਕੀਤਾ। ਇੱਕ ਗੋਲੀ ਚੱਲੀ ਵੀ, ਪਰ ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ। ਪੰਜਾਬ ਪੁਲਿਸ ਦੇ ਦੋ ਮੁਲਾਜ਼ਮਾਂ-ਪਰਮਿੰਦਰ ਸਿੰਘ ਅਤੇ ਜਸਵੀਰ ਸਿੰਘ ਵੱਲੋਂ ਫੁਰਤੀ ਨਾਲ ਹਮਲਾਵਰ ਨਰਾਇਣ ਸਿੰਘ ਚੌੜਾ ਨੂੰ ਕਾਬੂ ਕਰ ਲਿਆ ਗਿਆ। ਅੰਮ੍ਰਿਤਸਰ ਦੇ ਪੁਲਿਸ ਮੁਖੀ ਅਰਪਿਤ ਸ਼ੁਕਲਾ ਨੇ ਇੱਕ ਟੈਲੀਵਿਜ਼ਨ ਚੈਨਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਰਾਇਣ ਸਿੰਘ ਚੌੜਾ ਦਾ ਸਬੰਧ ਕਈ ਸਿੱਖ ਖਾੜਕੂ ਜਥੇਬੰਦੀਆਂ ਨਾਲ ਰਿਹਾ ਹੈ। ਉਹ ਚੰਡੀਗੜ੍ਹ ਜੇਲ੍ਹ ਬਰੇਕ ਕੇਸ ਵਿੱਚ ਵੀ ਸ਼ਾਮਲ ਸੀ ਅਤੇ ਬਾਅਦ ਵਿੱਚ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਲੈਕਟਰੌਨਿਕ ਮੀਡੀਆ ‘ਤੇ ਆ ਰਹੀਆਂ ਰਿਪੋਰਟਾਂ ਅਨੁਸਾਰ ਨਰਾਇਣ ਸਿੰਘ ਚੌੜਾ ਨੂੰ 2013 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ 2018 ਵਿੱਚ ਉਹ ਜੇਲ੍ਹ ਤੋਂ ਬਾਹਰ ਆਇਆ ਸੀ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦੌਰਾਨ ਇੱਕ ਬਿਆਨ ਵਿੱਚ ਕਿਹਾ ਕਿ ਇਹ ਹਮਲਾ ਸੁਖਬੀਰ ਸਿੰਘ ਬਾਦਲ ‘ਤੇ ਨਹੀਂ ਹੈ, ਸਗੋਂ ਸ੍ਰੀ



ਦਰਬਾਰ ਸਾਹਿਬ ਦੇ ਬਾਹਰ ਪਹਿਰੇਦਾਰੀ ਦੀ ਸੇਵਾ ਨਿਭਾਅ ਰਹੇ ਇੱਕ ਸੇਵਾਦਾਰ ‘ਤੇ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਘੋਰ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਤਖਤ ਸ੍ਰੀ ਦਮਦਮਾ ਸਾਹਿਬ ਦੇ ਆਗੂ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਘਟਨਾ ਸੰਬੰਧੀ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਕੁਝ ਏਜੰਸੀਆਂ ਨੂੰ ਅਕਾਲ ਤਖਤ ਤੋਂ ਤਨਖਾਹ ਲਾਉਣ ਜਾਂ ਨਾ ਲਾਉਣ ਨਾਲ ਕੋਈ ਮਤਲਬ ਨਹੀਂ ਹੈ, ਉਨ੍ਹਾਂ ਨੂੰ ਸਾਡੇ ਮੀਰੀ-ਪੀਰੀ ਦੇ ਸਕੰਲਪ ਨਾਲ ਨਫਰਤ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਪੰਜਾਬ ਪੁਲਿਸ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਭੰਗ ਨਹੀਂ ਹੋਣ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਅਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਨੇ ਇਸ ਘਟਨਾ ‘ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਅਕਾਲੀ ਲੀਡਰਸ਼ਿੱਪ ਨੂੰ ਇਹ ਤੱਥ ਸਮਝ ਲੈਣਾ ਚਾਹੀਦਾ ਹੈ ਕਿ ਅਤਿਵਾਦੀ ਕਿਸੇ ਦੇ ਮਿੱਤ ਨਹੀਂ ਹੁੰਦੇ।

ਇਸ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ‘ਤੇ ਹਮਲਾ ਬੇਹੱਦ ਨਿੰਦਣਯੋਗ ਹੈ। ਉਨ੍ਹਾਂ ਹੋਰ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਗਈ ਹੈ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਘਟਨਾ ਦੇ ਮੱਦੇਨਜ਼ਰ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਤਰਸਯੋਗ ਹੈ ਅਤੇ ਸਰਕਾਰ ਨੂੰ ਸਾਰੇ ਰਾਜਨੀਤਿਕ ਆਗੂਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਬਿਲਕੁਲ ਸਥਿਰ ਹੈ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੇ ਸਤਰਕਤਾ ਨਾਲ ਹੀ ਸੁਖਬੀਰ ਸਿੰਘ ਬਾਦਲ ‘ਤੇ ਹੋਏ ਹਮਲੇ ਨੂੰ ਬਚਾਇਆ ਹੈ। ਯਾਦ ਰਹੇ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਸਰਕਾਰ ਵੇਲੇ ਕੈਬਨਿਟ ਸਾਥੀ ਰਹੇ ਅਕਾਲੀ ਆਗੂਆਂ ਨੂੰ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਤੋਂ ਤਨਖਾਹ ਲਗਾਈ ਗਈ ਸੀ। ਉਨ੍ਹਾਂ ਦੇ ਸਾਥੀਆਂ ਨੂੰ ਟੋਇਲਟਾਂ ਤੇ ਬਾਥਰੂਮ ਸਾਫ ਕਰਨ ਅਤੇ ਸੁਖਬੀਰ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ ਨੂੰ ਪਹਿਰੇਦਾਰਾਂ ਵਾਲਾ ਪਹਿਰਾਵਾ ਪਾ ਕੇ ਦਰਬਾਰ ਸਾਹਿਬ ਦੇ ਘੰਟਾ ਘਰ ਵਾਲੇ ਗੇਟ ਦੇ ਬਾਹਰ ਸੇਵਾ ਨਿਭਾਉਣ ਦੀ ਤਨਖਾਹ ਨਿਸ਼ਚਤ ਕੀਤੀ ਗਈ ਸੀ। ਉਨ੍ਹਾਂ ਵੱਲੋਂ ਨਿਭਾਈ ਜਾ ਰਹੀ ਇਸ ਸੇਵਾ ਦਾ ਇਹ ਦੂਜਾ ਦਿਨ ਸੀ, ਜਦੋਂ ਉਨ੍ਹਾਂ ‘ਤੇ ਹਮਲਾ ਹੋ ਗਿਆ।

ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪਹਿਲਾਂ ਹੀ ਜੈਡ ਸਿਕਿਉਰਿਟੀ ਪੱਧਰ ਦੀ ਸੁਰੱਖਿਆ ਮਿਲੀ ਹੋਈ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ, ਬੀਬੀ ਜਗੀਰ ਕੌਰ, ਮਹੇਸ਼ਇੰਦਰ ਸਿੰਘ ਗਰੇਵਾਲ, ਬਲਵਿੰਦਰ ਸਿੰਘ ਭੂੰਦੜ, ਜਮਨੇਜਾ ਸਿੰਘ ਸੇਖੋਂ, ਸੁਖਦੇਵ ਸਿੰਘ ਢੀਂਡਸਾ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਸੀਨੀਅਰ ਅਕਾਲੀ ਆਗੂ ਅਕਾਲ ਤਖਤ ਸਾਹਿਬ ਵੱਲੋਂ ਲਗਾਈ ਗਈ ਤਨਖਾਹ ਦੇ ਤਹਿਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਪਣੀ ਸੇਵਾ ਨਿਭਾਅ ਰਹੇ ਹਨ। ਅਗਲੇ ਦਿਨਾਂ ਵਿੱਚ ਉਨ੍ਹਾਂ ਵੱਲੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਮੁਕਤਸਰ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ ਵਿਖੇ 2-2 ਦਿਨ ਆਪਣੀ ਤਨਖਾਹ ਅਨੁਸਾਰ ਸੇਵਾ ਕੀਤੀ ਜਾਣੀ ਹੈ।

ਇਸ ਦਰਮਿਆਨ ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਵੱਲੋਂ ਆਪਣਾ ਵੱਖਰਾ ਅਕਾਲੀ ਗੁੱਟ ਭੰਗ ਕਰ ਦਿੱਤਾ ਗਿਆ ਹੈ ਅਤੇ ਉਹ ਸਾਰੇ ਮਿਲ ਕੇ ਅਕਾਲੀ ਦਲ ਦੀ ਪੁਨਰ ਉਸਾਰੀ ਕਰਨਗੇ। ਸ. ਵਡਾਲਾ ਨੇ ਇਹ ਵੀ ਕਿਹਾ ਕਿ ਅਕਾਲ ਤਖਤ ਸਾਹਿਬ ਵੱਲੋਂ ਸਜ਼ਾ ਲਗਾਏ ਜਾਣ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨਾਲ ਕੋਈ ਰੌਲਾ ਨਹੀਂ ਰਹਿ ਗਿਆ ਹੈ ਅਤੇ ਉਹ ਜਲਦੀ ਹੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਅਕਾਲੀ ਦਲ ਦੀ ਨਵੀਂ ਭਰਤੀ ਦਾ ਕਾਰਜ ਆਰੰਭ ਕਰਨਗੇ। ਉਨ੍ਹਾਂ ਹੋਰ ਕਿਹਾ ਕਿ ਆਪੋ ਆਪਣੀ ਤਨਖਾਹ ਭੁਗਤਣ ਤੋਂ ਬਾਅਦ ਅਕਾਲੀ ਲੀਡਰਸ਼ਿੱਪ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਕੇ ਨਿਕਲੇਗੀ।

# ਕਾਂਗਰਸ ਨੂੰ ਅੰਦਰਲੀ ਫੁੱਟ ਲੈ ਬੈਠੀ; ਭਾਈਵਾਲਾਂ ਦੇ ਪੈਰ ਉਖੜੇ

ਪੰਜਾਬੀ ਪਰਵਾਜ਼ ਬਿਊਰੋ

*ਲੋਕ ਸਭਾ ਚੋਣਾਂ ਵਿੱਚ ਲਈ ਲੀਡ ਵੀ ਗਵਾਈ *ਝਾਰਖੰਡ ‘ਚ ਹੇਮੰਤ ਸੋਰੇਨ ਦਾ ਅਦਿਵਾਸੀ ਪੱਤਾ ਚੱਲਿਆ

ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਪੈਰਾਂ ਸਿਰ ਹੁੰਦੀ ਜਾਪਦੀ ਕਾਂਗਰਸ ਪਾਰਟੀ ਨੂੰ ਮਹਾਰਾਸ਼ਟਰ, ਝਾਰਖੰਡ ਅਤੇ ਦੇਸ਼ ਦੇ ਕਈ ਰਾਜਾਂ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਐਨ.ਡੀ.ਏ. ਗੱਠਜੋੜ ਨੇ ਇੱਕ ਵਾਰ ਫੇਰ ਉਖਾੜ ਦਿੱਤਾ ਹੈ। ਸਭ ਤੋਂ ਅਹਿਮ ਮਹਾਰਾਸ਼ਟਰ ਦੀ ਚੋਣ ਰਹੀ। ਇਹ ਉੱਤਰ ਪ੍ਰਦੇਸ਼ ਪਿੱਛੋਂ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੈ। ਕਾਂਗਰਸ ਪਾਰਟੀ ਅਤੇ ਉਸ ਦਾ ਗੱਠਜੋੜ ਇੰਡੀਆ ਮਈ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਇੱਥੇ ਭਾਜਪਾ ਨੂੰ ਮਾਤ ਦੇਣ ਵਿੱਚ ਕਾਮਯਾਬ ਰਿਹਾ ਸੀ। ਇਸ ਦੇ ਬਾਵਜੂਦ ਵਿਧਾਨ ਸਭਾ ਚੋਣਾਂ ਵਿੱਚ ਇਹ ਗੱਠਜੋੜ ਬੁਰੀ ਤਰ੍ਹਾਂ ਹਾਰ ਗਿਆ ਹੈ।

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐਨ.ਡੀ.ਏ. ਨੇ ਮਹਾਰਾਸ਼ਟਰ ਵਿੱਚ 235 ਸੀਟਾਂ ਜਿੱਤੀਆਂ ਹਨ, ਜਿਨ੍ਹਾਂ ਵਿੱਚ ਭਾਜਪਾ ਨੇ ਇਕੱਲਿਆਂ 132 ਸੀਟਾਂ ‘ਤੇ ਜਿੱਤ ਪ੍ਰਾਪਤ ਕੀਤੀ ਹੈ। ਕਾਂਗਰਸ ਦੀ ਅਗਵਾਈ ਵਾਲਾ ਮਹਾਂ ਅਘਾੜੀ ਗੱਠਜੋੜ ਸਿਰਫ 50 ਸੀਟਾਂ ‘ਤੇ ਸਿਮਟ ਗਿਆ। ਐਨ.ਡੀ.ਏ. ਦੀ ਮਹਾਰਾਸ਼ਟਰ ਵਿੱਚ ਇਹ ਸਭ ਤੋਂ ਵੱਡੀ ਜਿੱਤ ਦੱਸੀ ਜਾ ਰਹੀ ਹੈ। ਭਾਜਪਾ ਦੀ ਭਾਈਵਾਲ ਸ਼ਿਵ ਸੈਨਾ (ਸ਼ਿੰਦੇ ਗੁੱਟ) ਨੇ 57 ਸੀਟਾਂ ‘ਤੇ ਜਿੱਤ ਪ੍ਰਾਪਤ ਕੀਤੀ, ਅਜੀਤ ਪਵਾਰ ਵਾਲੀ ਨੈਸ਼ਨਲ ਕਾਂਗਰਸ ਪਾਰਟੀ ਦੇ ਹੱਥ 41 ਸੀਟਾਂ ਲੱਗੀਆਂ ਅਤੇ ਹੋਰ 5 ਛੋਟੀਆਂ ਪਾਰਟੀਆਂ ਨੂੰ ਮਿਲੀਆਂ। ਦੂਜੇ ਪਾਸੇ ਕਾਂਗਰਸ ਵਾਲੇ ਗੱਠਜੋੜ ਵਿੱਚ ਸ਼ਿਵ ਸੈਨਾ ਊਧਵ ਠਾਕਰੇ ਨੇ 20 ਸੀਟਾਂ ‘ਤੇ ਜਿੱਤ ਪ੍ਰਾਪਤ ਕੀਤੀ। ਕਾਂਗਰਸ ਪਾਰਟੀ ਨੇ ਮਹਾਰਾਸ਼ਟਰ ਵਿੱਚ 101 ਸੀਟਾਂ ‘ਤੇ ਚੋਣ ਲੜੀ ਅਤੇ ਸਿਰਫ 16 ਸੀਟਾਂ ਉਸ ਦੇ ਹੱਥ ਲੱਗੀਆਂ। ਪਾਰਟੀ ਉਨ੍ਹਾਂ ਖੇਤਰਾਂ ਵਿੱਚ ਵੀ ਬੁਰੀ ਤਰ੍ਹਾਂ ਹਾਰੀ, ਜਿਨ੍ਹਾਂ ਵਿੱਚ ਲੋਕ ਸਭਾ ਚੋਣਾਂ ਵੇਲੇ ਜਿੱਤੀ ਸੀ। ਸ਼ਰਦ ਪਵਾਰ ਦੀ ਅਗਵਾਈ ਵਾਲੀ ਨੈਸ਼ਨਲ ਕਾਂਗਰਸ ਪਾਰਟੀ ਨੇ 10 ਸੀਟਾਂ ‘ਤੇ ਜਿੱਤ ਪ੍ਰਾਪਤ ਕੀਤੀ, ਜਦਕਿ ਇਸ ਗੱਠਜੋੜ ਨਾਲ ਜੁੜੀਆਂ ਹੋਰ ਛੋਟੀਆਂ ਪਾਰਟੀਆਂ ਨੇ 4 ਸੀਟਾਂ ‘ਤੇ ਜਿੱਤ ਹਾਸਲ ਕੀਤੀ ਹੈ। ਕੁੱਲ 288 ਸੀਟਾਂ ਵਾਲੀ ਮਹਾਰਾਸ਼ਟਰ ਅਸੈਂਬਲੀ ਵਿੱਚ ਇਨ੍ਹਾਂ ਦੋ ਧੜਿਆਂ ਤੋਂ ਬਾਹਰ ਦੀਆਂ ਪਾਰਟੀਆਂ ਨੂੰ 3 ਸੀਟਾਂ ਹਾਸਲ ਹੋਈਆਂ ਹਨ। ਦੋ ਆਜ਼ਾਦ ਉਮੀਦਵਾਰ ਜਿੱਤੇ, ਜਿਹੜੇ ਕਿਸੇ ਧੜੇ ਵਿੱਚ ਸ਼ਾਮਲ ਨਹੀਂ ਹਨ। ਓਵੇਸੀ ਦੀ ਅਗਵਾਈ ਵਾਲੀ ਏ.ਆਈ.ਐਮ.ਆਈ.ਐਮ. ਨੂੰ ਇੱਕ ਸੀਟ ਪ੍ਰਾਪਤ ਹੋਈ।

ਵੱਖ ਵੱਖ ਪਾਰਟੀਆਂ ਵੱਲੋਂ ਪ੍ਰਾਪਤ ਕੀਤੀ ਗਈ ਵੋਟ ਫੀਸਦੀ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਮਹਾਰਾਸ਼ਟਰ ਅਸੈਂਬਲੀ ਚੋਣਾਂ ਵਿੱਚ ਐਨ.ਡੀ.ਏ. ਨੂੰ 51.3 ਫੀਸਦੀ ਵੋਟਾਂ ਪਈਆਂ। ਕਾਂਗਰਸ ਦੀ ਅਗਵਾਈ ਵਾਲੇ ਐਮ.ਵੀ.ਏ. ਗੱਠਜੋੜ ਨੂੰ 35.4 ਫੀਸਦੀ ਵੋਟ ਪਏ। ਹੋਰ ਛੋਟੀਆਂ ਪਾਰਟੀਆਂ ਤੇ ਆਜ਼ਾਦ ਉਮੀਦਵਾਰ 13.3 ਫੀਸਦੀ ਵੋਟਾਂ ਖਿੱਚ ਗਏ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਦੀ ਕਾਰਗੁਜ਼ਾਰੀ ਵਿੱਚ ਆਈ ਗਿਰਵਾਟ ਨੂੰ ਲੈ ਕੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ 30 ਨਵੰਬਰ ਨੂੰ ਦਿੱਲੀ ਵਿਖੇ ਮੁੱਖ ਪਾਰਟੀ ਦਫਤਰ ਵਿੱਚ ਹੋਈ। ਇਸ ਮੀਟਿੰਗ ਵਿੱਚ ਪਾਰਟੀ ਸੰਗਠਨ ਦੀਆਂ ਕਮਜ਼ੋਰੀਆਂ ਅਤੇ ਕਮੀਆਂ ‘ਤੇ ਚਿੰਤਨ ਮੰਥਨ ਕੀਤਾ ਗਿਆ। ਆਪਣੇ ਇਸ ਮੰਥਨ ਤੋਂ ਬਾਅਦ ਪਾਰਟੀ ਬੁਲਾਰਿਆਂ ਨੇ ਦੱਸਿਆ ਕਿ ਕਾਂਗਰਸ ਪਾਰਟੀ ਦੀ ਅੰਦਰਲੀ ਫੁੱਟ ਹੀ ਪਾਰਟੀ ਦੀ ਹਾਰ ਦਾ ਕਾਰਨ ਬਣੀ। ਪਾਰਟੀ ਨੇ ਇਹ ਵੀ ਦੋਸ਼ ਲਾਇਆ ਕਿ ਮਹਾਰਾਸ਼ਟਰ ਦੀਆਂ ਤਕਰੀਬਨ 80 ਸੀਟਾਂ ‘ਤੇ ਈ.ਵੀ.ਐਮ. ਮਸੀਨਾਂ ਰਾਹੀਂ ਵੋਟਾਂ ਦੀ ਗਿਣਤੀ ਦੇ ਮਾਮਲੇ ਵਿੱਚ ਗੜਬੜ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰਿਆਣਾ ਵਿੱਚ ਵੀ 22 ਵਿਧਾਨ ਸਭਾ ਸੀਟਾਂ ‘ਤੇ ਵੋਟ ਮਸ਼ੀਨਾਂ ਰਾਹੀਂ ਛੇੜ-ਛਾੜ ਕੀਤੀ ਗਈ। ਕਾਂਗਰਸ ਪਾਰਟੀ ਨੇ ਜ਼ੋਰਦਾਰ ਮੰਗ ਕੀਤੀ ਹੈ ਕਿ ਚੋਣਾਂ ਈ.ਵੀ.ਐਮ. ਦੀ ਥਾਂ ਬੈਲਟ ਪੇਪਰ ਉੱਪਰ ਕਰਵਾਈਆਂ ਜਾਣ। ਉਧਰ ਭਾਜਪਾ ਨੇ ਵਿਰੋਧੀ ਪਾਰਟੀਆਂ ਦੇ ਅਜਿਹੇ ਦੋਸ਼ਾਂ ਨੂੰ ਨਿਰ ਆਧਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਕਾਂਗਰਸ ਅਤੇ ਉਸ ਦੇ ਭਾਈਵਾਲ ਜਿੱਤ ਜਾਂਦੇ ਹਨ, ਉਦੋਂ ਈ.ਵੀ.ਐਮ. ਮਸ਼ੀਨਾਂ ਦੀ ਖ਼ਰਾਬੀ ਕਿਉਂ ਨਹੀਂ ਚੇਤੇ ਆਉਂਦੀ! ਭਾਰਤੀ ਚੋਣ ਕਮਿਸ਼ਨ ਨੇ ਵੀ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਈ.ਵੀ.ਐਮ. ਉੱਪਰ ਸ਼ੰਕੇ ਪ੍ਰਗਟ ਕਰਨ ਨੂੰ ਮੰਦਭਾਗਾ ਦੱਸਿਆ। ਚੋਣ ਕਮਿਸ਼ਨ ਨੇ ਕਿਹਾ ਕਿ ਚੋਣਾਂ ਬਿਲਕੁਲ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਗਈਆਂ ਹਨ। ਚੋਣ ਕਮਿਸ਼ਨ ਨੇ ਆਪਣੇ ਅੰਤ੍ਰਿਮ ਜਵਾਬ ਵਿੱਚ ਕਾਂਗਰਸ ਪਾਰਟੀ ਨੂੰ ਸਾਰੇ ਮਾਮਲਿਆਂ ‘ਤੇ ਚਰਚਾ ਕਰਨ ਦਾ ਸੱਦਾ ਵੀ ਦਿੱਤਾ। ਯਾਦ ਰਹੇ, ਕਾਂਗਰਸ ਪਾਰਟੀ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਵੋਟਿੰਗ ਅਤੇ ਗਿਣਤੀ ਨਾਲ ਸੰਬੰਧਤ ਅੰਕੜਿਆਂ ਵਿੱਚ ਗੰਭੀਰ ਖਾਮੀਆਂ ਦਾ ਮੁੱਦਾ ਚੋਣ ਕਮਿਸ਼ਨ ਕੋਲ ਚੁੱਕਿਆ ਸੀ।

ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਸੰਬੰਧੀ ਨਿਰਪੱਖ ਵਿਸ਼ਲੇਸ਼ਕਾਂ ਦਾ ਆਖਣਾ ਹੈ ਕਿ ਚੋਣ ਮੁਹਿੰਮ ਦੇ ਮੁੱਢ ਵਿੱਚ ਦੋਵੇਂ ਗੱਠਜੋੜ ਲੱਗਪਗ ਬਰਾਬਰ ਸਨ। ਦੋਹਾਂ ਧਿਰਾਂ ਨੂੰ 40-40 ਬਾਗੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਹਾਲਤ ਦਰਮਿਆਨ ਜਿੱਥੇ ਭਾਜਪਾ ਦੀ ਅਗਵਾਈ ਵਾਲਾ ਐਨ.ਡੀ.ਏ. ਗੱਠਜੋੜ ਆਪਣੇ ਬਾਗੀਆਂ ਨੂੰ ਮੈਨੇਜ ਕਰਨ ਵਿੱਚ ਕਾਮਯਾਬ ਰਿਹਾ ਅਤੇ ਇੱਕ ਅਨੁਸ਼ਾਸਨ ਵਿੱਚ ਬੱਝੀ ਹੋਈ ਚੋਣ ਮੁਹਿੰਮ ਚਲਾਈ, ਉਥੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਦੇ ਲੀਡਰ ਖੁਲ੍ਹੇਆਮ ਇੱਕ ਦੂਜੇ ਨਾਲ ਖਹਿਬੜਦੇ ਵੇਖੇ ਗਏ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦੀਆਂ ਚੋਣਾਂ ਹਰਿਆਣਾ ਦੇ ਨਾਲ ਹੋਣੀਆਂ ਸਨ, ਪਰ ਚੋਣ ਕਮਿਸ਼ਨ ਨੇ ਇਸ ਰਾਜ ਦੀਆਂ ਚੋਣਾਂ ਲੇਟ ਕਰ ਦਿੱਤੀਆਂ। ਇਸ ਦਰਮਿਆਨ ਭਾਜਪਾ-ਸ਼ਿਵ ਸੈਨਾ ਗੱਠਜੋੜ ਦੀ ਸਰਕਾਰ ਨੇ ਲਾਡਲੀ ਭੈਣ ਸਕੀਮ ਦੇ ਤਹਿਤ ਵੋਟਰਾਂ ਦੇ ਖਾਤਿਆਂ ਵਿੱਚ ਪੰਦਰਾਂ-ਪੰਦਰਾਂ ਸੌ ਰੁਪਏ ਭੇਜ ਦਿੱਤੇ। ਇਸ ਨਾਲ ਔਰਤਾਂ ਦੇ ਇੱਕ ਵੱਡੇ ਵੋਟ ਬੈਂਕ ਨੂੰ ਭਾਜਪਾ ਗੱਠਜੋੜ ਆਪਣੇ ਹੱਕ ਵਿੱਚ ਭੁਗਤਾਉਣ ਵਿੱਚ ਕਾਮਯਾਬ ਰਿਹਾ। ਇਵੇਂ ਮਰਾਠਿਆਂ ਦੀ ਭਾਜਪਾ ਨਾਲ ਨਾਰਾਜ਼ਗੀ ਨੂੰ ਵੀ ਪਾਰਟੀ ਆਗੂਆਂ ਨੇ ਸਮਾਂ ਰਹਿੰਦਿਆਂ ਮੈਨੇਜ ਕਰ ਲਿਆ; ਜਦਕਿ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਵਿੱਚ ਵੋਟਾਂ ਪੈਣ ਵਾਲੇ ਦਿਨ ਤੱਕ ਖਿੱਚੋਤਾਣ ਚਲਦੀ ਰਹੀ।

ਝਾਰਖੰਡ ਵਿੱਚ ਹੇਮੰਤ ਸੋਰੇਨ ਦੀ ਅਗਵਾਈ ਵਾਲੇ ਝਾਰਖੰਡ ਮੁਕਤੀ ਮੋਰਚਾ ਅਤੇ ਕਾਂਗਰਸ ਦੇ ਗੱਠਜੋੜ ਨੇ 56 ਸੀਟਾਂ ‘ਤੇ ਜਿੱਤ ਪ੍ਰਾਪਤ ਕਰਕੇ ਰਾਜ ਵਿੱਚ ਆਪਣੀ ਸਰਕਾਰ ਬਣਾ ਲਈ ਹੈ; ਜਦਕਿ ਭਾਜਪਾ ਵਾਲੇ ਗੱਠਜੋੜ ਦੇ ਹੱਥ 24 ਸੀਟਾਂ ਹੀ ਲੱਗੀਆਂ। ਇੱਕ ਸੀਟ ਆਜ਼ਾਦ ਉਮੀਦਵਾਰ ਜਿੱਤ ਗਿਆ ਹੈ। ਝਾਰਖੰਡ ਵਿਧਾਨ ਸਭਾ ਚੋਣਾਂ ਵਿੱਚ ਝਾਰਖੰਡ ਮੁਕਤੀ ਮੋਰਚਾ ਨੇ 44.3 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ, ਭਾਰਤੀ ਜਨਤਾ ਪਾਰਟੀ ਵਾਲੇ ਗੱਠਜੋੜ ਨੂੰ 38.1 ਫੀਸਦੀ ਵੋਟ ਮਿਲੇ। ਇੱਥੇ ਕਾਂਗਰਸ ਪਾਰਟੀ ਅਤੇ ਉਸ ਦੇ ਭਾਈਵਾਲਾਂ ਨੇ ਸੁਖ ਦਾ ਸਾਹ ਲਿਆ, ਪਰ ਇਸ ਜਿੱਤ ਵਿੱਚ ਵੱਡਾ ਹਿੱਸਾ ਝਾਰਖੰਡ ਮੁਕਤੀ ਮੋਰਚੇ ਦਾ ਹੈ। ਕਾਂਗਰਸ ਪਾਰਟੀ ਨੇ ਜਿੰਨੀਆਂ ਕੁ ਵੀ ਸੀਟਾਂ ਜਿੱਤੀਆਂ, ਝਾਰਖੰਡ ਮੁਕਤੀ ਮੋਰਚਾ ਦੀ ਭਾਈਵਾਲੀ ਦੇ ਆਸਰੇ ਹੀ ਜਿੱਤੀਆਂ ਹਨ।

ਇੱਧਰ ਪੰਜਾਬ ਅਸੈਂਬਲੀ ਲਈ ਹੋਈਆਂ ਜ਼ਿਮਨੀ ਚੋਣਾਂ 2027 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਵੋਟਰਾਂ ਦੇ ਰੁਖ ਬਾਰੇ ਕੋਈ ਕਨਸੋਅ ਨਹੀਂ ਦਿੰਦੀਆਂ; ਪਰ ਫਿਰ ਵੀ ਗਿੱਦੜਬਾਹਾ ਵਿੱਚ ਹਰਦੀਪ ਸਿੰਘ ਡਿੰਪੀ ਦੇ ਜਿੱਤਣ ਨਾਲ ਭਗਵੰਤ ਮਾਨ ਦੀ ਪਾਰਟੀ ‘ਤੇ ਢਿੱਲੀ ਹੋ ਰਹੀ ਪਕੜ ਕੁਝ ਮਜਬੂਤ ਹੋ ਸਕਦੀ ਹੈ। ਯਾਦ ਰਹੇ, ਭਗਵੰਤ ਮਾਨ ਹੀ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਆਮ ਆਦਮੀ ਪਾਰਟੀ ਵਿੱਚ ਲੈ ਕੇ ਆਏ ਸਨ; ਜਦਕਿ ਗੁਰਮੀਤ ਸਿੰਘ ਮੀਤ ਹੇਅਰ ਦੀ ਨੇੜਤਾ ਵਾਲਾ ਉਮੀਦਵਾਰ ਬਰਨਾਲੇ ਵਿੱਚ ਜਿੱਤ ਨਾ ਸਕਿਆ। ਉੱਤਰ ਪ੍ਰਦੇਸ਼ ਵਿੱਚ ਹੋਈਆਂ 9 ਜ਼ਿਮਨੀ ਚੋਣਾਂ ਵਿੱਚ ਭਾਜਪਾ ਨੇ 7 ਸੀਟਾਂ ਜਿੱਤ ਲਈਆਂ ਹਨ ਅਤੇ ਸਮਾਜਵਾਦੀ ਪਾਰਟੀ ਦੇ ਹਿੱਸੇ 2 ਸੀਟਾਂ ਹੀ ਆਈਆਂ ਹਨ। ਇੱਥੇ ਵੀ ਸਮਾਜਵਾਦੀ ਪਾਰਟੀ ਨੇ ਈ.ਵੀ.ਐਮ. ਮਸ਼ੀਨਾਂ ਰਾਹੀਂ ਵੋਟਾਂ ਦੀ ਗਿਣਤੀ ’ਚ ਗੜਬੜ ਕਰਨ ਦੇ ਦੋਸ਼ ਲਾਏ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)



| | |
|---|---|
| ਪਰਵਾਸੀ: | ਮੱਸਿਆਂ ਸਵੇਰ ਦੀ ਵਗੇ, ਪੁੱਤ ਸਹੁਰੇ ਦਾ ਨਜ਼ਰ ਨਾ ਆਵੇ |
| ਪ੍ਰਿਯੰਕਾ: | ਗੁੱਸਾ ਨਾ ਕਰੀਂ ਨੀ ਤੈਨੂੰ ਪਿੱਛੋਂ ਵਾਜ ਮਾਰੀ ਆ |
| ਫੈਸ਼ਨ: | ਬਾਜੂਬੰਦ ਤਾਂ ਬਸ਼ਰਮੀ ਗਹਿਣਾ, ਜੱਫੀ ਪਾਇਆਂ ਛਣਕ ਪਵੇ |
| ਸੁਰਜੀਤ ਪਾਤਰ: | ਤੀਰ ਵਿਛੋੜੇ ਦਾ ਨਰਮ ਕਾਲਜੇ ਲਾਇਆ |
| ਭਾਜਪਾ: | ਗੋਰਾ ਰੰਗ ਨਾ ਕਿਸੇ ਨੂੰ ਰੱਬ ਦੇਵੇ, ਸਾਰਾ ਪਿੰਡ ਵੈਰ ਪੈ ਗਿਆ |
| ਮੋਦੀ: | ਦਿਲ ਦੇ ਕਾਲੇ ਨੂੰ, ਮੋਗਿਓਂ ਕਲੀ ਕਰਾਈਏ |
| ਨਿਤਿਸ਼: | ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ, ਬਾਪੂ ਦੇ ਪਸਿੰਦ ਆ ਗਿਆ |
| ਆਈਲੈਟਸ: | ਮਾਏ ਤੇਰੇ ਮੰਦਰਾਂ ‘ਚੋਂ, ਮੈਨੂੰ ਮਿਲ ਗਿਆ ਦੇਸ਼ ਨਿਕਾਲਾ |
| ਅਮਿੱਤ ਸ਼ਾਹ: | ਕੁੜੀਆਂ ਮੈਨੂ ਮਾਰਨ ਤਾਹਨੇ, ਔਹ ਤੇਰੇ ਘਰ ਵਾਲਾ |
| ਕਿਰਸਾਨੀ: | ਨੌਕਰ ਨੂੰ ਦਈਂ ਬਾਬਾਲਾ, ਹਾਲੀ ਪੁੱਤ ਬਥੇਰੇ |
| ਕੰਗਨਾ ਰਣੌਤ: | ਜਾਂ ਬਾਪੂ ਵਿਆਹ ਕਰ ਦੇ, ਜਾਂ ਚੜ੍ਹ ਜੂੰ ਰੇਲ ਕੁਆਰੀ |
| ਖਾਲਿਸਤਾਨ: | ਘੜਾ ਮੈਂ ਆਪਣਾ ਆਪੇ ਚੱਕ ਲੂੰ, ਖੂਹ ਦੀ ਮੌਣ ‘ਤੇ ਧਰਦੇ |
| ਸ਼ੰਭੂ ਮੋਰਚਾ: | ਮਿੱਤਰਾਂ ਦੇ ਹਲ਼ ਵਗਦੇ, ਰੋਂਦੀ ਕੋਲ ਦੀ ਜਾਵਾਂ |
| ਭਗਵੰਤ ਮਾਨ: | ਬਾਪੂ ਮੈਨੂੰ ਤੋਰੀਂ ਨਾ, ਮੇਰਾ ਕੰਤ ਸੁਣੀਂਦਾ ਕਾਲਾ |
| ਅੰਬਾਨੀ: | ਜੇਠ ਮੇਰਾ ਬੜਾ ਖਚਰਾ, ਮਾਰੇ ਸੈਨਤਾਂ ਮਰ ਜਾਣਾ |
| ਰਾਹੁਲ ਗਾਂਧੀ: | ਮੁੰਡਾ ਪੱਚੀਆਂ ਪਿੰਡਾਂ ਦਾ ਪਟਵਾਰੀ, ਅੱਗੇ ਤੇਰੇ ਭਾਗ ਬੱਚੀਏ |
| ਪੱਛਮੀ ਪੰਜਾਬ: | ਤੇਰੇ ਬਾਝ ਮੇਰਾ ਜੀ ਨ੍ਹੀਂ ਲਗਦਾ, ਸੁੰਨੀ ਹਵੇਲੀ ਗੂੰਜੇ |
| ਪੰਜਾਬ: | ਕੀ ਬਣੂ ਸੰਗਤਾਂ ਦਾ, ਅੱਲਾ ਵਾਹਿਗੁਰੂ ਪਾਤਸ਼ਾਹ ਜਾਣੇ। |

# ਪੀ.ਸੀ.ਐਸ. ਸ਼ਿਕਾਗੋ ਵੱਲੋਂ ਥੈਂਕਸਗਿਵਿੰਗ ਡੇਅ ਪਰੇਡ 'ਚ ਸ਼ਮੂਲੀਅਤ







**ਸ਼ਿਕਾਗੋ:** ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.) ਨੇ ਸ਼ਿਕਾਗੋ ਥੈਂਕਸਗਿਵਿੰਗ ਡੇਅ ਸਬੰਧੀ 90ਵੀਂ ਪਰੇਡ ਵਿੱਚ ਸ਼ਮੂਲੀਅਤ ਕੀਤੀ ਅਤੇ ਸਟੇਟ ਸਟ੍ਰੀਟ 'ਤੇ ਪੰਜਾਬੀ ਭੰਗੜੇ ਤੇ ਸੰਗੀਤ ਦੀ ਧਮਾਲ ਮਚਾਈ। ਪਰੇਡ ਇਡਾ ਬੀ ਵੇਲਜ਼ ਡਰਾਈਵ ਤੋਂ ਸ਼ੁਰੂ ਹੋਈ ਅਤੇ ਲੇਕ ਸਟਰੀਟ 'ਤੇ ਸਮਾਪਤ ਹੋਈ। ਪਰੇਡ ਵਿੱਚ 100 ਤੋਂ ਵੱਧ ਯੂਨਿਟਾਂ ਦੀ ਵਿਭਿੰਨ ਲੜੀ ਸੀ, ਜਿਸ ਵਿੱਚ 20 ਦੇ ਕਰੀਬ ਸਕੂਲ ਮਾਰਚਿੰਗ ਬੈਂਡ, ਪੰਜ ਸ਼ਾਨਦਾਰ ਘੋੜਸਵਾਰ ਯੂਨਿਟ, ਕਈ ਤਿਉਹਾਰੀ ਫਲੋਟਸ, ਡਾਂਸਰ, ਗਾਇਕ ਆਦਿ ਵਿਸ਼ੇਸ਼ ਸਮੂਹ ਸ਼ਾਮਲ ਸਨ। ਪਰੇਡ ਦੌਰਾਨ ਸੈਂਟਾ ਕਲਾਜ਼ ਨੇ ਵੀ ਹਾਜ਼ਰੀ ਭਰੀ। ਰੰਗੀਨ ਪੋਸ਼ਾਕਾਂ ਵਿੱਚ ਨੌਜਵਾਨ ਭੰਗੜਾ ਟੀਮ ਨੇ ਪਰੇਡ ਦੇ ਪੂਰੇ ਰੂਟ ਵਿੱਚ ਭੰਗੜੇ ਦਾ ਪ੍ਰਦਰਸ਼ਨ ਕੀਤਾ। ਇਹ ਟੀਮ ਨਵਜੋਧ ਸਿੰਘ ਬਾਜਵਾ ਦੀ ਕੋਚਿੰਗ ਅਤੇ ਬੱਚਿਆਂ ਦੇ ਮਾਪਿਆਂ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਸੀ। ਇਸ ਤੋਂ ਇਲਾਵਾ ਪੰਜਾਬੀ ਢੋਲੀ ਮਨਮੀਤ ਸਿੰਘ ਨੇ ਢੋਲ 'ਤੇ ਡੱਗਾ ਲਾਇਆ ਅਤੇ ਡੀ.ਜੇ. ਮਿਸ ਭੱਲਾ ਨੇ ਸੰਗੀਤ ਦੀਆਂ ਲਹਿਰਾਂ ਛੇੜੀਆਂ।

ਪੀ.ਸੀ.ਐਸ. ਦੇ ਪ੍ਰਧਾਨ ਮਨਜੀਤ ਸਿੰਘ ਭੱਲਾ ਮੁਤਾਬਕ ਇਸ ਪਰੇਡ ਵਿੱਚ ਸੰਸਥਾ ਸਾਲ 2005 ਤੋਂ ਹਿੱਸਾ ਲੈਂਦੀ ਆ ਰਹੀ ਹੈ। ਇਹ ਮੁੱਖ ਧਾਰਾ ਵਿੱਚ ਸਾਡੇ ਭਾਈਚਾਰੇ ਅਤੇ ਸੱਭਿਆਚਾਰ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕਰਦੀ ਹੈ। ਸੰਸਥਾ ਦੇ ਉਪ ਪ੍ਰਧਾਨ ਨਵਤੇਜ ਸਿੰਘ ਸੋਹੀ ਨੇ ਕਿਹਾ ਕਿ ਇਸ ਪਰੇਡ ਵਿੱਚ ਪੀ.ਸੀ.ਐਸ. ਦੀ ਸ਼ਮੂਲੀਅਤ ਸਾਡੇ ਭਾਈਚਾਰੇ ਅਤੇ ਸੱਭਿਆਚਾਰ ਨੂੰ ਮੁੱਖ ਧਾਰਾ ਵਿੱਚ ਪੇਸ਼ ਕਰਦੀ ਹੈ, ਤੇ ਇਹ ਅਮਰੀਕੀ ਤਿਉਹਾਰਾਂ ਨੂੰ ਸਾਰੇ ਅਮਰੀਕੀਆਂ ਨਾਲ ਇਕਜੁੱਟਤਾ ਨਾਲ ਮਨਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਪੀ.ਸੀ.ਐਸ. ਦੇ ਬੋਰਡ ਆਫ਼ ਗਵਰਨਰ ਅਤੇ ਪਰੇਡ ਕੋਆਰਡੀਨੇਟਰ ਰਾਜਿੰਦਰ ਬੀਰ ਸਿੰਘ ਮਾਗੋ ਨੇ ਕਿਹਾ ਕਿ ਛੁੱਟੀ ਦੀ ਖੁਸ਼ੀ ਮਨਾਉਣ ਲਈ ਫਲੋਟਸ, ਗੁਬਾਰੇ, ਬੈਂਡ ਦੇਖਣ ਅਤੇ ਪਰਿਵਾਰਕ ਡਿਨਰ ਟੇਬਲ 'ਤੇ ਪਰੋਸੇ ਜਾਣ ਵਾਲੇ ਰਵਾਇਤੀ ਟਰਕੀ ਖਾਣੇ ਦਾ ਅਨੰਦ ਲੈਣ ਤੋਂ ਇਲਾਵਾ, ਥੈਂਕਸਗਿਵਿੰਗ ਨੂੰ ਧੰਨਵਾਦ ਕਰਨ ਦੇ ਦਿਨ ਵਜੋਂ ਵੀ ਜਾਣਿਆ ਜਾਂਦਾ ਹੈ। ਇੱਕ ਫਲੋਟ ਦੁਨੀਆ ਦੇ ਕਿਸਾਨਾਂ ਦੇ ਧੰਨਵਾਦ ਵਿੱਚ ਸੀ, ਜੋ ਦੁਨੀਆ ਲਈ ਭੋਜਨ ਉਗਾਉਂਦੇ ਹਨ।

ਪਰੇਡ ਨੂੰ ਪਲੂਟੋ ਟੀ.ਵੀ. 'ਤੇ ਲਾਈਵ ਸਟ੍ਰੀਮ ਕੀਤਾ ਗਿਆ ਸੀ, ਜਿਸ ਨੂੰ ਦੇਸ਼ ਭਰ ਵਿੱਚ ਹਜ਼ਾਰਾਂ ਹੋਰ ਲੋਕਾਂ ਨੇ ਦੇਖਿਆ। ਹਜ਼ਾਰਾਂ ਸੈਲ ਫ਼ੋਨ ਤਸਵੀਰਾਂ ਖਿੱਚਣ, ਵੀਡੀਓ ਬਣਾਉਣ ਅਤੇ ਫੇਸਬੁੱਕ ਲਾਈਵ ਕਰਨ ਦੀ ਕਾਰਵਾਈ ਵਿੱਚ ਰੁੱਝੇ ਹੋਏ ਸਨ। ਠੰਡ ਦੇ ਬਾਵਜੂਦ ਹਜ਼ਾਰਾਂ ਦਰਸ਼ਕਾਂ ਨੇ ਪਰੇਡ ਵਿੱਚ ਹਿੱਸਾ ਲਿਆ ਅਤੇ ਇਸ ਦੇ ਨਜ਼ਾਰਿਆਂ ਨੂੰ ਮਾਣਿਆ। ਇਸ ਸਾਲਾਨਾ ਪਰੇਡ ਵਿੱਚ ਇੱਕ ਬਹੁ-ਸੱਭਿਆਚਾਰਕ ਫੋਕਸ ਹੈ। ਪਰੇਡ ਦੌਰਾਨ ਸ਼ਿਕਾਗੋ ਵਿੱਚ ਵਿਭਿੰਨਤਾ ਦੇ ਸਾਰੇ ਰੰਗਾਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਅਤੇ ਇਹ ਸੱਭਿਆਚਾਰਾਂ ਨੂੰ ਸਾਂਝਾ ਕਰਨ ਤੇ ਮਨਾਉਣ ਦਾ ਇੱਕ ਮੌਕਾ ਹੈ। ਸਟੇਟ ਸਟ੍ਰੀਟ 'ਤੇ ਪਰੇਡ ਦੇ ਨਜ਼ਾਰਿਆਂ ਨੇ ਦਰਸ਼ਕਾਂ ਨੂੰ ਪਰੰਪਰਾਵਾਂ ਦੀ ਕਦਰ ਕਰਨ ਦਾ ਮੌਕਾ ਦਿੱਤਾ, ਜੋ ਲੋਕਾਂ ਨੂੰ ਇਕਜੁੱਟ ਕਰਦੀ ਹੈ।

ਇਸ ਸਾਲ ਸ਼ਿਕਾਗੋ ਥੈਂਕਸਗਿਵਿੰਗ ਪਰੇਡ ਲਈ ਵਿਸ਼ੇਸ਼ ਮਹਿਮਾਨਾਂ ਵਿੱਚ ਲਿਨ ਵਿਟਫੀਲਡ ਸ਼ਾਮਲ ਸੀ, ਜਿਸਨੂੰ ਦ ਜੋਸਫਾਈਨ ਬੇਕਰ ਸਟੋਰੀ (1991) ਵਿੱਚ ਉਸਦੀ ਭੂਮਿਕਾ ਲਈ ਐਮੀ ਮਿਲੀ ਸੀ। ਇਸ ਸਾਲ ਦੀ ਪਰੇਡ ਲਈ ਮੇਜ਼ਬਾਨ ਰਾਕ 95.5 ਸ਼ਖਸੀਅਤਾਂ ਸਨ: ਐਂਜੀ ਟੇਲਰ ਮਾਰਨਿੰਗ ਸ਼ੋਅ ਹੋਸਟ ਮੈਰਿਸ ਅਤੇ ਦੇਰ ਰਾਤ ਦੇ ਸ਼ੋਅ ਦੀ ਮੇਜ਼ਬਾਨ ਮਾਰੀਆ ਪਾਮਰ।

ਜ਼ਿਕਰਯੋਗ ਹੈ ਕਿ ਸ਼ਿਕਾਗੋ ਦੀ ਥੈਂਕਸਗਿਵਿੰਗ ਡੇਅ ਪਰੇਡ 1934 ਵਿੱਚ ਸ਼ੁਰੂ ਹੋਈ ਸੀ, ਜਦੋਂ ਇਸਨੂੰ ਕ੍ਰਿਸਮਸ ਕਾਰਵੇਨ ਕਿਹਾ ਜਾਂਦਾ ਸੀ। ਪਰੇਡ ਮਹਾਨ ਉਦਾਸੀ ਦੁਆਰਾ ਪੀੜਤ ਲੋਕਾਂ ਦੇ ਹੌਸਲੇ ਨੂੰ ਉਚਾ ਚੁੱਕਣ ਵਿੱਚ ਮਦਦ ਕਰਨ ਲਈ ਬਣਾਈ ਗਈ ਸੀ। ਇਸ ਪਿਆਰੀ ਪਰੰਪਰਾ ਨੂੰ ਹੁਣ ਤੱਕ ਜਾਰੀ ਰੱਖਿਆ ਗਿਆ ਹੈ। 2007 ਵਿੱਚ ਪਰੇਡ ਨੂੰ ਪਹਿਲੀ ਵਾਰ ਟੈਲੀਵਿਜ਼ਨ ਕੀਤਾ ਗਿਆ ਸੀ, ਜਿਸ ਨੂੰ ਦੇਸ਼ ਭਰ ਦੇ ਦਰਸ਼ਕਾਂ ਲਈ ਪ੍ਰਸਾਰਿਤ ਕੀਤਾ ਗਿਆ ਸੀ। ਰੇਟਿੰਗਾਂ ਦੇ ਮਾਮਲੇ ਵਿੱਚ ਇਹ ਸੰਯੁਕਤ ਰਾਜ ਅਮਰੀਕਾ ਵਿੱਚ ਥੈਂਕਸਗਿਵਿੰਗ ਦਿਵਸ 'ਤੇ ਦੂਜੀ ਸਭ ਤੋਂ ਵੱਡੀ ਟੈਲੀਵਿਜ਼ਨ ਪਰੇਡ ਹੈ।

## ਪੀ.ਸੀ.ਐਸ. ਦੇ ਆਗਾਮੀ ਸਮਾਗਮ

### 'ਡਰਾਇੰਗ ਮੁਕਾਬਲਾ'

5 ਸਾਲ ਤੋਂ 16 ਸਾਲ ਦੀ ਉਮਰ ਦੇ ਬੱਚਿਆਂ ਲਈ 'ਪੀ.ਸੀ.ਐਸ. ਡਰਾਇੰਗ ਮੁਕਾਬਲਾ' ਸ਼ਨੀਵਾਰ, 18 ਜਨਵਰੀ 2025 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਇਹ ਮੁਕਾਬਲੇ 'ਨੈਸ਼ਨਲ ਇੰਡੀਆ ਹੱਬ' (930 ਂਅਟੋਨਿਅਲ ਫਅਰਕੱਐਂਚਹਅੁਮਬੁਰਗ, ਼ੀ, 60173) ਵਿਖੇ ਹੋਣਗੇ। ਦੁਪਹਿਰ ਦਾ ਖਾਣਾ ਵੀ ਪਰੋਸਿਆ ਜਾਵੇਗਾ। 5-10 ਸਾਲ ਉਮਰ ਵਰਗ ਅਤੇ 11-16 ਸਾਲ ਉਮਰ ਵਰਗ ਦੇ ਜੇਤੂਆਂ ਨੂੰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤਾ ਜਾਵੇਗਾ। ਭਾਗੀਦਾਰ ਪੀ.ਸੀ.ਐਸ. ਦੀ ਵੈੱਬਸਾਈਟ www.pcschicago.org 'ਤੇ ਰਜਿਸਟਰ ਕਰ ਸਕਦੇ ਹਨ।

### ਰੰਗਲਾ ਪੰਜਾਬ 2025

ਵਿਸਾਖੀ ਦੇ ਤਿਉਹਾਰ ਨੂੰ ਮਨਾਉਣ ਲਈ 'ਰੰਗਲਾ ਪੰਜਾਬ 2025' ਸ਼ਨੀਵਾਰ, 26 ਅਪ੍ਰੈਲ 2025 ਨੂੰ ਕੋਪਰਨਿਕਸ ਸੈਂਟਰ (5216 ਵੈਸਟ ਲਾਰੈਂਸ ਐਵੇਨਿਊ, ਸ਼ਿਕਾਗੋ) ਵਿਖੇ ਕਰਵਾਇਆ ਜਾਵੇਗਾ। ਇਸ ਸਬੰਧੀ ਪੀ.ਸੀ.ਐਸ. ਨੇ ਪੇਸ਼ਕਾਰੀ ਕਲਾ, ਸੰਗੀਤ, ਗੀਤ, ਗਿੱਧਾ ਅਤੇ ਭੰਗੜਾ ਨਾਚਾਂ ਦਾ ਪੰਜਾਬੀ ਸੱਭਿਆਚਾਰਕ ਵੰਨ-ਸੁਵੰਨਤਾ ਪ੍ਰੋਗਰਾਮ ਪ੍ਰਦਰਸ਼ਿਤ ਕਰਨ ਲਈ ਕੋਆਰਡੀਨੇਟਰਾਂ ਅਤੇ ਭਾਗੀਦਾਰਾਂ ਨੂੰ ਟੀਮਾਂ ਬਣਾਉਣੀਆਂ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਆਈਟਮ ਦੀ ਰਜਿਸਟ੍ਰੇਸ਼ਨ ਦਸੰਬਰ ਮਹੀਨੇ ਹੀ ਸੰਸਥਾ ਦੀ ਵੈਬਸਾਈਟ (www.pcschicago.org) ਉਤੇ ਸ਼ੁਰੂ ਹੋ ਜਾਵੇਗੀ।




Harminder Kaur
Realtor
Cell: 224-848-2686
harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540
COLDWELL BANKER | REALTY
Owned by a subsidiary of Anywhere Advisors LLC.

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life
Social: Instagram
Facebook
Youtube: djrjbmusic
Website: djrjbmusic.com
Ph: 630-770-0007

RBS
Raja Bollywood Studio
Prop. Sunny Bagga
USA M. +1 331-230-9179
INDIA M:- 98141-00239 , 98142-00239
E-Mail:- rajabollywoodstudio2@gmail.com
rajabollywoodstudio YouTube Raja Bollywood Studio

# ਹਿਜ਼ਬੁੱਲਾ ਤੇ ਇਜ਼ਰਾਇਲ ਵਿਚਾਲੇ ਸਮਝੌਤਾ, ਪਰ ਹਮਲੇ ਜਾਰੀ

***ਸੰਯੁਕਤ ਰਾਸ਼ਟਰ ਅਮਨ-ਕਾਨੂੰਨ ਦੀ ਜ਼ਿੰਮੇਵਾਰੀ ਸੰਭਾਲੇ-ਇਜ਼ਰਾਇਲ      *ਹਮਾਸ ਵੱਲੋਂ ਵੀ ਜੰਗ ਬੰਦੀ ਲਈ ਅਪੀਲ***

**ਪੰਜਾਬੀ ਪਰਵਾਜ਼ ਬਿਊਰੋ**

ਹਾਲ ਹੀ ਵਿੱਚ ਫਰਾਂਸ ਅਤੇ ਅਮਰੀਕਾ ਦੀ ਵਿਚੋਲਗੀ ਨਾਲ ਇਜ਼ਰਾਇਲ ਤੇ ਹਿਜ਼ਬੁੱਲਾ ਵਿਚਕਾਰ ਹੋ ਰਹੀ ਜੰਗ ਨੂੰ ਰੋਕਣ ਸੰਬੰਧੀ ਹੋਏ ਸਮਝੌਤੇ ਨਾਲ ਭਾਵੇਂ ਸਾਰੀ ਦੁਨੀਆਂ ਨੇ ਸੁਖ ਦਾ ਸਾਹ ਲਿਆ ਹੈ, ਪਰ ਦੋਹਾਂ ਧਿਰਾਂ ਵਿਚਕਾਰ ਹਾਲੇ ਵੀ ਗੋਲੀਬਾਰੀ ਰੁਕਣ ਦਾ ਨਾਂ ਨਹੀਂ ਲੈ ਰਹੀ। ਸਮਝੌਤੇ ਤੋਂ ਬਾਅਦ ਜਿੱਥੇ ਇਜ਼ਰਾਇਲ ਨੇ ਦੱਖਣੀ ਲੈਬਨਾਨ ਵਿੱਚ ਘਰਾਂ ਨੂੰ ਪਰਤ ਰਹੇ ਲੋਕਾਂ 'ਤੇ ਗੋਲੀਬਾਰੀ ਕੀਤੀ ਅਤੇ ਇਸ ਵਿੱਚ ਕਈ ਮੌਤਾਂ ਵੀ ਹੋਈਆਂ ਹਨ, ਉਥੇ ਹਿਜ਼ਬੁੱਲਾ ਨੇ ਵੀ ਇਜ਼ਰਾਇਲ ਵੱਲ ਰਾਕਟ ਸੁੱਟਣੇ ਜਾਰੀ ਰੱਖੇ ਹਨ। ਇਸ ਨਾਲ ਵੀ ਕਾਫੀ ਨੁਕਸਾਨ ਹੋਣ ਦੀਆਂ ਖ਼ਬਰਾਂ ਹਨ। ਇਸ ਤਰ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਆਪਣੇ ਜਾਣ ਤੋਂ ਪਹਿਲਾਂ ਕਾਹਲੀ ਵਿੱਚ ਕਰਵਾਈ ਗਈ ਇਹ ਜੰਗ-ਬੰਦੀ ਖਟਾਈ ਵਿੱਚ ਪੈਂਦੀ ਵਿਖਾਈ ਦੇ ਰਹੀ ਹੈ।

ਅਗਲੇ ਸਾਲ ਜਨਵਰੀ ਦੇ ਅਖੀਰ ਵਿੱਚ ਆਪਣੇ ਕਾਰਜਕਾਲ ਦੇ ਸਮਾਪਤ ਹੋਣ ਤੋਂ ਪਹਿਲਾਂ ਜੋਅ ਬਾਇਡਨ ਮੱਧ ਏਸ਼ੀਆ ਦੀ ਜੰਗਾਂ ਬੰਦੀ ਕਰਵਾਉਣ ਦੀ ਭੱਲ ਲਿਬਰਲ ਪਾਰਟੀ ਦੀ ਝੋਲੀ ਪਾਉਣ ਲਈ ਕਾਹਲੇ ਵਿਖਾਈ ਦਿੰਦੇ ਹਨ। ਵੇਖਣ ਨੂੰ ਅੜਬ ਅਤੇ ਅਨਿਸ਼ਚਤ ਸੁਭਾਅ ਦੇ ਮਾਲਕ ਟਰੰਪ ਨੂੰ ਹਰਾ ਕੇ ਪਿਛਲੀ ਵਾਰ ਸੱਤਾ ਵਿੱਚ ਆਈ ਬਾਇਡਨ ਸਰਕਾਰ ਤੋਂ ਅਮਰੀਕਾ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਠੰਡ-ਠਾਰ ਵਰਤਾਉਣ ਦੀ ਉਮੀਦ ਸੀ, ਪਰ ਇਸ ਸਰਕਾਰ ਨੇ ਆਪਣੀ ਉਮੀਦ ਦੇ ਐਨ ਉਲਟ ਕੰਮ ਕੀਤਾ। ਨਾਟੋ ਅਤੇ ਅਮਰੀਕਾ ਦੇ ਉਕਸਾਵੇ ਕਾਰਨ ਛਿੜੀ ਰੂਸ-ਯੂਕਰੇਨ ਜੰਗ ਕਾਰਨ ਦੁਨੀਆਂ ਵਿੱਚ ਆਮ ਵਰਤੋਂ ਦੀਆਂ ਵਸਤਾਂ ਦੀ ਮਹਿੰਗਾਈ ਹੋ ਗਈ ਅਤੇ ਤਕਰੀਬਨ ਹਰ ਮੁਲਕ ਵਿੱਚ ਆਮ ਲੋਕਾਂ ਦਾ ਜੀਣਾ ਦੁੱਭਰ ਹੋ ਗਿਆ। ਤੇਲ ਸਮੇਤ ਵੱਖ-ਵੱਖ ਵਸਤਾਂ ਦੀਆਂ ਲੜੀਆਂ ਵਿੱਚ ਪਏ ਵਿਘਨ ਨੇ ਸਿੱਕੇ ਦੇ ਫੈਲਾਅ ਅਤੇ ਮਹਿੰਗਾਈ ਵਧਾਉਣ ਵਿੱਚ ਮੁੱਖ ਭੂਮਿਕਾ ਅਦਾ ਕੀਤੀ ਹੈ। ਇਸ ਨਾਲ 2008 ਦੇ ਆਰਥਕ ਸੰਕਟ ਤੋਂ ਬਾਹਰ ਨਿਕਲ ਰਿਹਾ ਸੰਸਾਰ ਇੱਕ ਵਾਰ ਫਿਰ ਆਰਥਕ ਔਕੜਾਂ ਵਿੱਚ ਘਿਰ ਗਿਆ ਹੈ।

ਹਿਜ਼ਬੁੱਲਾ ਅਤੇ ਇਜ਼ਰਾਇਲ ਵਿਚਕਾਰ ਗੋਲੀਬੰਦੀ ਕਰਨ ਦਾ ਇਹ ਸਮਝੌਤਾ 26 ਨਵੰਬਰ ਨੂੰ ਹੋ ਚੁੱਕਾ ਹੈ ਅਤੇ ਅਗਲੇ 60 ਦਿਨਾਂ ਵਿੱਚ ਇਜ਼ਰਾਇਲ ਆਪਣੇ ਫੌਜੀਆਂ ਅਤੇ ਟੈਂਕਾ ਨੂੰ ਦੱਖਣੀ ਲੈਬਨਾਨ ਤੋਂ ਹਟਾ ਕੇ ਦੋਹਾਂ ਦੇਸ਼ਾਂ ਵਿਚਕਾਰ ਪਹਿਲਾਂ ਤੋਂ ਮੌਜੂਦ ਸਰਹੱਦ ਤੋਂ ਪਿੱਛੇ ਲੈ ਜਾਵੇਗਾ। ਸਮਝੌਤੇ ਅਨੁਸਾਰ ਪਿੱਛੇ ਹਟ ਰਹੀਆਂ ਇਜ਼ਰਾਇਲੀ ਫੌਜਾਂ ਦੇ ਵਾਪਸ ਪਰਤ ਜਾਣ ਤੋਂ ਬਾਅਦ ਲੈਬਨਾਨ ਦੀ ਫੌਜ ਅਤੇ ਸੰਯੁਕਤ ਰਾਸ਼ਟਰ ਪੀਸ ਕੀਪਿੰਗ ਦਸਤੇ ਲੈਟਿਨਾ ਦਰਿਆ ਤੋਂ ਦੱਖਣ ਵੱਲ ਪੈਂਦੇ ਇਸ ਖੇਤਰ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਸਾਂਭਣਗੇ। ਸਮਝੌਤੇ ਦੀਆਂ ਮੱਦਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਹਿਜ਼ਬੁੱਲਾ ਦੇ ਲੜਾਕਿਆਂ ਨੂੰ ਇਜ਼ਰਾਇਲ ਸਰਹੱਦ ਨਾਲ ਲਗਦੇ ਦੱਖਣੀ ਲੈਬਨਾਨ ਦੇ ਇਲਾਕਿਆਂ ਵਿੱਚ ਫਟਕਣ ਨਹੀਂ ਦਿੱਤਾ ਜਾਵੇਗਾ, ਜਿਨ੍ਹਾਂ ਨੇ ਇਸ ਸਰਹੱਦ ਨਾਲ ਲਗਦੇ ਖੇਤਰ ਵਿੱਚ ਵੱਸਦੀ ਇਜ਼ਰਾਇਲੀ ਆਬਾਦੀ ਦਾ ਜੀਣਾ ਦੁੱਭਰ ਕਰ ਰੱਖਿਆ ਹੈ।

ਜੋਅ ਬਾਇਡਨ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਵਿੱਚ ਭਾਵੇਂ ਖੱਬਾ-ਪੱਖ ਭਾਰੂ ਸੀ, ਪਰ ਅਮਰੀਕਾ ਦੀ ਇਹ ਸਿਆਸੀ ਧਿਰ ਮੱਧ ਏਸ਼ੀਆ ਅਤੇ ਯੂਕਰੇਨ ਵਿੱਚ ਛਿੜੀ ਜੰਗ 'ਤੇ ਠੰਡਾ ਛਿੜਕਣ ਦੀ ਬਜਾਏ ਆਪਣੇ ਸਾਰੇ ਕਾਰਜ ਕਾਲ ਦੌਰਾਨ ਉਲਟੀ ਇਸ ਨੂੰ ਹਵਾ ਦਿੰਦੀ ਰਹੀ। ਸਿਰਫ ਇੰਨਾ ਹੀ ਨਹੀਂ, ਹੁਣ ਸਮਝੌਤਾ ਕਰਵਾਉਣ ਵਾਲੇ ਅਮਰੀਕਾ, ਫਰਾਂਸ ਅਤੇ ਜਰਮਨੀ ਜਿਹੇ ਦੇਸ਼ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਅਤੇ ਅਰਬਾਂ ਡਾਲਰ ਵੀ ਮੁਹੱਈਆ ਕਰਵਾਉਂਦੇ ਰਹੇ ਹਨ। ਇਨ੍ਹਾਂ ਦੋਹਾਂ ਜੰਗਾਂ ਵਿੱਚ ਹੋ ਰਹੀ ਮਾਰ-ਮਰਾਈ ਅਤੇ ਖਾਸ ਕਰਕੇ ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਵਿੱਚ ਬਰਸਾਈ ਗਈ ਮੌਤ ਕਾਰਨ ਅਮਰੀਕੀ ਲੋਕਾਂ ਨੇ ਸੈਨੇਟ ਅਤੇ ਪ੍ਰਤੀਨਿਧੀ ਸਦਨ, ਦੋਹਾਂ ਵਿੱਚੋਂ ਲਿਬਰਲ ਪਾਰਟੀ ਦਾ ਪੱਤਾ ਸਾਫ ਕਰ ਦਿੱਤਾ ਹੈ (ਉਂਝ ਮਹਿੰਗਾਈ ਅਤੇ ਸਿੱਕੇ ਦੇ ਫੈਲਾਅ ਨੇ ਵੀ ਇਸ ਵਿੱਚ ਆਪਣੀ ਭੂਮਿਕਾ ਨਿਭਾਈ)। ਇਸ ਨੇ ਹੁਣ ਘੱਟੋ-ਘੱਟ ਦੋ ਸਾਲ ਬਾਅਦ ਹੋਣ ਵਾਲੀਆਂ ਮੱਧਵਰਤੀ ਚੋਣਾਂ ਤੱਕ ਨਵੇਂ ਰਾਸ਼ਟਰਪਤੀ ਟਰੰਪ ਨੂੰ ਮੁਕੰਮਲ ਸੱਤਾ ਮਾਨਣ ਦਾ ਮੌਕਾ ਦੇ ਦਿੱਤਾ ਹੈ। ਬੀਤੇ



ਮਹੀਨੇ ਅਮਰੀਕਾ ਵਿੱਚ ਹੋਈਆਂ ਆਮ ਚੋਣਾਂ ਵਿੱਚ ਡੋਨਾਲਡ ਟਰੰਪ ਨੇ ਭਾਵੇਂ ਫਲਿਸਤੀਨ ਦਾ ਮੁਕੰਮਲ ਸਫਾਇਆ ਕਰ ਦੇਣ ਲਈ ਇਜ਼ਰਾਇਲ ਨੂੰ ਪੂਰੀ ਮੱਦਦ ਦੇਣ ਦਾ ਭਰੋਸਾ ਦਵਾਇਆ ਸੀ, ਪਰ ਉਸ ਨੇ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਨਾਲ ਆਪਣੀ ਦੋਸਤੀ ਦੇ ਚਲਦੇ ਯੂਕਰੇਨ ਜੰਗ ਤੁਰੰਤ ਖਤਮ ਕਰਵਾਉਣ ਦਾ ਵਾਅਦਾ ਕੀਤਾ ਹੈ। ਪਰ ਜਾਪਦਾ ਇੰਝ ਹੀ ਹੈ ਕਿ ਟਰੰਪ ਨੂੰ ਆਪਣੀਆਂ ਘਰੇਲੂ ਆਰਥਕ ਸਮੱਸਿਆਵਾਂ ਨੂੰ ਹੱਲ ਕਰਨ ਦੀ ਪਹਿਲ ਦੇ ਮੱਦੇਨਜ਼ਰ ਮੱਧ ਏਸ਼ੀਆ ਵਾਲੀ ਜੰਗ ਨੂੰ ਖਤਮ ਕਰਕੇ ਫਲਿਸਤੀਨ ਵਿੱਚ ਆਮ ਜਨ ਜੀਵਨ ਦੀ ਬਹਾਲੀ ਦੇ ਮੁਸ਼ਕਲ ਕਾਰਜ ਨੂੰ ਸੰਬੋਧਨ ਹੋਣਾ ਪੈਣਾ ਹੈ।

27 ਨਵੰਬਰ ਨੂੰ ਇਜ਼ਰਾਇਲੀ ਕੈਬਨਿਟ ਵੱਲੋਂ ਸਮਝੌਤੇ ਨੂੰ ਮਾਨਤਾ ਦੇਣ ਤੋਂ ਬਾਅਦ ਹਿਜ਼ਬੁੱਲਾ ਨਾਲ ਇਸ ਮੁਲਕ ਦਾ ਸਮਝੌਤਾ ਰਸਮੀ ਤੌਰ 'ਤੇ ਅਮਲ ਵਿੱਚ ਆ ਗਿਆ ਹੈ। ਦੇਰ ਤੋਂ ਉਡੀਕੇ ਜਾ ਰਹੇ ਇਸ ਸਮਝੌਤੇ ਦਾ ਸੰਯੁਕਤ ਰਾਸ਼ਟਰ ਸਮੇਤ ਦੁਨੀਆਂ ਦੇ ਬਹੁਤੇ ਸਿਰਕੱਢ ਮੁਲਕਾਂ ਨੇ ਸੁਆਗਤ ਕੀਤਾ ਹੈ, ਇੱਥੋਂ ਤੱਕ ਕੇ ਹਿਜ਼ਬੁੱਲਾ ਨੂੰ ਸਿੱਧੀ-ਅਸਿੱਧੀ ਸਰਪ੍ਰਸਤੀ ਦੇਣ ਵਾਲੇ ਇਰਾਨ ਅਤੇ ਚੀਨ ਵਰਗੇ ਮੁਲਕਾਂ ਨੇ ਵੀ ਇਸ ਸਮਝੌਤੇ ਨੂੰ ਜੀ ਆਇਆਂ ਕਿਹਾ ਹੈ। ਇਸ ਜੰਗ ਬੰਦੀ ਨੂੰ ਇਸ ਖੇਤਰ ਵਿੱਚ ਇੱਕ ਵੱਡੀ ਖੜੋਤ ਦੇ ਟੁੱਟਣ ਦੀ ਆਰੰਭਤਾ ਵਜੋਂ ਵੇਖਿਆ ਜਾ ਰਿਹਾ ਹੈ, ਅਤੇ ਤੀਜੀ ਸੰਸਾਰ ਜੰਗ ਵੱਲ ਵਧ ਰਹੇ ਹਾਲਾਤ ਨੂੰ ਇੱਕ ਮੋੜਾ ਵੀ। ਪਰ ਸੰਸਾਰ ਬੀਤੇ ਸਾਲ 7 ਅਕਤੂਬਰ ਨੂੰ ਹੋਏ ਹਮਲੇ ਤੋਂ ਬਾਅਦ ਫਲਿਸਤੀਨ ਨੂੰ ਇਕਤਰਫਾ ਝੰਬ ਰਹੇ ਇਜ਼ਰਾਇਲ ਨੇ ਫਰਾਂਸ ਅਤੇ ਅਮਰੀਕਾ ਦੇ ਰਾਸ਼ਟਰਪਤੀਆਂ ਦੇ ਦਬਾਅ ਹੇਠ ਹਿਜ਼ਬੁੱਲਾ ਨਾਲ ਸਮਝੌਤੇ 'ਤੇ ਦਸਤਖਤ ਕਰ ਦਿੱਤੇ ਹਨ, ਪਰ ਉਸ ਨੇ ਸਮਝੌਤੇ ਤੋਂ ਐਨ ਪਹਿਲਾਂ ਦੱਖਣੀ ਲੈਬਨਾਨ ਵਿੱਚ ਹਿਜ਼ਬੁੱਲਾ ਦੇ ਕਥਿਤ ਟਿਕਾਣਿਆਂ 'ਤੇ ਜ਼ੋਰਦਾਰ ਹਮਲੇ ਕੀਤੇ। ਸਮਝੌਤੇ ਵਿੱਚ ਵੀ ਉਸ ਨੇ ਇੱਕ ਵਿਸ਼ੇਸ਼ ਮੱਦ ਪੁਆ ਲਈ ਹੈ ਕਿ ਜੇ ਹਿਜ਼ਬੁੱਲਾ ਉਸ ਉੱਪਰ ਹਮਲੇ ਜਾਰੀ ਰੱਖੇਗਾ ਤਾਂ ਉਸ ਕੋਲ ਮੋੜਵਾਂ ਹਮਲਾ ਕਰਨ ਦਾ ਅਧਿਕਾਰ ਰਾਖਵਾਂ ਹੈ। ਇਸ ਮੱਦ ਨੇ ਇਸ ਸਮਝੌਤੇ ਨੂੰ ਕਮਜ਼ੋਰ ਬਣਾਇਆ ਹੋਇਆ ਹੈ। ਇਸੇ ਕਰਕੇ ਸ਼ਾਇਦ ਇਜ਼ਰਾਇਲ ਨੇ ਸਮਝੌਤੇ ਤੋਂ ਬਾਅਦ ਵੀ ਦੱਖਣੀ ਲੈਬਨਾਨ ਵਿੱਚ ਹਮਲੇ ਜਾਰੀ ਰੱਖੇ ਹਨ। ਇਜ਼ਰਾਇਲ ਦੇ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਇਹ ਹਮਲੇ ਹਿਜ਼ਬੁੱਲਾ ਦੇ ਫੌਜੀ ਟਿਕਾਣਿਆਂ 'ਤੇ ਕੀਤੇ ਗਏ ਹਨ। ਇਜ਼ਰਾਇਲ ਨੇ ਇਸ ਦੌਰਾਨ ਮੰਗ ਕੀਤੀ ਹੈ ਕਿ ਸੰਯੁਕਤ ਰਾਸ਼ਟਰ ਇਸ ਖਿੱਤੇ ਵਿੱਚ ਅਸਰਦਾਰ ਢੰਗ ਨਾਲ ਅਮਨ-ਕਾਨੂੰਨ ਲਾਗੂ ਕਰਵਾਵੇ ਅਤੇ ਹਿਜ਼ਬੁੱਲਾ ਦੀਆਂ ਹਿੰਸਕ ਕਾਰਵਾਈਆਂ ਪ੍ਰਤੀ ਸਖਤ ਨੀਤੀ ਅਪਣਾਵੇ।

ਉਧਰ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਵਿੰਗ ਦੇ ਮੁਖੀ ਨੇ ਇਜ਼ਰਾਇਲ ਵੱਲੋਂ ਲੈਬਨਾਨ ਵਿੱਚ ਕੀਤੇ ਜਾ ਰਹੇ ਹਮਲਿਆਂ ਵਿੱਚ ਮਾਰੇ ਜਾ ਰਹੇ ਆਮ ਲੋਕਾਂ ਪ੍ਰਤੀ ਚਿੰਤਾ ਪ੍ਰਗਟ ਕੀਤੀ ਹੈ। ਫਿਰ ਵੀ, ਕੌਮਾਂਤਰੀ ਮਾਮਲਿਆਂ ਬਾਰੇ ਮਾਹਿਰਾਂ ਦਾ ਆਖਣਾ ਹੈ ਕਿ ਹਿਜ਼ਬੁੱਲਾ ਨਾਲ ਸਮਝੌਤੇ ਦੇ ਅਮਲ ਵਿੱਚ ਆਉਣ ਦੇ ਆਸਾਰ ਬਹੁਤ ਘੱਟ ਹਨ। ਭਾਵੇਂ ਹਮਾਸ ਨੇ ਆਪਣੇ ਇੱਕ ਬਿਆਨ ਵਿੱਚ ਗੋਲੀਬੰਦੀ ਅਤੇ ਅਗਵਾ ਕੀਤੇ ਇਜ਼ਰਾਇਲੀ ਨਾਗਰਿਕਾਂ ਨੂੰ ਰਿਹਾਅ ਕਰਨ ਦੀ ਗੱਲ ਕੀਤੀ ਹੈ, ਪਰ ਇੱਥੇ ਵੀ ਸਮਝੌਤਾ ਹੋਣ ਦੇ ਆਸਾਰ ਵਿਖਾਈ ਨਹੀਂ ਦੇ ਰਹੇ। ਇਸ ਰਿਪੋਰਟ ਦੀਆਂ ਇਹ ਸਤਰਾਂ ਲਿਖੇ ਜਾਣ ਤੱਕ ਵੀ ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਅਤੇ ਲੈਬਨਾਨ ਵਿੱਚ ਹਮਲੇ ਜਾਰੀ ਹਨ। ਹਿਜ਼ਬੁੱਲਾ ਵੀ ਮੋੜਵੇਂ ਵਾਰ ਕਰ ਰਿਹਾ ਹੈ, ਭਾਵੇਂ ਕਿ ਇਹ ਇਜ਼ਰਾਇਲ ਜਿੰਨੇ ਮਾਰੂ ਅਤੇ ਸਮਰੱਥ ਨਹੀਂ ਹਨ। ਗਾਜ਼ਾ ਵਿੱਚ ਨਾ ਸਿਰਫ ਇਜ਼ਰਾਇਲ ਦੇ ਹਵਾਈ ਹਮਲੇ ਜਾਰੀ ਹਨ, ਸਗੋਂ ਹਮਾਸ ਆਪਣੇ ਵੱਡੇ ਆਗੂਆਂ ਦੇ ਮਾਰੇ ਜਾਣ ਤੋਂ ਬਾਅਦ ਵੀ ਹਮਲੇ ਜਾਰੀ ਰੱਖ ਰਿਹਾ ਹੈ। ਪਿਛਲੇ ਸਾਲ ਸੱਤ ਅਕਤੂਬਰ ਨੂੰ ਬਣਾਏ ਗਏ ਤਕਰੀਬਨ 100 ਦੇ ਕਰੀਬ ਬੰਧਕ ਹਾਲੇ ਵੀ ਹਮਾਸ ਦੇ ਲੜਾਕਿਆਂ ਦੇ ਕਬਜ਼ੇ ਵਿੱਚ ਹਨ। ਇਸ ਹਾਲਤ ਵਿੱਚ ਉਬਲ ਰਹੇ ਮੱਧਪੂਰਬ ਨੂੰ ਸ਼ਾਂਤ ਕਰਨਾ ਆਸਾਨ ਨਹੀਂ ਹੋਏਗਾ; ਪਰ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਦਾ ਅਹੁਦਾ ਸਾਂਭਣ ਤੋਂ ਬਾਅਦ ਕਿਸੇ ਸੰਭਾਵਨਾ ਦੀ ਆਸ ਹਾਲੇ ਵੀ ਮੁੱਕੀ ਨਹੀਂ ਹੈ। ਇਸ ਹਾਲਤ ਵਿੱਚ ਨੇਤਨਯਾਹੂ ਦੇ ਆਖਣ ਅਨੁਸਾਰ ਇਜ਼ਰਾਇਲ ਇਰਾਨ ਖਿਲਾਫ ਆਪਣਾ 'ਧਿਆਨ ਕੇਂਦਰਿਤ' ਕਰ ਸਕੇਗਾ।

## ਸਥਿਤੀ ਦੇ ਇਰਦ-ਗਿਰਦ

*ਇਜ਼ਰਾਇਲ ਪਿਛਲੇ ਸਾਲ 7 ਅਕਤੂਬਰ ਤੋਂ ਦੋ ਮੋਰਚਿਆਂ 'ਤੇ ਲੜਾਈ ਲੜ ਰਿਹਾ ਹੈ, ਜਿਸ ਵਿੱਚ ਗਾਜ਼ਾ ਵਿੱਚ ਹਮਾਸ ਦੇ ਵਿਰੁੱਧ ਜੰਗ ਵੀ ਸ਼ਾਮਲ ਹੈ। ਜੰਗ ਦੇ ਪੈਮਾਨੇ ਨੂੰ ਲੈ ਕੇ ਲਗਾਤਾਰ ਦੁਨੀਆਂ ਭਰ ਦੇ ਸਿਆਸਤਦਾਨ ਅਤੇ ਵਿਸ਼ਲੇਸ਼ਕ ਫ਼ਿਕਰਮੰਦ ਹਨ ਕਿ ਇਸ ਨਾਲ ਸਾਰਾ ਪੱਛਣ-ਏਸ਼ੀਆ ਜੰਗ ਵਿੱਚ ਨਾ ਧੱਕਿਆ ਜਾਵੇ!

---

*ਇਜ਼ਰਾਇਲ ਨੇ ਆਪਣੇ ਦੋ ਮੁੱਖ ਖੇਤਰੀ ਵਿਰੋਧੀਆਂ- ਲੈਬਨਾਨ ਵਿੱਚ ਹਿਜ਼ਬੁੱਲਾ ਤੇ ਗਾਜ਼ਾ ਵਿੱਚ ਹਮਾਸ ਪ੍ਰਤੀ ਜਿਹੜਾ ਰੁਖ਼ ਅਖ਼ਤਿਆਰ ਕੀਤਾ ਹੈ, ਉਸ ਵਿੱਚ ਫ਼ਰਕ ਦੇ ਕਾਰਨ ਸਪੱਸ਼ਟ ਹਨ। ਗਾਜ਼ਾ ਇਸ ਸਮੇਂ ਇਜ਼ਰਾਇਲ ਦੇ ਕਬਜ਼ੇ ਅਧੀਨ ਆਉਂਦੀ ਭੂਗੋਲਿਕ ਇਕਾਈ ਦਾ ਹਿੱਸਾ ਹੈ ਤੇ ਦੂਜੇ ਪਾਸੇ ਲੈਬਨਾਨ ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਹੈ। ਹਾਲਾਂਕਿ ਕਦੇ ਇਜ਼ਰਾਇਲ ਦੇ ਕਬਜ਼ੇ ਹੇਠ ਆਉਣ ਵਾਲੇ ਇਸ ਇਲਾਕੇ ਤੋਂ ਹਿਜ਼ਬੁੱਲਾ ਅਤੇ ਹੋਰ ਗਰੁੱਪਾਂ ਦੇ ਨਿਰੰਤਰ ਵਿਰੋਧ ਕਾਰਨ ਇਸ ਨੂੰ ਆਪਣਾ ਕਬਜ਼ਾ ਹਟਾਉਣਾ ਪਿਆ ਸੀ। ਆਪਣੀ ਵਿਸ਼ਾਲ ਫ਼ੌਜੀ ਸਮਰੱਥਾ ਅਤੇ ਹਵਾਈ ਹਮਲਿਆਂ ਵਿੱਚ ਮੁਹਾਰਤ ਦੇ ਬਾਵਜੂਦ, ਇਜ਼ਰਾਇਲ ਲੈਬਨਾਨ ਵਿੱਚ ਆਪਣੀ ਜ਼ਮੀਨੀ ਕਾਰਵਾਈ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਸੀ।

---

*ਫਲਿਸਤੀਨੀਆਂ ਵਿੱਚ ਅਲੱਗ-ਅਲੱਗ ਖਿੱਤਿਆਂ ਦੀ ਮੌਜੂਦਗੀ ਅਤੇ ਇੱਕ ਏਕੀਕ੍ਰਿਤ ਅਤੇ ਅਧਿਕਾਰਤ ਤੌਰ 'ਤੇ ਮਾਨਤਾ ਪ੍ਰਾਪਤ ਦੇਸ਼ ਦੀ ਘਾਟ ਨੇ ਗਾਜ਼ਾ ਵਿੱਚ ਜੰਗ ਬੰਦੀ ਸਮਝੌਤੇ 'ਤੇ ਵਿਚਾਰ ਨਾ ਕੀਤੇ ਜਾਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ; ਜਦੋਂ ਕਿ ਦੂਜੇ ਪਾਸੇ ਇੱਕ ਅਧਿਕਾਰਤ ਮਾਨਤਾ ਪ੍ਰਾਪਤ ਦੇਸ਼ ਕਾਰਨ ਹੀ ਇਜ਼ਰਾਇਲ ਨਾਲ ਗੱਲਬਾਤ ਦਾ ਪ੍ਰਬੰਧਨ ਸੰਭਵ ਹੋ ਸਕਿਆ ਹੈ।

---

*ਕੁਝ ਮਾਹਰਾਂ ਦਾ ਕਹਿਣਾ ਹੈ ਕਿ ਇਜ਼ਰਾਇਲ ਵੱਲੋਂ ਸੰਗਠਨ ਦੀਆਂ ਪ੍ਰਮੁੱਖ ਹਸਤੀਆਂ ਦੇ ਕਤਲ ਤੋਂ ਬਾਅਦ ਹਮਾਸ ਦੀ ਲੀਡਰਸ਼ਿਪ ਵਿੱਚ ਵੱਡਾ ਖ਼ਲਾਅ ਆਇਆ ਹੈ। ਇਸ ਦਾ ਮਤਲਬ ਹੈ ਕਿ ਹਮਾਸ ਹੁਣ ਜੰਗਬੰਦੀ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਦੀ ਸਥਿਤੀ ਵਿੱਚ ਹੀ ਨਹੀਂ ਹੈ।

---

*ਇਜ਼ਰਾਇਲ ਅਤੇ ਲੈਬਨਾਨ ਦੇ ਇਸ ਸਮੇਂ ਇਸ ਸਮਝੌਤੇ ਲਈ ਸਹਿਮਤ ਹੋਣ ਵਿੱਚ ਕਈ ਕਾਰਕਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ; ਜਿਵੇਂ ਕਿ ਲੈਬਨਾਨ ਅਤੇ ਗਾਜ਼ਾ ਦੀਆਂ ਵੱਖੋ-ਵੱਖਰੀਆਂ ਸਿਆਸੀ ਅਤੇ ਫ਼ੌਜੀ ਸਥਿਤੀਆਂ। ਲੈਬਨਾਨ ਵਿੱਚ ਹਿਜ਼ਬੁੱਲਾ, ਜੋ ਇਜ਼ਰਾਇਲ ਦੇ ਵਿਰੁੱਧ ਲੜਦਾ ਹੈ, ਅਸਲ ਵਿੱਚ ਇੱਕ ਵਿਸ਼ਾਲ ਸਿਆਸੀ ਸਾਮਰਾਜ ਦਾ ਹਿੱਸਾ ਹੈ, ਜੋ ਦੇਸ਼ ਵਿਚਲੇ ਬਹੁਤ ਸਾਰੇ ਸੰਪਰਦਾਇਕ ਅਤੇ ਸਿਆਸੀ ਸਮੂਹਾਂ ਵਿੱਚੋਂ ਇੱਕ ਦੀ ਨੁਮਾਇੰਦਗੀ ਕਰਦਾ ਹੈ।

---

*ਇਜ਼ਰਾਇਲੀਆਂ ਕੋਲ ਗਾਜ਼ਾ ਵਿੱਚ ਆਉਣ ਵਾਲੇ ਦਿਨਾਂ ਲਈ ਕੋਈ ਸਪੱਸ਼ਟ ਯੋਜਨਾ ਨਹੀਂ ਹੈ। ਲੈਬਨਾਨ ਵਿੱਚ ਸਮਝੌਤੇ ਲਈ ਇੱਕ ਸਪੱਸ਼ਟ ਢਾਂਚਾ ਪਹਿਲਾਂ ਹੀ ਮੌਜੂਦ ਹੈ ਅਤੇ ਇਸੇ ਆਧਾਰ 'ਤੇ ਜੰਗਬੰਦੀ ਦੀਆਂ ਸ਼ਰਤਾਂ 'ਤੇ ਗੱਲਬਾਤ ਕੀਤੀ ਗਈ ਹੈ। ਇਹ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ 1701ਵੇਂ ਮਤੇ 'ਤੇ ਆਧਾਰਤ ਹੈ, ਜਿਸ ਤਹਿਤ 2006 ਵਿੱਚ ਇਜ਼ਰਾਇਲ ਅਤੇ ਹਿਜ਼ਬੁੱਲਾ ਵਿਚਕਾਰ ਜੰਗ ਖ਼ਤਮ ਕਰਵਾਈ ਸੀ।

---

*ਗਾਜ਼ਾ ਵਿੱਚ ਕੁਝ ਲੋਕਾਂ ਨੇ ਸਮਝੌਤੇ ਨੂੰ ਹਿਜ਼ਬੁੱਲਾ ਵੱਲੋਂ 'ਮੋਰਚਿਆਂ ਦੀ ਏਕਤਾ' ਰਣਨੀਤੀ ਨੂੰ ਛੱਡਣ ਦੇ ਫ਼ੈਸਲੇ ਵਜੋਂ ਦਰਸਾਇਆ ਹੈ। ਇਹ ਹਿਜ਼ਬੁੱਲਾ ਅਤੇ ਹਮਾਸ ਦੇ ਇਜ਼ਰਾਇਲ ਖ਼ਿਲਾਫ਼ ਜੰਗ ਸ਼ੁਰੂ ਕਰਨ ਦੇ ਇੱਕ ਮੱਤ ਨੂੰ ਦਰਸਾਉਂਦਾ ਹੈ; ਜਿਸ ਤਹਿਤ ਇਹ ਮੰਨਿਆ ਜਾਂਦਾ ਸੀ ਕਿ ਇਸ ਜੰਗ ਵਿੱਚ ਹੋਰ ਵੀ ਬਹੁਤ ਸਾਰੇ ਛੋਟੇ ਸਮੂਹ ਤਾਲਮੇਲ ਵਿੱਚ ਹਨ, ਜਿਵੇਂ ਯਮਨ ਵਿੱਚ ਹਾਉਥੀ। ਲੈਬਨਾਨ ਵਿੱਚ ਜੰਗ ਬੰਦੀ ਸਮਝੌਤੇ ਅਤੇ ਗਾਜ਼ਾ ਦੇ ਮਸਲੇ ਉੱਤੇ ਇੱਕ ਵੱਡਾ ਫ਼ਰਕ ਹੈ ਕਿ ਹਿਜ਼ਬੁੱਲਾ ਨੇ ਗੱਲਬਾਤ ਨੂੰ ਲੈਬਨਾਨ ਦੀ ਸਰਕਾਰ ਦੇ ਹੱਥਾਂ 'ਚ ਛੱਡ ਦਿੱਤਾ, ਜਦੋਂ ਕਿ ਹਮਾਸ ਗਾਜ਼ਾ 'ਚ ਗੱਲਬਾਤ ਦੀ ਅਗਵਾਈ ਕਰ ਰਿਹਾ ਹੈ।


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।



**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਗੁਰਵਿੰਦਰ ਸਿੰਘ ਬੱਬੂ (ਐਪਲਟਨ) |
| ਦਵਿੰਦਰ ਸਿੰਘ ਰੰਗੀ | ਬਿਕਰਮ ਸਿੰਘ ਸਿੱਧੂ |
| ਮਨਜਿੰਦਰ ਸਿੰਘ (ਮੈਕ) ਭਮਰਾ | ਮਿੰਨੀ ਮੁਲਤਾਨੀ |
| ਜੋਧ ਸਿੰਘ ਸਿੱਧੂ | ਮਨਮਿੰਦਰ ਸਿੰਘ ਹੀਰ |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਬਲਜੀਤ ਸਿੰਘ ਸਿੱਧੂ (ਫਲੋਰਿਡਾ) |
| ਅਮਰੀਕ ਸਿੰਘ ਸ਼ਿਕਾਗੋ | ਗੁਰਪ੍ਰੀਤ ਕੇ. ਸਿੰਘ |
| ਕਿਰਪਾਲ ਸਿੰਘ ਰੰਧਾਵਾ | ਇੰਦਰ ਹੁੰਜਣ |
| ਅੰਮ੍ਰਿਤਪਾਲ ਸਿੰਘ ਗਿੱਲ | ਜਿਗਰਦੀਪ ਸਿੰਘ ਢਿੱਲੋਂ |
| ਬਲਵਿੰਦਰ ਸਿੰਘ ਚੱਠਾ | ਅਮਨਦੀਪ ਸਿੰਘ ਕੁਲਾਰ |
| ਦਰਸ਼ਨ ਸਿੰਘ ਪੰਮਾ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਗੁਰਿੰਦਰਜੀਤ ਸਿੰਘ ਗਰੇਵਾਲ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਬੇਅੰਤ ਸਿੰਘ ਬੋਪਾਰਾਏ | ਅਜੈਬ ਸਿੰਘ ਲੱਖਣ |
| ਅਮਰਜੀਤ ਸਿੰਘ ਢੀਂਡਸਾ | ਹਰਕੇਵਲ ਸਿੰਘ ਲਾਲੀ |
| ਦੀਦਾਰ ਸਿੰਘ ਧਨੋਆ | ਹਰਮੀਕ ਸਿੰਘ ਗਿਰਨ |

# 'ਫੌਕਸ ਵੈਲੀ ਦੇਸੀ ਦੀਵਾਲੀ-2024' ਹੁੰਮ ਹੁਮਾ ਕੇ ਮਨਾਈ

**ਐਪਲਟਨ, ਵਿਸਕਾਨਸਿਨ:** 'ਫੌਕਸ ਵੈਲੀ ਦੇਸੀ ਦੀਵਾਲੀ-2024' ਪ੍ਰੋਗਰਾਮ ਲੰਘੀ 23 ਨਵੰਬਰ ਨੂੰ ਬ੍ਰਿਜਵੁੱਡ ਹੋਟਲ, ਨੀਨਾਹ ਵਿਖੇ ਪਰਿਵਾਰਕ ਮਾਹੌਲ ਵਿੱਚ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ, ਜਿਸ ਦਾ ਪੰਜਾਬੀ ਤੇ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਭਰਪੂਰ ਅਨੰਦ ਮਾਣਿਆ। ਭਾਈਚਾਰੇ ਦੇ ਪਤਵੰਤੇ ਸੱਜਣਾਂ ਵੱਲੋਂ ਬਣਾਈ ਗਈ 'ਫੌਕਸ ਵੈਲੀ ਦੇਸੀਜ਼' ਸੰਸਥਾ ਨੇ ਦੀਵਾਲੀ ਸਬੰਧੀ ਜਸ਼ਨਾਂ ਨੂੰ ਮਨੋਰੰਜਨ ਭਰਪੂਰ ਬਣਾਉਣ ਲਈ ਰਲਮਿਲ ਕੇ ਉਪਰਾਲੇ ਕੀਤੇ ਅਤੇ ਇਸ ਨੂੰ ਇੱਕ ਯਾਦਗਾਰੀ ਇਕੱਠ ਬਣਾ ਦਿੱਤਾ।

ਪ੍ਰੋਗਰਾਮ ਦੀ ਸ਼ੁਰੂਆਤ ਅਮਰੀਕਾ ਅਤੇ ਭਾਰਤ ਦੇ ਕੌਮੀ ਤਰਾਨਿਆਂ ਦੇ ਗਾਇਨ ਨਾਲ ਕੀਤੀ ਗਈ। ਉਪਰੰਤ ਬੱਚਿਆਂ ਵੱਲੋਂ ਤਿਆਰ ਕੀਤੀਆਂ ਗਈਆਂ ਵੱਖ ਵੱਖ ਆਈਟਮਾਂ ਦੀ ਪੇਸ਼ਕਾਰੀ ਕੀਤੀ ਗਈ। ਬੱਚਿਆਂ ਨੇ ਭੰਗੜਾ-ਗਿੱਧਾ ਪਾਇਆ ਤੇ ਡਾਂਸ ਕੀਤਾ। ਭੰਗੜੇ ਦੀ ਰਵਾਇਤੀ ਪੁਸ਼ਾਕ ਵਿੱਚ ਬੱਚੇ ਖੂਬ ਜਚ ਰਹੇ ਸਨ। ਇਸ ਮੌਕੇ ਸੰਸਥਾ ਦੇ ਨੁਮਾਇੰਦਿਆਂ ਨੇ ਬੱਚਿਆਂ ਦੇ ਉਦਮ ਦੀ ਸ਼ਲਾਘਾ ਕੀਤੀ ਅਤੇ ਆਏ ਮਹਿਮਾਨਾਂ ਨੂੰ ਦੀਵਾਲੀ ਦੇ ਜਸ਼ਨਾਂ ਦੀ ਵਧਾਈ ਦਿੱਤੀ। ਹੌਸਲਾ ਅਫਜ਼ਾਈ ਵਜੋਂ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਤਕਸੀਮ ਕੀਤੇ ਗਏ।

ਸੰਸਥਾ ਵੱਲੋਂ ਮਹਿਮਾਨਾਂ ਦੇ ਮਨੋਰੰਜਨ ਲਈ ਗਾਇਕ ਸੱਤੀ ਸਤਵਿੰਦਰ ਨੂੰ ਸੱਦਿਆ ਗਿਆ ਸੀ, ਜਿਸ ਨੇ ਆਪਣੇ ਗੀਤਾਂ ਅਤੇ ਬੋਲੀਆਂ ਨਾਲ ਕਾਫੀ ਸਮਾਂ ਰੰਗ ਬੰਨ੍ਹੀ ਰੱਖਿਆ। ਗਾਇਕ ਸੱਤੀ ਉਚੇਚਾ ਕੈਲੀਫੋਰਨੀਆ ਤੋਂ ਆਇਆ ਸੀ। ਉਹ ਪਿਛਲੇ ਲੰਮੇ ਸਮੇਂ ਤੋਂ ਸੰਸਥਾ ਦੇ ਸੱਦੇ ਉਤੇ ਸਮਾਗਮਾਂ ਵਿੱਚ ਪਹੁੰਚ ਕੇ ਗੀਤਾਂ ਰਾਹੀਂ ਮਨੋਰੰਜਨ ਕਰਦਾ ਆ ਰਿਹਾ ਹੈ। ਇਸ ਦੀਵਾਲੀ ਸਮਾਗਮ ਵਿੱਚ ਵੀ ਉਸ ਨੇ ਖੂਬ ਛਹਿਬਰ ਲਾਈ ਅਤੇ ਹਾਜ਼ਰੀਨ ਨੂੰ ਆਪਣੇ ਗੀਤਾਂ ਉਤੇ ਨੱਚਣ ਲਾ ਲਿਆ। ਸੰਸਥਾ ਅਨੁਸਾਰ ਵਿਸਕਾਨਸਿਨ ਸਟੇਟ ਦੇ ਗਵਰਨਰ ਟੋਨੀ ਐਵਰਸ ਅਤੇ ਸਟੇਟ ਸੈਨੇਟਰ ਟੈਮੀ ਬਾਲਡਵਿਨ ਵੱਲੋਂ ਭੇਜੇ ਗਏ ਵੱਖ ਵੱਖ ਸੁਨੇਹਿਆਂ ਵਿੱਚ ਭਾਈਚਾਰੇ ਨੂੰ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਜ਼ਿਕਰਯੋਗ ਹੈ ਕਿ ਇਹ ਸੰਸਥਾ ਪਿਛਲੇ ਕਰੀਬ 17 ਸਾਲਾਂ ਤੋਂ ਸਰਗਰਮ ਹੈ ਅਤੇ ਇਸ ਵੱਲੋਂ ਦੀਵਾਲੀ ਤੇ ਵਿਸਾਖੀ ਦੇ ਸਮਾਗਮ ਕਰਵਾਏ ਜਾਂਦੇ ਹਨ ਤੇ ਇੱਕ ਪਰਿਵਾਰਕ ਪਿਕਨਿਕ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਸਥਾ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਅਜਿਹੇ ਪ੍ਰੋਗਰਾਮ ਕਰਵਾਉਣ ਦਾ ਮਨੋਰਥ ਭਾਈਚਾਰੇ ਲਈ ਮਨੋਰੰਜਕ ਗਤੀਵਿਧੀਆਂ ਕਰਵਾਉਣਾ ਅਤੇ ਆਪਣੇ ਸੱਭਿਆਚਾਰ ਤੇ ਵਿਰਸੇ ਨਾਲ ਜੋੜੀ ਰੱਖਣਾ ਹੈ। ਮਹਿਮਾਨਾਂ ਲਈ ਬਾਲੀਵੁੱਡ ਗਰਿੱਲ ਮਿਲਵਾਕੀ ਵੱਲੋਂ ਰਵਾਇਤੀ ਸਵਾਦਿਸ਼ਟ ਖਾਣਾ ਪਰੋਸਿਆ ਗਿਆ ਅਤੇ ਸਮਾਗਮ ਦੇ ਸਪਾਂਸਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਕਰਵਾਉਣ ਵਿੱਚ ਸੰਸਥਾ ਦੇ ਮੋਹਰੀ ਮੈਂਬਰਾਂ- ਅਨਿਲ ਅਰੋੜਾ, ਦੇਵਿੰਦਰ ਭੱਲਾ, ਗੁਰਮੀਤ ਸਿੰਘ ਕਾਲੇਕਾ, ਗੁਰਵਿੰਦਰ ਸਿੰਘ ਬੱਬੂ, ਗੁਰਦੀਪ ਕੌਰ ਬਸੰਤੀ, ਕਸ਼ਮੀਰ ਸਿੰਘ, ਕਨਨ ਕੁਮਰਾਹ, ਮਹਿਕ ਚੋਪੜਾ, ਰਾਜਨ ਚੋਪੜਾ, ਸ਼ਿਵਾਨੀ ਦੇਵਗਨ ਨੇ ਭਰਪੂਰ ਯੋਗਦਾਨ ਪਾਇਆ।


















# ਸਿੱਖ ਭਾਈਚਾਰੇ ਨੇ ਥੈਂਕਸਗਿਵਿੰਗ ਮੌਕੇ ਲੋੜਵੰਦਾਂ ਨੂੰ ਭੋਜਨ ਛਕਾਇਆ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਥੈਂਕਸਗਿਵਿੰਗ ਮੌਕੇ ਸਾਲਵੇਸ਼ਨ ਆਰਮੀ ਵਿਖੇ ਲੋੜਵੰਦ ਲੋਕਾਂ ਨੂੰ ਹੱਥੀਂ ਭੋਜਨ ਵਰਤਾਇਆ। ਸ਼ਿਕਾਗੋ ਵਿੱਚ ਕ੍ਰਿਸਟੀਆਨਾ ਐਵੇਨਿਊ ‘ਤੇ ਪੈਂਦੇ ਸਾਲਵੇਸ਼ਨ ਆਰਮੀ ਵਿਖੇ ਭਾਈਚਾਰੇ ਦੇ ਸੇਵਾਦਾਰਾਂ ਵੱਲੋਂ ਭੋਜਨ ਪੈਕ ਕੀਤਾ ਗਿਆ ਅਤੇ ਲੋੜਵੰਦ ਪਰਿਵਾਰਾਂ ਨੂੰ ਸੌਂਪਿਆ ਗਿਆ। ਇਸ ਮੌਕੇ ਕਾਫੀ ਗਿਣਤੀ ਲੋੜਵੰਦ ਲੋਕ ਭੋਜਨ ਲੈਣ ਲਈ ਆਏ ਹੋਏ ਸਨ। ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰ 1992 ਤੋਂ ਇਹ ਸੇਵਾ ਕਰਦੇ ਆ ਰਹੇ ਹਨ।


ਜ਼ਿਕਰਯੋਗ ਹੈ ਕਿ ਇਹ ਥੈਂਕਸਗਿਵਿੰਗ ਲਈ ਇੱਕ ਰਵਾਇਤੀ ਭੋਜਨ ਹੈ। ਇਸ ਮੌਕੇ ਹਰ ਧਰਮ ਦੇ ਲੋਕ ਆਪਣੀ ਮਰਜ਼ੀ ਨਾਲ ਵਿੱਤੀ ਅਤੇ ਸੇਵਾ ਦਾ ਯੋਗਦਾਨ ਪਾਉਂਦੇ ਹਨ। ਲੋੜਵੰਦ ਲੋਕਾਂ ਨੂੰ ਇਸ ਮੌਕੇ ਭੋਜਨ ਮੁਹੱਈਆ ਕਰਨ ਦੀ ਸੇਵਾ ਕਰਨਾ ਬਹੁਤ ਮਾਣ ਅਤੇ ਸਨਮਾਨ ਦਿੰਦਾ ਹੈ। ਇਸ ਮੌਕੇ ਸੇਵਾ ਕਰ ਰਹੇ ਸੇਵਾਦਾਰਾਂ ਦਾ ਕਹਿਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਸਾਨੂੰ ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ, ਕਿਉਂਕਿ ਸੇਵਾ ਕਰਦੇ ਸਮੇਂ ਮਨੁੱਖ ਅੰਦਰ ਨਿਮਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸੇਵਾ ਕਰਨ ਨਾਲ ਮਨੁੱਖ ਆਪਣਾ ਹਉਮੈ ਵਾਲਾ ਸੁਭਾਅ ਤਿਆਗ ਦਿੰਦਾ ਹੈ ਅਤੇ ਇਸ ਤਰ੍ਹਾਂ ਸਮਾਜ ਵਿੱਚ ਸਤਿਕਾਰ ਪ੍ਰਾਪਤ ਕਰਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਉਦੋਂ ਪਰਮਾਤਮਾ ਦੀ ਕਿਰਪਾ ਵਿਸ਼ੇਸ਼ ਤੌਰ ‘ਤੇ ਮੌਜੂਦ ਹੁੰਦੀ ਹੈ, ਜਦੋਂ ਗਰੀਬਾਂ ਅਤੇ ਲੋੜਵੰਦਾਂ ਦੀ ਦੇਖਭਾਲ ਕੀਤੀ ਜਾਂਦੀ ਹੈ।

ਆਪਣੀ ਕਮਾਈ ਵਿੱਚੋਂ ਦਾਨ ਦੇਣਾ ਸੇਵਾ ਦਾ ਇੱਕ ਹੋਰ ਰੂਪ ਹੈ। ਵਿਅਕਤੀ ਨੂੰ ਆਪਣੀ ਕਮਾਈ ਗਰੀਬ ਅਤੇ ਲੋੜਵੰਦ ਲੋਕਾਂ (ਵੰਡ ਛਕਣਾ) ਨਾਲ ਸਾਂਝੀ ਕਰਨੀ ਚਾਹੀਦੀ ਹੈ। ਇਹ ਸਿੱਖ ਧਰਮ ਦੇ ਤਿੰਨ ਸੁਨਹਿਰੀ ਸਿਧਾਂਤਾਂ- ‘ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ’ ਵਿੱਚੋਂ ਇੱਕ ਹੈ।

ਸੇਵਾਦਾਰਾਂ ਅਨੁਸਾਰ ਥੈਂਕਸਗਿਵਿੰਗ ਮੌਕੇ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਕਿੰਨੇ ਧੰਨ ਹਾਂ, ਜੋ ਇੱਕ ਮੇਜ਼ ‘ਤੇ ਇੱਕ ਛੱਤ ਹੇਠ ਇਕੱਠਿਆਂ ਖਾਣਾ ਖਾਂਦੇ ਹਾਂ ਅਤੇ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਨਾਲ ਛੁੱਟੀਆਂ ਦਾ ਆਨੰਦ ਲੈਂਦੇ ਹਾਂ। ਸਾਲਵੇਸ਼ਨ ਆਰਮੀ ਵਿਖੇ ਥੈਂਕਸਗਿਵਿੰਗ ਮੌਕੇ ਬਹੁਤ ਸਾਰੇ ਲੋੜਵੰਦ ਲੋਕ ਆਪਣੇ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਆਉਂਦੇ ਹਨ, ਜਿਨ੍ਹਾਂ ਨੂੰ ਸ਼ਾਇਦ ਕੋਈ ਗਰਮ ਰਵਾਇਤੀ ਭੋਜਨ ਨਹੀਂ ਮਿਲਦਾ।

ਇਸ ਮੌਕੇ ਸਾਲਵੇਸ਼ਨ ਆਰਮੀ ਨੇ ਗਰਮ ਭੋਜਨ ਤਿਆਰ ਕੀਤਾ, ਜਿਸ ਵਿੱਚ ਟਰਕੀ, ਮੈਸ਼ ਆਲੂ, ਬੀਨਜ਼, ਮਿੱਠੇ ਆਲੂ, ਸਟਫਿੰਗ, ਬਰੈੱਡ ਰੋਲ ਅਤੇ ਪੇਠਾ ਪਾਈ ਆਦਿ ਸ਼ਾਮਲ ਸਨ। ਸਿੱਖ ਭਾਈਚਾਰੇ ਦੇ ਮੈਂਬਰਾਂ ਵੱਲੋਂ ਡੱਬਾਬੰਦ ਭੋਜਨ ਨਾਲ ਭਰੀ ਇੱਕ ਕਾਰਗੋ ਵੈਨ ਦਾਨ ਕੀਤੀ ਗਈ। ਸਿੱਖ ਭਾਈਚਾਰੇ ਦੇ ਕੁਝ ਹੋਰ ਮੈਂਬਰਾਂ ਨੇ 1700 ਡਾਲਰ ਇਕੱਠੇ ਕੀਤੇ ਅਤੇ ਸਾਲਵੇਸ਼ਨ ਆਰਮੀ ਦੇ ਕੈਪਟਨ ਨਿੱਕੀ ਹਿਊਜ਼ ਤੇ ਕੈਪਟਨ ਕੋਰੀ ਹਿਊਜ਼ ਨੂੰ ਸੌਂਪੇ।

ਇਸ ਤੋਂ ਇਲਾਵਾ ਭਾਈਚਾਰੇ ਦੇ ਸੇਵਾਦਾਰਾਂ ਨੇ ਸਾਲਵੇਸ਼ਨ ਆਰਮੀ ਲਈ ਹੋਰ ਵੀ ਸਮਾਨ ਖਰੀਦਿਆ ਸੀ। ਲੋੜਵੰਦ ਲੋਕਾਂ ਨੂੰ ਕੰਬਲ ਦਾਨ ਕੀਤੇ ਗਏ ਅਤੇ ਇਸ ਸੇਵਾ ਦਾ ਇਹ ਚੌਥਾ ਸਾਲ ਹੈ। ਸਾਲਵੇਸ਼ਨ ਆਰਮੀ ਨੇ ਸਿੱਖ ਕਮਿਊਨਿਟੀ ਦੇ ਮੈਂਬਰਾਂ ਦਾ ਉਨ੍ਹਾਂ ਦੀਆਂ ਨਿਰੰਤਰ ਸੇਵਾਵਾਂ, ਪੈਂਟਰੀ ਫੂਡ ਲਈ ਯੋਗਦਾਨ ਅਤੇ ਨਕਦ ਯੋਗਦਾਨ ਲਈ ਧੰਨਵਾਦ ਕੀਤਾ। ਚੇਤੇ ਰਹੇ, ਲੋੜਵੰਦ ਪਰਿਵਾਰ ਹਫ਼ਤੇ ਦੇ ਕੁਝ ਦਿਨ ਸਾਲਵੇਸ਼ਨ ਆਰਮੀ ਵਿਖੇ ਸਥਿਤ ਪੈਂਟਰੀ ਤੋਂ ਭੋਜਨ ਲੈਣ ਲਈ ਆਉਂਦੇ ਹਨ।






ਸਾਲਵੇਸ਼ਨ ਆਰਮੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਅਸੀਂ ਸਿੱਖ ਭਾਈਚਾਰੇ ਅਤੇ ਕਮਿਊਨਿਟੀਆਂ ਦੇ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਨੇਕ ਕੰਮ ਲਈ ਆਪਣਾ ਸਮਾਂ ਅਤੇ ਮਿਹਨਤ ਦੀ ਕਮਾਈ ਦਾ ਯੋਗਦਾਨ ਪਾਇਆ। ਉਨ੍ਹਾਂ ਭਵਿੱਖ ਵਿੱਚ ਵੀ ਅਜਿਹੀ ਸੇਵਾ ਦੀ ਉਮੀਦ ਜਤਾਈ। ਉਨ੍ਹਾਂ ਵਾਲੰਟੀਅਰਾਂ ਦਾ ਵੀ ਉਚੇਚਾ ਧੰਨਵਾਦ ਕੀਤਾ।

ਹੋਰ ਜਾਣਕਾਰੀ ਸ. ਸਰਵਣ ਸਿੰਘ ਬੋਲੀਨਾ ਪਾਸੋਂ ਈਮੇਲ: SamSinghRaju@gmail.com ਰਾਹੀਂ ਲਈ ਜਾ ਸਕਦੀ ਹੈ।

# ‘ਰੰਗਲਾ ਪੰਜਾਬ ਫੌਕਸ ਵੈਲੀ’ ਨੇ ਕਰਵਾਇਆ ਦੀਵਾਲੀ ਮੇਲਾ












**ਐਪਲਟਨ, ਵਿਸਕਾਨਸਿਨ (ਪੰਜਾਬੀ ਪਰਵਾਜ਼ ਬਿਊਰੋ):** ਬੀਤੇ ਦਿਨ ਵਿਸਕਾਨਸਿਨ ਸੂਬੇ ਦੇ ਸ਼ਹਿਰ ਆਸ਼ਕਸ਼ ਵਿੱਚ ਉਘੇ ਬਿਜਨਸਮੈਨ ਅਤੇ ਸਮਾਜ ਸੇਵੀ ਅੰਮ੍ਰਿਤਪਾਲ ਸਿੰਘ ਗਿੱਲ ਦੀ ਅਗਵਾਈ ਵਿੱਚ ‘ਰੰਗਲਾ ਪੰਜਾਬ ਫੌਕਸ ਵੈਲੀ’ ਵੱਲੋਂ ਬੰਦੀਛੋੜ ਦਿਵਸ ਅਤੇ ਦੀਵਾਲੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਕਾਫੀ ਗਿਣਤੀ ਵਿੱਚ ਭਾਰਤੀ ਭਾਈਚਾਰੇ ਨੇ ਹਿੱਸਾ ਲਿਆ। ਇਸ ਮੌਕੇ ਬੱਚਿਆਂ ਵੱਲੋਂ ਭੰਗੜਾ ਅਤੇ ਡਾਂਸ ਦੀਆਂ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ। ਚਾਰ ਵੱਖੋ ਵੱਖਰੇ ਗਰੁੱਪਾਂ ਤੋਂ ਇਲਾਵਾ ਕੁਝ ਬੱਚਿਆਂ ਨੇ ਨਿੱਜੀ ਤੌਰ ’ਤੇ ਵੀ ਪੇਸ਼ਕਾਰੀ ਕੀਤੀ। ਮੈਡੀਸਨ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਨੌਜਵਾਨ ਅਰਸ਼ਦੀਪ ਸਿੰਘ ਗਰੇਵਾਲ ਨੇ ਸਾਰਿਆਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਦਾ ਇਤਿਹਾਸ ਦੱਸਿਆ। ਭਗਵੰਤ ਸਿੰਘ ਬਾਲੀ ਨੇ ਵੀ ਬੰਦੀਛੋੜ ਦਿਵਸ ਬਾਰੇ ਚਾਨਣਾ ਪਾਇਆ।

ਰੰਗਲਾ ਪੰਜਾਬ ਫੌਕਸ ਵੈਲੀ ਦੇ ਅਹੁਦੇਦਾਰਾਂ ਅਤੇ ਭਾਈਚਾਰਕ ਸ਼ਖਸੀਅਤਾਂ ਵੱਲੋਂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ ਤਾਂ ਕਿ ਬੱਚੇ ਆਉਣ ਵਾਲੇ ਸਮੇਂ ਵਿੱਚ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਣ। ਸਥਾਨਕ ਮੂਲ ਦੇ ਇਲਾਕਾਈ ਕਾਰਪੋਰੇਟ ਸੈਕਟਰ ਦੇ ਨੁਮਾਇੰਦਿਆਂ ਨੇ ਹਾਜ਼ਰੀਨ ਨੂੰ ਸਮਾਗਮ ਦੀ ਵਧਾਈ ਦਿੱਤੀ ਅਤੇ ਵਿੱਤੀ ਸਹਿਯੋਗ ਦਿੱਤਾ। ਸਮਾਗਮ ਦੀ ਕੋਈ ਟਿਕਟ ਨਹੀਂ ਸੀ। ਇਸ ਮੌਕੇ ਸਮੂਹ ਭਾਈਚਾਰੇ ਲਈ ਲੰਗਰ-ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਆਏ ਹੋਏ ਸਪਾਂਸਰਾਂ ਦਾ ਵੀ ਸਨਮਾਨ ਕੀਤਾ ਗਿਆ।




ਇਸ ਮੌਕੇ ਅੰਮ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਇਹ ਪ੍ਰੋਗਰਾਮ ਕਰਵਾਉਣ ਦਾ ਮਕਸਦ ਸਾਡੀ ਨਵੀਂ ਪੀੜ੍ਹੀ ਨੂੰ ਬੰਦੀਛੋੜ ਦਿਵਸ ਦੇ ਸਬੰਧ ਵਿੱਚ ਗੁਰੂਆਂ ਦੇ ਦੱਸੇ ਰਾਹ ਉਤੇ ਚੱਲਣ ਲਈ ਪ੍ਰੇਰਿਤ ਕਰਨਾ ਅਤੇ ਇਤਿਹਾਸ ਵਿੱਚ ਦਰਜ ਗੁਰੂ ਸਾਹਿਬਾਨ ਦੇ ਵਿਚਾਰਾਂ ਨਾਲ ਜੋੜਨਾ ਹੈ। ਇਸ ਤੋਂ ਇਲਾਵਾ ਸਾਡਾ ਮਕਸਦ ਆਪਣੇ ਵਿਰਸੇ ਤੇ ਸੱਭਿਆਚਾਰ ਨੂੰ ਪ੍ਰੋਮੋਟ ਕਰਨਾ ਹੈ ਤਾਂ ਜੋ ਇੱਥੇ ਜੰਮੀ ਨੀਵੀਂ ਪੰਜਾਬੀ ਪੀੜ੍ਹੀ ਨੂੰ ਸਾਡੇ ਤਿਓਹਾਰਾਂ ਬਾਰੇ ਪਤਾ ਲੱਗ ਸਕੇ। ਉਨ੍ਹਾਂ ਇਸ ਗੱਲ ‘ਤੇ ਤਸੱਲੀ ਪ੍ਰਗਟਾਈ ਕਿ ਸਮਾਗਮ ਵਿੱਚ ਸ਼ਾਮਲ ਬੱਚਿਆਂ ਨੇ ਅੱਗੇ ਨਾਲੋਂ ਵੀ ਵਧੀਆ ਪੇਸ਼ਕਾਰੀ ਕੀਤੀ ਹੈ ਅਤੇ ਪੇਸ਼ਕਾਰੀਆਂ ਕਰਨ ਸਮੇਂ ਗਿਣਤੀ ਵਿੱਚ ਵੀ ਵੱਧ ਸ਼ਾਮਲ ਹੋਏ ਹਨ; ਇਹ ਚੰਗੀ ਗੱਲ ਹੈ ਅਤੇ ਮਨੋਰੰਜਨ ਭਰਪੂਰ ਵੀ। ਅੰਮ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ‘ਰੰਗਲਾ ਪੰਜਾਬ ਫੌਕਸ ਵੈਲੀ’ ਵੱਲੋਂ ਵਿਸਾਖੀ ਮੇਲਾ ਵੀ ਕਰਵਾਇਆ ਜਾਵੇਗਾ, ਜਿਸ ਦੀ ਤਰੀਕ, ਸਮਾਂ ਤੇ ਸਥਾਨ ਬਾਰੇ ਜਲਦੀ ਹੀ ਫੌਕਸ ਵੈਲੀ ਦੇ ਪੰਜਾਬੀ ਭਾਈਚਾਰੇ ਨੂੰ ਜਾਣਕਾਰੀ ਦਿੱਤੀ ਜਾਵੇਗੀ।



# ਜ਼ਹਿਰੀ ਹੋਏ ਆਬ

## ਮਾਲਵੇ ਤੋਂ ਬਾਅਦ ਹੁਣ ਮਾਝੇ ਦੇ ਪਾਣੀ 'ਚ ਮਿਲੇ ਆਰਸੈਨਿਕ ਤੇ ਯੂਰੇਨੀਅਮ ਵਰਗੇ ਜ਼ਹਿਰੀ ਤੱਤ

ਡਿੰਕਲ ਪੋਪਲੀ

"ਆਰਸੈਨਿਕ ਦੀ ਵੱਧ ਮਾਤਰਾ ਅੰਮ੍ਰਿਤਸਰ ਦੇ ਪਾਣੀ ਨੂੰ ਵੱਡੇ ਪੱਧਰ 'ਤੇ ਜ਼ਹਿਰੀਲਾ ਬਣਾ ਚੁੱਕੀ ਹੈ। ਤਰਨ-ਤਾਰਨ ਦੇ ਪਾਣੀ 'ਚ ਯੂਰੇਨੀਅਮ ਹੋਣ ਕਰਕੇ ਉੱਥੋਂ ਦੇ ਲੋਕਾਂ 'ਚ ਕੈਂਸਰ ਦਾ ਖਦਸ਼ਾ ਬਹੁਤ ਵੱਧ ਗਿਆ ਹੈ।" ਇਹ ਨਤੀਜੇ, ਮਈ 2024 'ਚ ਮੁਕੰਮਲ ਹੋਏ 'ਪੰਜਾਬ ਦੀ ਮਾਝਾ ਪੱਟੀ ਦੇ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ ਅਤੇ ਸੰਭਾਵੀ ਤੌਰ 'ਤੇ ਜ਼ਹਿਰੀਲੇ ਤੱਤਾਂ ਦੇ ਪ੍ਰਦੂਸ਼ਣ ਅਤੇ ਸਿਹਤ ਦੇ ਜੋਖ਼ਮ ਮੁਲੰਕਣ' ਦੇ ਹਨ। ਇਹ ਅਧਿਐਨ ਪੁੱਡੂਚੇਰੀ ਯੂਨੀਵਰਸਿਟੀ ਦੇ ਰਿਸਰਚ ਐਸੋਸੀਏਟ ਐੱਮ ਸ੍ਰੀਧਰਨ, ਪ੍ਰੋਫੈਸਰ ਸੇਥਿਲ ਨਾਥਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਪ੍ਰੋਫੈਸਰ ਹਰਦੇਵ ਸਿੰਘ ਵਿਰਕ ਵੱਲੋਂ ਕੀਤਾ ਗਿਆ ਹੈ।

ਬੇਸ਼ਕ ਬਦਲ ਰਹੀ ਜੀਵਨ ਸ਼ੈਲੀ, ਖਾਣ-ਪੀਣ ਦੀਆਂ ਆਦਤਾਂ, ਸਰੀਰਕ ਕਸਰਤ ਦੀ ਘਾਟ ਵੱਧਦੀ ਬਿਮਾਰੀਆਂ ਲਈ ਜ਼ਿੰਮੇਵਾਰ ਹੈ; ਪਰ ਇਨ੍ਹਾਂ ਮੌਜੂਦਾ ਕਾਰਨਾਂ 'ਚ ਵਾਧਾ ਪਾ ਰਿਹਾ ਹੈ ਖਿੱਤੇ 'ਚ ਤੇਜ਼ੀ ਨਾਲ ਵੱਧ ਰਿਹਾ ਪਾਣੀ ਦਾ ਪ੍ਰਦੂਸ਼ਣ। ਕੁਝ ਸਾਲ ਪਹਿਲਾਂ ਤੱਕ ਪ੍ਰਦੂਸ਼ਿਤ ਪਾਣੀ ਦੀ ਸਮੱਸਿਆ ਜੋ ਸਿਰਫ਼ ਪੰਜਾਬ ਦੇ ਮਾਲਵਾ ਖ਼ੇਤਰ ਤੱਕ ਹੀ ਸੀਮਤ ਸੀ, ਹੁਣ ਮਾਝੇ 'ਚ ਵੀ ਉਨਾ ਹੀ ਗੰਭੀਰ ਰੂਪ ਧਾਰ ਚੁੱਕੀ ਹੈ।

ਪੰਜਾਬ ਦੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਇਲਾਕੇ ਨੂੰ ਮਾਝਾ ਕਿਹਾ ਜਾਂਦਾ ਹੈ, ਜਿਸ ਵਿੱਚ ਮੁੱਖ ਤੌਰ ਉੱਤੇ ਚਾਰ ਜ਼ਿਲ੍ਹੇ ਆਉਂਦੇ ਹਨ। ਮਾਝੇ ਦਾ ਸਭ ਤੋਂ ਵੱਡਾ ਸ਼ਹਿਰ ਅੰਮ੍ਰਿਤਸਰ ਹੈ, ਜਿਸਦਾ ਨਾਮ ਹੀ ਅੰਮ੍ਰਿਤ ਦੇ ਸਰੋਵਰ ਦੇ ਨਾਂ ਉੱਤੇ ਰੱਖਿਆ ਗਿਆ ਸੀ। ਦੂਜਾ ਜ਼ਿਲ੍ਹਾ ਹੈ ਗੁਰਦਾਸਪੁਰ, ਜਿੱਥੋਂ ਪੰਜਾਬ ਦੇ ਦੋ ਵੱਡੇ ਦਰਿਆ ਰਾਵੀ ਅਤੇ ਬਿਆਸ ਲੰਘਦੇ ਹਨ। ਤੀਜੇ ਜ਼ਿਲ੍ਹੇ ਤਰਨਤਾਰਨ ਵਿੱਚ ਹਰੀਕੇ ਪੱਤਣ ਉੱਤੇ ਸਤਲੁਜ ਤੇ ਬਿਆਸ ਦਾ ਸੰਗਮ ਹੁੰਦਾ ਹੈ ਅਤੇ ਚੌਥਾ ਪਠਾਨਕੋਟ ਰਾਵੀ ਕੰਢੇ ਵਸਿਆ ਇਲਾਕਾ ਹੈ, ਜੋ ਹਿਮਾਚਲ ਤੇ ਜੰਮੂ-ਕਸ਼ਮੀਰ ਨਾਲ ਵੀ ਸਰਹੱਦ ਸਾਂਝੀ ਕਰਦਾ ਹੈ।

ਤਾਜ਼ਾ ਅਧਿਐਨ ਦੱਸਦੇ ਹਨ ਕਿ ਮਾਝਾ ਹੁਣ ਦੂਸ਼ਿਤ ਪਾਣੀ ਤੋਂ ਪੈਦਾ ਹੋਣ ਵਾਲੇ ਸੰਭਾਵੀ ਸਿਹਤ ਸੰਕਟ ਵੱਲ ਵਧ ਰਿਹਾ ਹੈ। ਮਾਝੇ ਦੀ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ, ਆਇਰਨ ਅਤੇ ਨਾਈਟ੍ਰੇਟ ਵਰਗੇ ਰਸਾਇਣਕ ਤੱਤ ਪਾਏ ਗਏ ਹਨ। ਇਨ੍ਹਾਂ ਤੱਤਾਂ ਦੀ ਮਾਝੇ ਦੇ ਪਾਣੀ ਵਿੱਚ ਮੌਜੂਦਗੀ ਦੀ ਮਾਤਰਾ ਵਿਸ਼ਵ ਸਿਹਤ ਸੰਗਠਨ (ਡਬਲਿਊ.ਐੱਚ.ਓ.) ਅਤੇ ਭਾਰਤੀ ਮਿਆਰ ਬਿਊਰੋ (ਬੀ.ਆਈ.ਐੱਸ.) ਵਲੋਂ ਨਿਧਾਰਤ ਮਾਪਦੰਡ ਨਾਲੋਂ ਕਈ ਗੁਣਾ ਵੱਧ ਪਾਈ ਗਈ ਹੈ। ਮਿਸਾਲ ਵਜੋਂ ਡਬਲਿਊ.ਐੱਚ.ਓ. ਅਤੇ ਬੀ.ਆਈ.ਐੱਸ. ਮੁਤਾਬਕ ਪਾਣੀ 'ਚ ਆਰਸੈਨਿਕ ਦੀ ਮਾਤਰਾ 0.05 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ; ਪਰ ਮਾਝੇ ਦੇ ਚਾਰਾਂ ਜ਼ਿਲ੍ਹਿਆਂ ਵਿੱਚ ਇਹ ਮਾਤਰਾ ਕੁਝ ਇਸ ਤਰ੍ਹਾਂ ਹੈ:

**ਮਾਝੇ ਦੇ ਪਾਣੀ ਵਿੱਚ ਆਰਸੈਨਿਕ ਦੀ ਮਾਤਰਾ**

ਅੰਮ੍ਰਿਤਸਰ- 0.187 ਮਿਲੀਗ੍ਰਾਮ/ਲੀਟਰ
ਗੁਰਦਾਸਪੁਰ- 0.168 ਮਿਲੀਗ੍ਰਾਮ/ਲੀਟਰ
ਤਰਨਤਾਰਨ- 0.100 ਮਿਲੀਗ੍ਰਾਮ/ਲੀਟਰ
ਪਠਾਨਕੋਟ- 0.102 ਮਿਲੀਗ੍ਰਾਮ/ਲੀਟਰ

ਡਬਲਿਊ.ਐੱਚ.ਓ. ਅਤੇ ਬੀ.ਆਈ.ਐੱਸ. ਮੁਤਾਬਕ ਪਾਣੀ 'ਚ ਯੂਰੇਨੀਅਮ ਦੀ ਮਾਤਰਾ 0.03 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ।

**ਮਾਝੇ ਦੇ ਪਾਣੀ 'ਚ ਯੂਰੇਨੀਅਮ**

ਅੰਮ੍ਰਿਤਸਰ- 0.59 ਮਿਲੀਗ੍ਰਾਮ/ਲੀਟਰ
ਗੁਰਦਾਸਪੁਰ- 0.01 ਮਿਲੀਗ੍ਰਾਮ/ਲੀਟਰ
ਤਰਨਤਾਰਨ- 0.3 ਮਿਲੀਗ੍ਰਾਮ/ਲੀਟਰ

ਡਬਲਿਊ.ਐੱਚ.ਓ. ਮੁਤਾਬਕ ਪਾਣੀ 'ਚ ਨਾਈਟ੍ਰੇਟ ਦੀ ਮਾਤਰਾ 50 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ।

**ਮਾਝੇ ਦੇ ਪਾਣੀ ਚ ਨਾਈਟ੍ਰੇਟ ਦੀ ਮਾਤਰਾ**

ਅੰਮ੍ਰਿਤਸਰ- 314 ਮਿਲੀਗ੍ਰਾਮ/ਲੀਟਰ
ਗੁਰਦਾਸਪੁਰ- 122 ਮਿਲੀਗ੍ਰਾਮ/ਲੀਟਰ
ਤਰਨਤਾਰਨ -182 ਮਿਲੀਗ੍ਰਾਮ/ਲੀਟਰ
ਪਠਾਨਕੋਟ- 78 ਮਿਲੀਗ੍ਰਾਮ/ਲੀਟਰ

ਰਿਸਰਚ ਐਸੋਸੀਏਟ ਸ੍ਰੀਧਰਨ ਦੱਸਦੇ ਹਨ ਕਿ ਇਹ ਅਧਿਐਨ ਪੰਜਾਬ 'ਚ ਕੀਤਾ ਗਿਆ ਹੈ, ਕਿਉਂਕਿ ਇਹ ਭਾਰਤ ਦੇ ਉਨ੍ਹਾਂ ਰਾਜਾਂ ਵਿੱਚੋਂ ਇੱਕ ਹੈ, ਜਿੱਥੇ ਖੇਤੀਬਾੜੀ ਗਤੀਵਿਧੀਆਂ ਕਰਕੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦਾ ਸਭ ਤੋਂ ਵੱਧ ਸ਼ੋਸ਼ਣ ਹੁੰਦਾ ਹੈ। ਉਹ ਦੱਸਦੇ ਹਨ, "ਸੈਂਟਰਲ ਗਰਾਊਂਡ ਵਾਟਰ ਬੋਰਡ, 2022 ਦੀ ਰਿਪੋਰਟ ਅਨੁਸਾਰ ਪੰਜਾਬ ਪ੍ਰਦੂਸ਼ਿਤ ਪਾਣੀ ਵਾਲੇ ਸੂਬਿਆਂ ਦੀ ਸੂਚੀ ਵਿੱਚ ਸਿਖ਼ਰ 'ਤੇ ਸੀ। ਇਸ ਤੋਂ ਬਾਅਦ ਪੱਛਮੀ ਬੰਗਾਲ ਅਤੇ ਅਸਾਮ ਹਨ।"

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪ੍ਰਦੂਸ਼ਣ ਲਗਾਤਾਰ ਪੰਪਿੰਗ, ਨਹਿਰੀ ਸਿੰਚਾਈ ਅਤੇ ਨਾਈਟ੍ਰੇਟ ਜਾਂ ਫਾਸਫੇਟ-ਆਧਾਰਤ ਖਾਦਾਂ ਦੀ ਵਰਤੋਂ ਨਾਲ ਸਭ ਤੋਂ ਵੱਧ ਹੁੰਦਾ ਹੈ। ਇਸ ਐਧਿਐਨ ਦਾ ਮਕਸਦ ਧਰਤੀ ਹੇਠਲੇ ਪਾਣੀ ਵਿੱਚ ਸੰਭਾਵੀ ਤੌਰ 'ਤੇ ਰਸਾਇਣਕ ਤੱਤਾਂ ਜਿਵੇਂ ਕਿ ਆਰਸੈਨਿਕ, ਯੂਰੇਨੀਅਮ, ਆਇਰਨ ਤੇ ਨਾਈਟ੍ਰੇਟ ਦੀ ਮਾਤਰਾ ਅਤੇ ਮਨੁੱਖੀ ਸਿਹਤ 'ਤੇ ਇਸ ਦੇ ਨੁਕਸਾਨਦੇਹ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ ਸੀ। ਪਾਣੀ ਦੇ ਨਮੂਨੇ ਮਾਝਾ ਪੱਟੀ ਤੋਂ ਲਏ ਗਏ ਸਨ।

ਜ਼ਿਕਰਯੋਗ ਹੈ ਕਿ ਜਦੋਂ ਸੁਰੱਖਿਅਤ ਮਾਤਰਾ ਤੋਂ ਵੱਧ ਅਜਿਹੇ ਰਸਾਇਣ ਸਾਡੇ ਸਰੀਰ 'ਚ ਦਾਖ਼ਲ ਹੁੰਦੇ ਹਨ ਤਾਂ ਉਹ ਬਿਮਾਰੀਆਂ ਦਾ ਘਰ ਬਣਦੇ ਹਨ। ਅਜਿਹੇ ਤੱਤਾਂ ਦੀ ਲਗਾਤਾਰ ਖ਼ਪਤ ਨਾਲ ਗੁਰਦੇ, ਜਿਗਰ ਦੇ ਰੋਗ, ਬਾਂਝਪਣ, ਇੱਥੋਂ ਤੱਕ ਕਿ ਕੈਂਸਰ ਵਰਗੀਆਂ ਸਮੱਸਿਆਵਾਂ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਦੇ ਸ਼ਬਦਾਂ ਵਿੱਚ "ਇਹ ਤਾਂ ਸਾਫ਼ ਹੈ ਕਿ ਇਲਾਕੇ ਵਿੱਚ ਜਾਨਲੇਵਾ ਰੋਗਾਂ ਵਿੱਚ ਵਾਧਾ ਹੋ ਰਿਹਾ ਹੈ, ਪਰ ਇਸ ਪਿੱਛੇ ਬਹੁਤ ਸਾਰੇ ਵੱਖ ਵੱਖ ਕਾਰਨ ਹਨ। ਮੁੱਖ ਤੌਰ 'ਤੇ ਖਾਣ-ਪੀਣ ਅਤੇ ਜੀਵਨਸ਼ੈਲੀ 'ਚ ਆ ਰਹੇ ਬਦਲਾਵ ਦੇ ਨਾਲ ਜਦੋਂ ਮਨੁੱਖੀ ਸਰੀਰ ਵਧੇ ਪ੍ਰਦੂਸ਼ਣ ਦੀ ਮਾਰ ਝੱਲਦਾ ਹੈ ਤਾਂ ਇਨ੍ਹਾਂ ਬਿਮਾਰੀਆਂ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਲੰਬੇ ਸਮੇਂ ਤੱਕ ਪ੍ਰਦੂਸ਼ਿਤ ਪਾਣੀ ਪੀਣ ਨਾਲ ਸਿਹਤ 'ਤੇ ਮਾੜਾ ਅਸਰ ਪੈਣਾ ਲਾਜ਼ਮੀ ਹੈ।"

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਦਿੱਲੀ ਦੇ ਕਲੀਨਿਕਲ ਈਕੋਟੌਕਸਿਕਲੋਜੀ ਡਾਇਗਨੌਸਟਿਕ ਐਂਡ ਰਿਸਰਚ ਫਸੀਲਿਟੀ ਦੇ ਸੰਸਥਾਪਕ ਅਤੇ ਸਰੀਰ ਵਿਗਿਆਨ ਵਿਭਾਗ ਦੇ ਮੁਖੀ ਡਾ. ਏ. ਸ਼ਰੀਫ਼ ਇਸਦੇ ਪਿੱਛੇ ਮਨੁੱਖੀ ਅਤੇ ਕੁਦਰਤੀ ਕਾਰਨ ਮੰਨਦੇ ਹਨ। ਡਾ. ਸ਼ਰੀਫ਼ ਕਹਿੰਦੇ ਹਨ, "ਇਹ ਰਸਾਇਣ ਪਹਾੜੀ ਇਲਾਕਿਆਂ ਤੋਂ ਆ ਰਹੇ ਪਾਣੀ ਦੇ ਨਾਲ ਮੈਦਾਨੀ ਇਲਾਕਿਆਂ 'ਚ ਵੱਡੀ ਮਾਤਰਾ ਨਾਲ ਜਮ੍ਹਾਂ ਹੋ ਜਾਂਦੇ ਹਨ। ਇਹ ਪ੍ਰਦੂਸ਼ਿਤ ਪਾਣੀ ਦਾ ਕੁਦਰਤੀ ਸਰੋਤ ਹੈ; ਪਰ ਪੰਜਾਬ 'ਚ ਕਿਸਾਨਾਂ ਵਲੋਂ ਖੇਤੀਬਾੜੀ ਲਈ ਕੀਟਨਾਸ਼ਕ ਅਤੇ ਖਾਦ ਦੀ ਬਹੁਤ ਜ਼ਿਆਦਾ ਮਾਤਰਾ 'ਚ ਵਰਤੋਂ ਕੀਤੀ ਜਾਂਦੀ ਹੈ। ਇਹ ਰਸਾਇਣ ਪਾਣੀ 'ਚ ਘੁਲ ਕੇ ਉਸ ਨੂੰ ਪ੍ਰਦੂਸ਼ਿਤ ਬਣਾਉਂਦੇ ਹਨ।"

ਕਿਉਂਕਿ ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਬਹੁਤ ਡੂੰਘਾ ਹੋ ਗਿਆ ਹੈ, ਇਸ ਕਰਕੇ ਪਾਣੀ ਬਹੁਤ ਡੂੰਘਾਈ 'ਚੋਂ ਕੱਢਿਆ ਜਾ ਰਿਹਾ ਹੈ। ਬਹੁਤ ਜ਼ਿਆਦਾ ਡੂੰਘਾਈ 'ਚੋਂ ਨਿਕਲੇ ਪਾਣੀ ਵਿੱਚ ਆਮ ਤੌਰ 'ਤੇ ਇਨ੍ਹਾਂ ਤੱਤਾਂ ਦੀ ਮਾਤਰਾ ਕਾਫੀ ਵੱਧ ਹੁੰਦੀ ਹੈ। ਅਜਿਹਾ ਪਾਣੀ ਪੀਣ ਨਾਲ ਸਰੀਰ 'ਤੇ ਇੱਕੋ ਦਮ ਕੋਈ ਅਸਰ ਨਹੀਂ ਆਉਂਦਾ, ਪਰ ਕਿਉਂਕਿ ਇਸਦਾ ਸੇਵਨ ਰੋਜ਼ਾਨਾ ਕੀਤਾ ਜਾ ਰਿਹਾ ਹੈ, ਹੌਲੀ ਹੌਲੀ ਇਹ ਤੱਤ ਸਾਡੇ ਸਰੀਰ 'ਚ ਜਮ੍ਹਾ ਹੁੰਦੇ ਜਾਂਦੇ ਹਨ ਅਤੇ ਰੋਗਾਂ ਦੇ ਖ਼ਦਸ਼ੇ ਨੂੰ ਵਧਾਉਂਦੇ ਹਨ।

ਮਾਝੇ ਖੇਤਰ ਵਿੱਚ ਵਧ ਰਹੇ ਪਾਣੀ ਦੇ ਪ੍ਰਦੂਸ਼ਣ ਦੀ ਜਵਾਬਦੇਹੀ ਲਈ ਜਲ ਸਰੋਤ ਵਿਭਾਗ ਨੇ ਜਲ ਸ਼ਕਤੀ ਮੰਤਰਾਲੇ 'ਤੇ ਜ਼ਿੰਮੇਵਾਰੀ ਪਾਉਂਦਿਆਂ ਕਿਹਾ, "ਹਰ ਸਾਲ ਜਲ ਸ਼ਕਤੀ ਵਿਭਾਗ ਪੰਜਾਬ ਵਿੱਚ ਪਾਣੀ ਦੀ ਗੁਣਵੱਤਾ ਦਾ ਸਰਵੇਖਣ ਕਰਦਾ ਹੈ ਅਤੇ ਅਜਿਹੀਆਂ ਚਿੰਤਾਵਾਂ ਨੂੰ ਦੂਰ ਕਰਦਾ ਹੈ।" ਪੰਜਾਬ ਅਤੇ ਹਰਿਆਣਾ 'ਚ ਜਲ ਸਰੋਤ ਵਿਭਾਗ ਦੇ ਜਲ ਸ਼ਕਤੀ ਮੰਤਰਾਲੇ ਦੇ ਕਾਰਜਾਂ ਦੀ ਮੁਖੀ ਵਿਦਿਆ ਨੰਦ ਨੇਗੀ ਮੁਤਾਬਕ, "ਬਿਲਕੁਲ ਅਸੀਂ ਪਾਣੀ ਦੀ ਗੁਣਵੱਤਾ ਜਾਂਚ ਸਰਵੇਖਣ ਕਰਦੇ ਹਾਂ, ਅਤੇ ਪੰਜਾਬ ਵਿੱਚ ਪਾਣੀ ਦੀ ਸਥਿਤੀ ਕਾਫ਼ੀ ਚਿੰਤਾਜਨਕ ਹੈ। ਸਰਕਾਰ ਕੋਲ ਇਹ ਚਿੰਤਾਜਨਕ ਰਿਪੋਰਟਾਂ ਹਨ ਅਤੇ ਹੁਣ ਇਸ ਮੁੱਦੇ ਨੂੰ ਹੱਲ ਕਰਨ ਲਈ ਕਾਰਵਾਈ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।"

# ਈ-ਕੂੜੇ ਦੀ ਤਸਕਰੀ ਦਾ ਕੌਮਾਂਤਰੀ ਧੰਦਾ !

ਨਵੀਨ ਸਿੰਘ

ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਈ-ਕੂੜਾ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਕੂੜਾ-ਕਰਕਟ ਹੈ। 2022 ਵਿੱਚ 62 ਮਿਲੀਅਨ ਟਨ ਕੂੜਾ ਪੈਦਾ ਹੋਇਆ, ਜੋ ਕਿ 2010 ਤੋਂ 82 ਫੀਸਦ ਵੱਧ ਹੈ। ਈ-ਕੂੜੇ ਦੇ ਵਧਣ ਪਿੱਛੇ ਮੁੱਖ ਤੌਰ 'ਤੇ ਸਾਡੇ ਸਮਾਜ ਦਾ ਇਲੈਕਟ੍ਰੋਨਾਈਜ਼ੇਸ਼ਨ ਹੋਣਾ ਹੈ। ਸਮਾਰਟ ਫੋਨ ਅਤੇ ਕੰਪਿਊਟਰ ਤੋਂ ਲੈ ਕੇ ਘਰੇਲੂ ਉਪਕਰਨ ਜਿਵੇਂ ਕਿ ਟੀ.ਵੀ. ਅਤੇ ਸਮਾਰਟ ਅਲਾਰਮ ਤੋਂ ਲੈ ਕੇ ਇਲੈਕਟ੍ਰਾਨਿਕ ਡਿਵਾਈਸਾਂ ਨਾਲ ਆਟੋ-ਮੋਬਾਈਲ ਦੀ ਮੰਗ ਲਗਾਤਾਰ ਵਧ ਰਹੀ ਹੈ।

ਇਸ ਸਾਲ ਸੰਯੁਕਤ ਰਾਸ਼ਟਰ ਦੀ ਵਪਾਰ ਅਤੇ ਵਿਕਾਸ ਰਿਪੋਰਟ ਅਨੁਸਾਰ ਸਾਲਾਨਾ ਸਮਾਰਟਫੋਨ ਦੀ ਸ਼ਿਪਮੈਂਟ 2010 ਤੋਂ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ। ਇਹ ਸ਼ਿਪਮੈਂਟ 2023 ਵਿੱਚ 1.2 ਬਿਲੀਅਨ ਤੱਕ ਪਹੁੰਚ ਗਈ। ਸੰਯੁਕਤ ਰਾਸ਼ਟਰ ਮੁਤਾਬਕ ਦੁਨੀਆ ਦੇ ਸਿਰਫ਼ 15 ਫ਼ੀਸਦ ਈ-ਕੂੜੇ ਨੂੰ ਹੀ ਰੀਸਾਇਕਲ ਕੀਤਾ ਜਾਂਦਾ ਹੈ। ਇਸ ਲਈ ਕੁਝ ਬੇਈਮਾਨ ਕੰਪਨੀਆਂ ਇਸ ਕੂੜੇ ਨੂੰ ਕਿਤੇ ਹੋਰ ਉਤਾਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਦੇ ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਉਹ ਵਿਕਸਤ ਦੇਸ਼ਾਂ ਅਤੇ ਤੇਜ਼ੀ ਨਾਲ ਉੱਭਰ ਰਹੀਆਂ ਅਰਥਵਿਵਸਥਾਵਾਂ ਤੋਂ ਈ-ਕੂੜੇ ਦੀ ਤਸਕਰੀ ਵਿੱਚ ਵੱਡੇ ਪੱਧਰ 'ਤੇ ਵਾਧਾ ਦੇਖ ਰਹੇ ਹਨ।

ਅਜਿਹੇ ਕੂੜੇ ਨੂੰ ਉਨ੍ਹਾਂ ਦੇ ਗੁੰਝਲਦਾਰ ਢਾਂਚੇ, ਜ਼ਹਿਰੀਲੇ ਰਸਾਇਣਾਂ, ਧਾਤਾਂ, ਪਲਾਸਟਿਕਾਂ ਅਤੇ ਤੱਤਾਂ ਦੇ ਕਾਰਨ ਰੀਸਾਇਕਲ ਕਰਨਾ ਮੁਸ਼ਕਲ ਹੈ। ਇਹ ਆਸਾਨੀ ਨਾਲ ਵੱਖ ਅਤੇ ਰੀਸਾਇਕਲ ਨਹੀਂ ਕੀਤੇ ਜਾ ਸਕਦੇ ਹਨ। ਇੱਥੋਂ ਤੱਕ ਕਿ ਵਿਕਸਤ ਦੇਸ਼ਾਂ ਕੋਲ ਵੀ ਈ-ਕੂੜਾ ਪ੍ਰਬੰਧਨ ਦੀ ਕੋਈ ਢੁਕਵੀਂ ਪ੍ਰਣਾਲੀ ਨਹੀਂ ਹੈ। ਵਿਸ਼ਵ ਕਸਟਮਜ਼ ਆਰਗੇਨਾਈਜ਼ੇਸ਼ਨ ਮੁਤਾਬਕ ਇਹ ਹੁਣ ਸਭ ਤੋਂ ਵੱਧ ਅਕਸਰ ਜ਼ਬਤ ਕੀਤੀ ਜਾਣ ਵਾਲੀ ਵਸਤੂ ਹੈ, ਜੋ ਵਿਸ਼ਵ ਪੱਧਰ 'ਤੇ ਜ਼ਬਤ ਕੀਤੇ ਜਾਂਦੇ ਹਰ ਕਿਸਮ ਦੇ ਕੂੜੇ ਵਿੱਚੋਂ



ਛੇ 'ਚੋਂ ਇੱਕ ਹੈ। ਵਰਲਡ ਕਸਟਮਜ਼ ਆਰਗੇਨਾਈਜ਼ੇਸ਼ਨ ਦੀ ਪਿਛਲੀ ਰਿਪੋਰਟ ਵਿੱਚ ਦਿਖਾਇਆ ਗਿਆ ਹੈ ਕਿ ਮਿਆਦ ਪੁਗਾ ਚੁੱਕੇ ਮੋਟਰ ਵਾਹਨਾਂ ਦੀ ਤਸਕਰੀ ਵਿੱਚ ਲਗਭਗ 700 ਫ਼ੀਸਦ ਦਾ ਵਾਧਾ ਹੋਇਆ ਹੈ, ਜੋ ਕਿ ਈ-ਕੂੜੇ ਦਾ ਇੱਕ ਵੱਡਾ ਸਰੋਤ ਹੈ।

ਵਿਸ਼ਵ ਸਿਹਤ ਸੰਗਠਨ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਈ-ਕੂੜੇ ਵਿੱਚ ਪਲਾਸਟਿਕ ਤੇ ਧਾਤਾਂ ਨੂੰ ਸੁੱਟਣਾ ਜਾਂ ਸਾੜਨਾ ਮਨੁੱਖੀ ਸਿਹਤ ਲਈ ਬਹੁਤ ਖਤਰਨਾਕ ਸਾਬਿਤ ਹੋ ਸਕਦਾ ਹੈ ਅਤੇ ਇਸ ਨਾਲ ਵਾਤਾਵਰਣ 'ਤੇ ਵੀ ਮਾੜਾ ਪ੍ਰਭਾਵ ਪੈ ਸਕਦਾ ਹੈ। ਰਿਪੋਰਟ ਅਨੁਸਾਰ ਬਹੁਤ ਸਾਰੇ ਦੇਸ਼ਾਂ ਵਿੱਚ ਔਰਤਾਂ ਅਤੇ ਬੱਚਿਆਂ ਸਣੇ ਗੈਰ-ਸਿਖਿਅਤ ਲੋਕ ਈ-ਕੂੜਾ ਰੀਸਾਇਕਲਿੰਗ ਕਰਨ ਦਾ ਕੰਮ ਬਿਨਾਂ ਸੁਰੱਖਿਆ ਉਪਕਰਨਾਂ ਅਤੇ ਬੁਨਿਆਦੀ ਢਾਂਚੇ ਤੋਂ ਕਰਦੇ ਹਨ। ਇਸ ਨਾਲ ਉਹ ਲੀਡ ਵਰਗੇ ਜ਼ਹਿਰੀਲੇ ਪਦਾਰਥਾਂ ਦੇ ਸੰਪਰਕ ਵਿੱਚ ਆ ਰਹੇ ਹਨ। ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਅਤੇ ਡਬਲਯੂ.ਐੱਚ.ਓ. ਦਾ ਅੰਦਾਜ਼ਾ ਹੈ ਕਿ ਗੈਰ-ਰਸਮੀ ਰੀਸਾਈਕਲਿੰਗ ਸੈਕਟਰ ਵਿੱਚ ਕੰਮ ਕਰਨ ਵਾਲੀਆਂ ਲੱਖਾਂ ਔਰਤਾਂ ਅਤੇ ਬਾਲ ਮਜ਼ਦੂਰ ਕਈ ਰੋਗਾਂ ਨਾਲ ਪ੍ਰਭਾਵਿਤ ਹੁੰਦੇ ਹਨ। ਇਸ ਨਾਲ ਬੱਚਿਆਂ ਵਿੱਚ ਤੰਤੂ-ਵਿਕਾਸ ਅਤੇ ਤੰਤੂ-ਵਿਹਾਰ ਸਬੰਧੀ ਵਿਗਾੜ ਪੈਦਾ ਹੋ ਸਕਦਾ ਹੈ।

ਸੰਯੁਕਤ ਰਾਸ਼ਟਰ ਦੀ ਈ-ਕੂੜਾ ਰਿਪੋਰਟ ਦਰਸਾਉਂਦੀ ਹੈ ਕਿ ਦੱਖਣ-ਪੂਰਬੀ ਏਸ਼ੀਆ ਦੇ ਦੇਸ਼ ਅਜੇ ਵੀ ਇੱਕ ਪ੍ਰਮੁੱਖ ਅੱਡੇ ਬਣੇ ਹੋਏ ਹਨ। ਵਧੇਰੇ ਈ-ਕੂੜਾ ਅਫਰੀਕੀ ਦੇਸ਼ਾਂ ਵਿੱਚ ਪਹੁੰਚ ਰਿਹਾ ਹੈ। ਘਾਨਾ ਦੀ ਰਾਜਧਾਨੀ ਅਕਰਾ ਦੇ ਪੱਛਮ ਵਿੱਚ ਕੂੜੇ ਦੇ ਵੱਡੇ ਡੰਪ 'ਤੇ ਹਵਾ ਬਹੁਤ ਜ਼ਿਆਦਾ ਜ਼ਹਿਰੀਲੀ ਹੈ। ਜਿੰਨਾ ਇਸ ਦੇ ਨੇੜੇ ਜਾਂਦੇ ਹੋ, ਸਾਹ ਲੈਣਾ ਉਨਾ ਹੀ ਔਖਾ ਹੋ ਜਾਂਦਾ ਹੈ ਅਤੇ ਧੂੰਆਂ ਅੱਖਾਂ 'ਚ ਪੈਣ ਨਾਲ ਤੁਹਾਡੀ ਨਜ਼ਰ ਧੁੰਦਲੀ ਹੋਣੀ ਸ਼ੁਰੂ ਹੋ ਜਾਂਦੀ ਹੈ। ਮੀਲਾਂ ਦੂਰ ਤੋਂ ਐਗਬੋਗਬਲੋਸ਼ੀ ਡੰਪ ਤੋਂ ਉੱਠਦਾ ਸੰਘਣਾ ਧੂੰਆਂ ਦੇਖਿਆ ਜਾ ਸਕਦਾ ਹੈ।

ਧੂੰਏਂ ਦੇ ਆਲੇ-ਦੁਆਲੇ ਅੱਗ ਲਗਾਉਣ ਤੋਂ ਪਹਿਲਾਂ ਦਰਜਨਾਂ ਆਦਮੀ ਤਾਰਾਂ ਦੇ ਢੇਰਾਂ ਨੂੰ ਉਤਾਰਨ ਲਈ ਟਰੈਕਟਰਾਂ ਦੀ ਉਡੀਕ ਕਰਦੇ ਹਨ, ਬਾਕੀ ਆਦਮੀ ਜ਼ਹਿਰੀਲੇ ਕੂੜੇ ਦੀ ਪਹਾੜੀ 'ਤੇ ਚੜ੍ਹ ਕੇ ਟੀ.ਵੀ., ਕੰਪਿਊਟਰ ਅਤੇ ਵਾਸ਼ਿੰਗ ਮਸ਼ੀਨਾਂ ਦੇ ਪੁਰਜ਼ੇ ਹੇਠਾਂ ਲਿਆਉਂਦੇ ਹਨ ਅਤੇ ਉਨ੍ਹਾਂ ਨੂੰ ਅੱਗ ਲਾ ਦਿੰਦੇ ਹਨ। ਇੱਥੇ ਲੋਕ ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕ ਕੂੜੇ ਜਾਂ ਈ-ਕੂੜਾ ਤੋਂ ਤਾਂਬੇ ਅਤੇ ਸੋਨੇ ਵਰਗੀਆਂ ਕੀਮਤੀ ਧਾਤਾਂ ਕੱਢ ਰਹੇ ਹਨ। ਇਨ੍ਹਾਂ ਦਾ ਵੱਡਾ ਹਿੱਸਾ ਅਮੀਰ ਦੇਸ਼ਾਂ ਤੋਂ ਘਾਨਾ ਤੱਕ ਪਹੁੰਚ ਰਿਹਾ ਹੈ। ਘਾਨਾ ਦੇ ਐਗਬੋਗਬਲੋਸ਼ੀ ਸਕ੍ਰੈਪਯਾਰਡ ਵਿੱਚ ਸਥਿਤੀ ਦਿਨੋ-ਦਿਨ ਵਿਗੜ ਰਹੀ ਹੈ।

ਜਨਵਰੀ 2025 ਤੋਂ ਬੇਸਲ ਕਨਵੈਨਸ਼ਨ ਵਿੱਚ ਨਿਰਯਾਤਕਾਂ ਨੂੰ ਈ-ਕੂੜੇ ਦਾ ਐਲਾਨ ਕਰਨ ਅਤੇ ਪ੍ਰਾਪਤਕਰਤਾ ਦੇਸ਼ਾਂ ਤੋਂ ਇਜਾਜ਼ਤ ਲੈਣ ਦੀ ਲੋੜ ਪਵੇਗੀ। ਜਾਂਚਕਰਤਾਵਾਂ ਨੂੰ ਉਮੀਦ ਹੈ ਕਿ ਇਸ ਨਾਲ ਕੁਝ ਖਾਮੀਆਂ ਬੰਦ ਹੋ ਜਾਣਗੀਆਂ, ਜਿਨ੍ਹਾਂ ਦੀ ਵਰਤੋਂ ਤਸਕਰਾਂ ਵੱਲੋਂ ਦੁਨੀਆ ਭਰ ਵਿੱਚ ਅਜਿਹੇ ਕੂੜੇ ਨੂੰ ਭੇਜਣ ਲਈ ਕੀਤੀ ਜਾ ਰਹੀ ਹੈ। ਪਰ ਅਮਰੀਕਾ ਸਣੇ ਕੁਝ ਦੇਸ਼ ਇੱਕ ਪ੍ਰਮੁੱਖ ਈ-ਕੂੜਾ ਨਿਰਯਾਤਕ ਹਨ, ਜਿਨ੍ਹਾਂ ਨੇ ਬੇਸਲ ਕਨਵੈਨਸ਼ਨ ਦੀ ਪੁਸ਼ਟੀ ਨਹੀਂ ਕੀਤੀ ਹੈ। ਪ੍ਰਚਾਰਕਾਂ ਦਾ ਕਹਿਣਾ ਹੈ ਕਿ ਇਹ ਅਜੇ ਵੀ ਈ-ਕੂੜੇ ਦੀ ਤਸਕਰੀ ਨੂੰ ਜਾਰੀ ਰੱਖਣ ਦਾ ਕਾਰਨ ਹੋ ਸਕਦਾ ਹੈ। ਬੇਸਲ ਐਕਸ਼ਨ ਨੈੱਟਵਰਕ (ਬੈਨ) ਇੱਕ ਅਜਿਹੀ ਸੰਸਥਾ ਹੈ, ਜੋ ਈ-ਕੂੜੇ ਸਣੇ ਜ਼ਹਿਰੀਲੇ ਵਪਾਰ ਨੂੰ ਖਤਮ ਕਰਨ ਲਈ ਮੁਹਿੰਮ ਚਲਾ ਰਹੀ ਹੈ।

ਵੰਡ '47 ਦੀ


ਕਿਸ਼ਤ ਅੱਠਵੀਂ

## ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਸਿੱਖ ਆਗੂਆਂ ਦੇ ਫੈਸਲੇ 'ਚ ਸਿੱਖ ਆਵਾਮ ਦਾ ਰੋਲ

ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



*1947 ਦੇ ਮੁਲਕੀ ਵੰਡ-ਵੰਡਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। 'ਮੁਲਕ ਦੀ ਵੰਡ ਦੇ ਬੀਜ' ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਗਿਆ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਅੱਠਵੀਂ ਤੇ ਆਖਰੀ ਕਿਸ਼ਤ, ਜਿਸ ਵਿੱਚ ਸਿੱਖ ਲੀਡਰਾਂ ਵੱਲੋਂ ਹਿੰਦੁਸਤਾਨ ਨਾਲ ਰਹਿਣ ਦੇ ਲਈ ਸਟੈਂਡ ਪਿਛੇ ਸਿੱਖ ਆਵਾਮ ਦੀ ਸੋਚ ਦਾ ਸਿੱਧਾ ਹੱਥ, ਸਿੱਖ ਮਹਾਰਾਜਾ ਪਟਿਆਲਾ ਦੇ ਖਿਲਾਫ ਤੇ ਮਹਾਰਾਜਾ ਨਾਭਾ ਦੇ ਹੱਕ ਵਿੱਚ ਕਿਉਂ ਹੋਏ? ਆਦਿ ਸਮੇਤ ਹੋਰ ਵੇਰਵਾ ਸ਼ਾਮਲ ਹੈ...*


ਪਿਛੀਆਂ ਕਿਸ਼ਤਾਂ ਵਿੱਚ ਦੱਸੇ ਕਾਰਨਾਂ ਤੋਂ ਸਪੱਸ਼ਟ ਹੈ ਕਿ ਸਿੱਖ ਆਗੂਆਂ ਨੇ ਵੱਖਰਾ ਸਿੱਖ ਰਾਜ ਲੈਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ। ਸਿੱਖਾਂ ਨੂੰ ਵੱਖਰਾ ਰਾਜ ਮਿਲਦਾ ਸੀ ਜਾਂ ਨਹੀਂ, ਇਹਦਾ ਕੋਈ ਸਿੱਧਾ ਹਾਂ ਜਾਂ ਨਾਂਹ ਵਿੱਚ ਜਵਾਬ ਨਹੀਂ ਹੈ। ਇਹ ਗੱਲ ਵੀ ਠੀਕ ਨਹੀਂ ਕਿ ਰਾਜ ਮਿਲਦਾ ਸੀ ਤੇ ਨਾ ਹੀ ਇਹ ਗੱਲ ਸੱਚ ਹੈ ਕਿ ਰਾਜ ਨਹੀਂ ਸੀ ਮਿਲਦਾ; ਪਰ ਇੱਕ ਗੱਲ ਜ਼ਰੂਰ ਸੱਚ ਹੈ ਕਿ ਜੇ ਕੋਸ਼ਿਸ਼ ਕੀਤੀ ਜਾਂਦੀ ਤਾਂ ਵੱਖਰਾ ਸਿੱਖ ਰਾਜ ਜ਼ਰੂਰ ਮਿਲ ਸਕਦਾ ਸੀ। ਸਿੱਖ ਲੀਡਰਾਂ ਵੱਲੋਂ ਹਿੰਦੁਸਤਾਨ ਨਾਲ ਰਹਿਣ ਦੇ ਲਈ ਸਟੈਂਡ ਪਿਛੇ ਸਿੱਖ ਆਵਾਮ ਦੀ ਸੋਚ ਦਾ ਸਿੱਧਾ ਹੱਥ ਸੀ, ਨਹੀਂ ਤਾਂ ਇਹ ਕਦੇ ਨਹੀਂ ਹੋ ਸਕਦਾ ਕਿ ਜੇ ਕਿਸੇ ਕੌਮ ਦੀ ਲੀਡਰਸ਼ਿਪ ਉਸ ਕੌਮ ਦੀ ਸੋਚ ਮੁਤਾਬਕ ਕੰਮ ਨਾ ਕਰੇ ਤੇ ਕੌਮ ਆਪਦਾ ਹੋਰ ਲੀਡਰ ਨਾ ਚੁਣੇ। ਜਿਵੇਂ ਸਿੱਖਾਂ ਦੀ ਲੀਡਰਸ਼ਿਪ ਪਹਿਲਾਂ ਚੀਫ ਖਾਲਸਾ ਦੀਵਾਨ ਦੇ ਹੱਥ 'ਚ ਸੀ; ਤੇ ਉਹ ਅੰਗਰੇਜ਼ਾਂ ਨਾਲ ਇਹ ਕਹਿ ਕੇ ਸੁਲਾਹ ਰੱਖਦੇ ਸਨ ਕਿ ਜੋ ਸਿੱਖਾਂ ਨੇ ਲੈਣਾ ਹੈ, ਉਹ ਅੰਗਰੇਜ਼ੀ ਸਰਕਾਰ ਨਾਲ ਸੁਲਾਹ ਵਿੱਚ ਹੀ ਲਿਆ ਜਾ ਸਕਦਾ ਹੈ। ਜਦੋਂ ਕਾਂਗਰਸ ਦਾ ਅਸਰ ਪੰਜਾਬ ਵਿੱਚ ਵਧਿਆ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਅੰਗਰੇਜ਼ਾਂ ਦੇ ਖਿਲਾਫ ਉਠਣ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਸਿੱਖਾਂ ਦੇ ਮਨ ਨੂੰ ਅੰਗਰੇਜ਼ਾਂ ਦੇ ਬਰਖਿਲਾਫ ਚੱਲਣ ਦੀ ਗੱਲ ਭਾਅ ਗਈ।


### ਨਵੀਂ ਸਿੱਖ ਲੀਡਰਸ਼ਿਪ

ਇੱਥੇ ਨਵੀਂ ਸਿੱਖ ਲੀਡਰਸ਼ਿਪ ਪੈਦਾ ਹੋਈ, ਜਿਨ੍ਹਾਂ ਨੇ ਕਾਂਗਰਸ ਨਾਲ ਮਿਲਵਰਤਨ ਅਤੇ ਅੰਗਰੇਜ਼ਾਂ ਦੇ ਖਿਲਾਫ ਝੰਡਾ ਚੁੱਕਿਆ। ਸਿੱਖ ਆਵਾਮ ਨੇ ਚੀਫੀਆਂ ਦੇ ਉਲਟ ਨਵੀਂ ਸਿੱਖ ਲੀਡਰਸ਼ਿਪ ਨੂੰ ਆਪਣੀ ਹਮਾਇਤ ਦੇ ਦਿੱਤੀ, ਜੀਹਨੂੰ ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ, ਗਿਆਨੀ ਕਰਤਾਰ ਸਿੰਘ ਬਗੈਰਾ ਦੀ ਲੀਡਰਸ਼ਿਪ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਲੀਡਰਸ਼ਿਪ ਪਹਿਲਾਂ ਸਿੱਖ ਲੀਗ ਦੇ ਝੰਡੇ ਥੱਲੇ ਕੰਮ ਕਰਦੀ ਰਹੀ ਤੇ ਬਾਅਦ 'ਚ ਅਕਾਲੀ ਦਲ ਦੇ ਝੰਡੇ ਥੱਲੇ। ਇਸ ਲੀਡਰਸ਼ਿਪ ਨੇ ਜਦੋਂ ਵੀ ਕਦੇ ਕਾਂਗਰਸ ਦੀ ਮਨਸ਼ਾ ਪੂਰੀ ਕਰਨ ਖਾਤਰ ਅੰਗਰੇਜ਼ਾਂ ਦੇ ਖਿਲਾਫ ਸਿੱਖਾਂ ਤੋਂ ਹਮਾਇਤ ਮੰਗੀ ਤਾਂ ਸਿੱਖ ਆਵਾਮ ਨੇ ਵਧ-ਚੜ੍ਹ ਕੇ ਇਸ ਲੀਡਰਸ਼ਿਪ ਨੂੰ ਆਪਣੀ ਹਮਾਇਤ ਦੇ ਕੇ ਕਾਮਯਾਬ ਕੀਤਾ। ਕਾਂਗਰਸ ਲੀਡਰਸ਼ਿਪ ਨੇ ਹਮੇਸ਼ਾ ਸਿੱਖਾਂ ਦੇ ਧਾਰਮਿਕ ਜਜ਼ਬਾਤ ਨੂੰ ਮਾਸਟਰ ਤਾਰਾ ਸਿੰਘ ਵਾਲੇ ਲੀਡਰਸ਼ਿਪ ਦੇ ਮਾਰਫਤ ਆਪਣੇ ਸਿਆਸੀ ਮਨਸੂਬਿਆਂ ਦੀ ਪੂਰਤੀ ਲਈ ਵਰਤਿਆ।

ਮਿਸਾਲ ਦੇ ਤੌਰ 'ਤੇ 1920-21 ਵਿੱਚ ਜਦੋਂ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢਣ ਲਈ ਕਰਤਾਰ ਸਿੰਘ ਝੱਬਰ ਦਾ ਜਥਾ ਕੰਮ ਕਰ ਰਿਹਾ ਸੀ ਤਾਂ ਸਮੁੱਚੀ ਕਾਂਗਰਸ ਲੀਡਰਸ਼ਿਪ ਇਹਦੇ ਖਿਲਾਫ ਸੀ। ਜਦੋਂ ਕਰਤਾਰ ਸਿੰਘ ਝੱਬਰ ਦਾ ਜਥਾ ਗੁਰਦੁਆਰਾ ਪੰਜਾ ਸਾਹਿਬ 'ਤੇ ਕਬਜ਼ੇ ਲਈ ਜਾਣ ਵਾਸਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਠਹਿਰਿਆ ਹੋਇਆ ਸੀ ਤਾਂ ਉਥੇ ਅਮਰ ਸਿੰਘ ਝਬਾਲ ਰਾਹੀਂ ਗਾਂਧੀ ਨੇ ਝੱਬਰ ਨੂੰ ਸੁਨੇਹਾ ਘੱਲਿਆ ਕਿ ਤੁਸੀਂ ਗੁਰਦੁਆਰਿਆਂ 'ਤੇ ਕਬਜ਼ੇ ਨਾ ਕਰੋ, ਤੁਸੀਂ ਕਾਂਗਰਸ ਦਾ ਕੰਮ ਕਰੋ, ਜਦੋਂ ਆਪਾਂ ਨੂੰ ਆਜ਼ਾਦੀ ਮਿਲ ਗਈ ਤਾਂ ਇਹ ਕੰਮ ਅਸੀਂ ਫਿਰ ਦੇਖਾਂਗੇ। ਉਨ੍ਹਾਂ ਦਿਨਾਂ ਵਿੱਚ ਗਾਂਧੀ ਨੇ ਸਿੱਖ ਲੀਗ ਦੇ ਬਰੈਡਲੇ ਹਾਲ ਲਾਹੌਰ ਵਿੱਚ ਹੋਏ ਇਜਲਾਸ ਦੌਰਾਨ ਤਕਰੀਰ ਵਿੱਚ ਕਿਹਾ ਕਿ "ਮਹੰਤੋਂ ਕੋ ਗੁਰਦੁਆਰੋਂ ਸੇ ਨਿਕਾਲਨਾ ਜ਼ੁਲਮ ਹੈ। ਯੇਹ ਕਾਮ ਬੰਦ ਹੋਨਾ ਚਾਹੀਏ।"

ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਨੇ ਇੱਕ ਮਤਾ ਪਾਸ ਕਰਾ ਕੇ ਕਬਜ਼ੇ ਰੋਕਣ ਦਾ ਹੁਕਮ ਸੁਣਾਇਆ। ਝੱਬਰ ਦਾ ਜਥਾ ਮਹੰਤਾਂ ਤੋਂ ਕਬਜ਼ੇ ਖੋਹ ਰਿਹਾ ਸੀ ਤੇ ਪ੍ਰਸ਼ਾਸਨ ਮਹੰਤਾਂ ਦੀ ਕੋਈ ਗੱਲ ਨਹੀਂ ਸੀ ਸੁਣ ਰਿਹਾ, ਬਲਕਿ ਜਿੱਥੇ ਲੋੜ ਪੈਂਦੀ ਸੀ, ਉਥੇ ਪ੍ਰਸ਼ਾਸਨ ਝੱਬਰ ਦੇ ਜਥੇ ਦੀ ਮਦਦ ਕਰ ਰਿਹਾ ਸੀ। ਗੁਰਦੁਆਰਾ ਪੰਜਾ ਸਾਹਿਬ ਵਿੱਚ ਪੁਲਿਸ ਨੇ ਲਾਠੀਚਾਰਜ ਕਰਕੇ ਮਹੰਤ ਦੇ ਹੱਕ ਵਿੱਚ ਆਏ ਬੰਦਿਆਂ ਨੂੰ ਦਵੱਲਿਆ। ਮਹੰਤ ਵੱਲੋਂ ਲੱਖ ਦਾਦ-ਫਰਿਆਦ ਦੇ ਬਾਵਜੂਦ ਡੀ.ਸੀ. ਨੇ ਮਹੰਤ ਨੂੰ ਗੁਰਦੁਆਰਾ ਛੱਡਣ ਦਾ ਹੁਕਮ ਸੁਣਾਇਆ। ਨਨਕਾਣੇ ਦੇ ਮਹੰਤ ਨਰੈਣ ਦਾਸ ਵੱਲੋਂ ਹਾੜੇ ਕੱਢਣ ਦੇ ਬਾਵਜੂਦ ਸਰਕਾਰ ਨੇ ਉਹਦੀ ਕੋਈ ਮਦਦ ਨਹੀਂ ਕੀਤੀ। ਨਨਕਾਣਾ ਸਾਹਿਬ ਵਾਲਾ ਜਿਹੜਾ ਸਾਕਾ ਹੋਇਆ ਹੈ, ਉਹਦੇ ਲਈ ਪੂਰੀ ਸੂਰੀ ਅਕਾਲੀ ਲੀਡਰਸ਼ਿਪ ਜ਼ਿੰਮੇਵਾਰ ਹੈ। (ਇਹ ਸਾਬਤ ਕਰਨ ਲਈ ਲੇਖਕ ਨੇ ਇੱਕ ਵੱਖਰੀ ਲੇਖ ਲੜੀ ਵੀ ਲਿਖੀ ਹੈ)



*(ਉਪਰ) ਭਾਈ ਕਾਨ੍ਹ ਸਿੰਘ ਨਾਭਾ ਅਤੇ (ਖੱਬੇ) ਉਨ੍ਹਾਂ ਦੁਆਰਾ ਰਚਿਤ ਪੁਸਤਕ 'ਹਮ ਹਿੰਦੂ ਨਹੀਂ' ਦਾ ਸਰਵਰਕ। ਇਹ ਪੁਸਤਕ 'ਹਮ ਹਿੰਦੂ ਹੈਂ' ਦੇ ਜਵਾਬ ਵਿੱਚ ਲਿਖੀ ਗਈ*

ਨਨਕਾਣਾ ਸਾਹਿਬ ਸਾਕੇ ਤੋਂ ਬਾਅਦ ਉਥੇ ਜਿਹੜਾ ਸ਼ਹੀਦੀ ਸਮਾਗਮ ਹੋਇਆ, ਉਥੇ ਗਾਂਧੀ ਵੀ ਪਹੁੰਚਿਆ। ਉਹਨੇ ਇਸ ਕਤਲੇਆਮ ਖਾਤਰ ਨਰੈਣ ਦਾਸ ਨੂੰ ਕਸੂਰਵਾਰ ਕਹਿਣ ਦੀ ਬਜਾਏ ਅੰਗਰੇਜ਼ ਸਰਕਾਰ ਨੂੰ ਹੀ ਕਸੂਰਵਾਰ ਕਿਹਾ। ਮਹੰਤ ਦੇ ਖਿਲਾਫ ਇੱਕ ਵੀ ਲਫਜ਼ ਗਾਂਧੀ ਦੀ ਜ਼ੁਬਾਨ ਤੋਂ ਨਹੀਂ ਫੁੱਟਿਆ। ਕਾਂਗਰਸੀ ਤੇ ਉਘੇ ਆਰੀਆ ਸਮਾਜੀ ਆਗੂ ਲਾਲਾ ਲਾਜਪਤ ਰਾਏ ਵੀ ਉਥੇ ਪਹੁੰਚਿਆ ਤੇ ਸਾਕੇ ਲਈ ਅੰਗਰੇਜ਼ਾਂ ਨੂੰ ਕਸੂਰਵਾਰ ਦੱਸਿਆ। ਇਹੀ ਲਾਲਾ ਪਹਿਲਾਂ ਮਹੰਤ ਦੇ ਹੱਕ ਵਿੱਚ ਡੱਟ ਕੇ ਖੜ੍ਹਾ ਸੀ, ਆਪਦੇ ਰਸਾਲੇ ਵਿੱਚ ਮਹੰਤ ਦੇ ਹੱਕ ਵਿੱਚ ਲਿਖਦਾ ਸੀ ਤੇ ਮਹੰਤ ਨੂੰ ਕਬਜ਼ਾ ਬਰਕਰਾਰ ਰੱਖਣ ਖਾਤਰ ਕਾਨੂੰਨੀ ਜੁਗਤਾਂ ਦੱਸਦਾ ਸੀ। ਇਹੀ ਲਾਲਾ ਉਥੇ ਸਿੱਖਾਂ ਨੂੰ ਮੱਤਾਂ ਦੇ ਰਿਹਾ ਸੀ ਕਿ ਤੁਸੀਂ ਅੰਗਰੇਜ਼ਾਂ ਦੇ ਖਿਲਾਫ ਹੋਵੋ। ਗਾਂਧੀ ਨੇ ਨਨਕਾਣਾ ਸਾਹਿਬ ਕਤਲੇਆਮ ਨੂੰ ਜਲਿਆਂਵਾਲੇ ਬਾਗ ਦਾ ਦੂਜਾ ਐਡੀਸ਼ਨ ਦੱਸਦਿਆਂ ਸਿੱਖਾਂ ਨੂੰ ਅੰਗਰੇਜ਼ਾਂ ਦੇ ਖਿਲਾਫ ਹੋਣ ਦੀ ਅਪੀਲ ਕੀਤੀ। ਉਹਨੇ ਮਹੰਤ ਨੂੰ ਬਚਾਉਣ ਖਾਤਰ ਇਸ ਮੁਕੱਦਮੇ ਦਾ ਬਾਈਕਾਟ ਕਰਨ ਦਾ ਮਤਾ ਪਾਸ ਕਰਨ ਦੀ ਅਪੀਲ ਕੀਤੀ। ਕਰਤਾਰ ਸਿੰਘ ਝੱਬਰ ਦੀ ਲੀਡਰਸ਼ਿਪ ਮੁਕੱਦਮੇ ਦਾ ਬਾਈਕਾਟ ਨਹੀਂ ਸੀ ਚਾਹੁੰਦੀ, ਪਰ ਕਾਂਗਰਸ ਨਾਲ ਮਿਲ ਕੇ ਚੱਲਣ ਵਾਲੀ ਮਾਸਟਰ ਤਾਰਾ ਸਿੰਘ ਵਾਲੀ ਲੀਡਰਸ਼ਿਪ ਨੇ ਮੁਕੱਦਮੇ ਦੇ ਬਾਈਕਾਟ ਦੇ ਹੱਕ ਵਿੱਚ ਤਕਰੀਰ ਕੀਤੀ, ਜਿਸ ਨੂੰ ਸਿੱਖ ਆਵਾਮ ਨੇ ਕਬੂਲ ਕੀਤਾ।

ਇਸ ਤਰੀਕੇ ਨਾਲ ਝੱਬਰ ਵਾਲੀ ਲੀਡਰਸ਼ਿਪ ਨੂੰ ਸਿੱਖਾਂ ਨੇ ਪਰਾਂ ਧੱਕ ਦਿੱਤਾ। ਦੇਖੋ ਜਿਹੜੀ ਲੀਡਰਸ਼ਿਪ ਨੇ ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਕਰਾਉਣ ਦਾ ਵਿੱਢ-ਵਿੱਢਿਆ ਅਤੇ ਕਾਮਯਾਬੀ ਹਾਸਲ ਕੀਤੀ, ਉਹਦੀ ਬਜਾਏ ਸਿੱਖਾਂ ਨੂੰ ਉਹ ਲੀਡਰਸ਼ਿਪ ਪਸੰਦ ਆਈ, ਜਿਹੜੀ ਮਹੰਤਾਂ ਦੇ ਸਿੱਧੇ ਤੇ ਅਸਿੱਧੇ ਤਰੀਕੇ ਨਾਲ ਹੱਕ ਵਿੱਚ ਸੀ ਅਤੇ ਅੰਗਰੇਜ਼ਾਂ ਦੇ ਵਿਰੋਧ 'ਚ ਸੀ। ਉਥੇ ਹਾਜ਼ਰ ਸਿੱਖ ਸੰਗਤ ਨੇ ਗਾਂਧੀ ਤੇ ਲਾਲੇ ਵਰਗੇ ਉਨ੍ਹਾਂ ਬੰਦਿਆਂ ਨੂੰ ਤਾਂ ਕਬੂਲ ਕੀਤਾ, ਜਿਹੜੇ ਸ਼ਰ੍ਹੇਆਮ ਮਹੰਤਾਂ ਦੇ ਹੱਕ ਵਿੱਚ ਖੜ੍ਹੇ ਸਨ। ਜੇ ਸਿੱਖ ਸੰਗਤ ਇਹ ਕਬੂਲ ਨਾ ਕਰਦੀ ਤਾਂ ਸਿੱਖ ਲੀਡਰਸ਼ਿਪ ਦੀ ਕੀ ਮਜਾਲ ਸੀ ਕਿ ਉਹ ਉਨ੍ਹਾਂ ਨੂੰ ਇੱਥੇ ਸੱਦਦੀ ਤੇ ਉਨ੍ਹਾਂ ਵੱਲੋਂ ਦਿੱਤੀ ਗਈ ਬਾਈਕਾਟ ਦੀ ਸਲਾਹ ਨੂੰ ਖਿੜ੍ਹੇ ਮੱਥੇ ਕਬੂਲ ਕਰਦੀ। ਜਦੋਂ ਗੁਰਦੁਆਰਾ ਡੇਰਾ ਸਾਹਿਬ ਕਰਤਾਰ ਸਿੰਘ ਝੱਬਰ ਨੂੰ ਗਾਂਧੀ ਦਾ ਕਬਜ਼ਾ ਰੋਕਣ ਵਾਲਾ ਸੁਨੇਹਾ ਪੁੱਜਿਆ ਤਾਂ ਝੱਬਰ ਨੇ ਆਖਿਆ ਕਿ ਅਸੀਂ ਕਬਜ਼ੇ ਕਰ ਰਹੇ ਹਾਂ ਤੇ ਸਰਕਾਰ ਚੁੱਪ ਹੈ, ਜਦੋਂ ਮੁਲਕ ਆਜ਼ਾਦ ਹੋ ਗਿਆ ਤਾਂ ਗੁਰਦੁਆਰਿਆਂ ਦੀ ਆਜ਼ਾਦੀ ਹੋਰ ਵੀ ਖਤਰੇ ਵਿੱਚ ਪੈ ਜਾਵੇਗੀ। ਅੰਗਰੇਜ਼ ਤੀਜੀ ਧਿਰ ਹੈ, ਜੋ ਕਿ ਸਾਡੇ ਧਾਰਮਿਕ ਮਾਮਲਿਆਂ ਵਿੱਚ ਨਿਰਪੱਖ ਹੈ ਤੇ ਗਾਂਧੀ ਹੁਰੀਂ ਅੱਜ ਵੀ ਮਹੰਤਾਂ ਦੇ ਹੱਕ ਵਿੱਚ ਹੋ ਤੇ ਜਦੋਂ ਇਨ੍ਹਾਂ ਦੇ ਹੱਥ ਵਿੱਚ ਰਾਜ ਆਇਆ ਤਾਂ ਫਿਰ ਕਿਉਂ ਨਾ ਹੋਣਗੇ?

### ਸਿੱਖੋ! ਕੁਝ ਆਪਦੇ ਖਾਤਰ ਮੰਗੋ

ਅੰਗਰੇਜ਼ਾਂ ਨੇ ਕਿਹਾ ਕਿ ਸਿੱਖੋ! ਕੁਝ ਆਪਦੇ ਖਾਤਰ ਮੰਗੋ, ਕਾਂਗਰਸ ਖਾਤਰ ਤੁਸੀਂ ਸਾਡੇ ਨਾਲ ਮੱਥਾ ਨਾ ਲਾਓ! ਇਹਤੋਂ ਬਾਅਦ ਜਦੋਂ ਕਾਂਗਰਸ ਨੇ ਨਾ-ਮਿਲਵਰਤਨ ਅੰਦੋਲਨ ਦਾ ਐਲਾਨ ਕੀਤਾ ਤਾਂ ਸਿੱਖਾਂ ਨੇ ਇਹਦੀ ਹਮਾਇਤ ਕੀਤੀ। ਅੰਗਰੇਜ਼ਾਂ ਨੇ ਸਿੱਖਾਂ ਨੂੰ ਬਾਕਾਇਦਾ ਤੌਰ 'ਤੇ ਇਸ ਅੰਦੋਲਨ ਤੋਂ ਵੱਖ ਹੋ ਜਾਣ ਦੀ ਅਪੀਲ ਕੀਤੀ ਤੇ ਕਿਹਾ ਕਿ ਜੋ ਤੁਹਾਡੀਆਂ ਮੰਗਾਂ ਹਨ, ਸਾਨੂੰ ਦੱਸੋ ਅਸੀਂ ਸਾਰੀਆਂ ਮੰਨਣ ਨੂੰ ਤਿਆਰ ਹਾਂ, ਪਰ ਤੁਸੀਂ ਸਾਡੇ ਖਿਲਾਫ ਕਾਂਗਰਸ ਦੀ ਮੁਹਿੰਮ ਦਾ ਸਾਥ ਨਾ ਦਿਓ। ਇਹਤੋਂ ਬਾਅਦ ਅਕਾਲੀਆਂ ਨੇ ਜਿਹੜਾ ਗੁਰੂ ਕੇ ਬਾਗ ਮੋਰਚਾ ਲਾਇਆ, ਉਹ ਵੀ ਅੰਗਰੇਜ਼ਾਂ ਨਾਲ ਸਿਆਸੀ ਟਕਰਾਅ ਵਿੱਚੋਂ ਨਿਕਲਿਆ ਸੀ, ਨਾ ਕਿ ਧਾਰਮਿਕ ਟਕਰਾਅ ਵਿੱਚੋਂ। ਸਰਕਾਰ ਨੇ ਅਕਾਲੀਆਂ 'ਤੇ ਉਦੋਂ ਸਖਤੀ ਸ਼ੁਰੂ ਕੀਤੀ, ਜਦੋਂ ਸਿੱਖਾਂ ਦੇ ਧਾਰਮਿਕ ਜਜ਼ਬਾਤ ਨੂੰ ਭੜਕਾਅ ਕੇ ਸਰਕਾਰ ਨਾਲ ਸਿਆਸੀ ਟਕਰਾਅ ਲੈ ਰਹੇ ਸੀ। ਜੈਤੋਂ ਦਾ ਮੋਰਚਾ ਵੀ ਸਿਆਸੀ ਟਕਰਾਅ 'ਚੋਂ ਹੀ ਨਿਕਲਿਆ ਸੀ। ਨਾਭੇ ਵਾਲੇ ਰਾਜੇ ਨੂੰ ਗੱਦੀਓਂ ਲਾਹੁਣਾ ਅੰਗਰੇਜ਼ਾਂ ਦਾ ਇੱਕ ਸਿਆਸੀ ਕਦਮ ਸੀ, ਪਰ ਸਿੱਖਾਂ ਨੇ ਇਹਨੂੰ ਧਾਰਮਿਕ ਮੁੱਦਾ ਬਣਾ ਕੇ ਅੰਗਰੇਜ਼ਾਂ ਨਾਲ ਟੱਕਰ ਲਈ; ਹਾਲਾਂਕਿ ਸਿੱਖ ਹਿੱਤਾਂ ਦੇ ਲਿਹਾਜ਼ ਨਾਲ ਮਹਾਰਾਜਾ ਪਟਿਆਲਾ, ਮਹਾਰਾਜਾ ਨਾਭੇ ਨਾਲੋਂ ਕਈ ਕਦਮ ਅੱਗੇ ਸੀ। ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਤੋਂ ਹਮਾਇਤ ਮੰਗਣ ਗਏ ਮਹੰਤ ਨਰੈਣ ਦਾਸ ਨੂੰ ਟਕੇ ਅਰਗਾ ਜਵਾਬ ਹੀ ਨਹੀਂ ਦਿੱਤਾ, ਬਲਕਿ ਬੰਦਿਆਂ ਵਾਂਗੂੰ ਕਬਜ਼ਾ ਪੰਥ ਦੇ ਸਪੁਰਦ ਕਰਨ ਦੀ ਤਾਕੀਦ ਕੀਤੀ।

ਨਨਕਾਣਾ ਸਾਹਿਬ ਸਾਕੇ ਤੋਂ ਬਾਅਦ ਜਦੋਂ ਸ਼ਹੀਦੀ ਪ੍ਰੋਗਰਾਮ ਚੱਲ ਰਿਹਾ ਸੀ ਤਾਂ ਉਥੇ ਮਹਾਰਾਜਾ ਭੁਪਿੰਦਰ ਸਿੰਘ ਦੀ ਇੱਕ ਤਾਰ ਪੁੱਜੀ ਤਾਂ ਅਕਾਲੀ ਅਮਰ ਸਿੰਘ ਝਬਾਲ ਵਰਗਿਆਂ ਨੇ ਇਹ ਕਹਿ ਕੇ ਤਾਰ ਪੜ੍ਹਨੋਂ ਇਨਕਾਰ ਕਰ ਦਿੱਤਾ ਕਿ ਸਾਨੂੰ ਰਾਜੇ-ਮਹਾਰਾਜਿਆਂ ਦੀ ਹਮਾਇਤ ਦੀ ਕੋਈ ਲੋੜ ਨਹੀਂ ਹੈ; ਪਰ ਕਰਤਾਰ ਸਿੰਘ ਝੱਬਰ ਦੇ ਕਹਿਣ 'ਤੇ ਇਹ ਤਾਰ ਪੜ੍ਹੀ ਗਈ, ਜਿਸ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਨੇ ਸ਼ਹੀਦੀਆਂ 'ਤੇ ਅਫਸੋਸ ਜ਼ਾਹਰ ਕਰਦਿਆਂ ਆਖਿਆ ਸੀ ਕਿ ਮੈਨੂੰ ਸ਼ਹੀਦ ਪਰਿਵਾਰਾਂ ਦੀ ਲਿਸਟ ਘੱਲ ਦਿੱਤੀ ਜਾਵੇ ਤਾਂ ਕਿ ਮੈਂ ਉਨ੍ਹਾਂ ਨੂੰ ਪੈਨਸ਼ਨ ਲਾ ਸਕਾਂ। ਉਹਤੋਂ ਬਾਅਦ ਵੀ ਜਦੋਂ ਸਿੱਖਾਂ ਹੱਥੋਂ ਨਰੈਣ ਦਾਸ ਦਾ ਸਾਲਾ ਬਿਸ਼ਨ ਦਾਸ ਕਤਲ ਹੋ ਗਿਆ ਤਾਂ ਮਹਾਰਾਜਾ ਭੁਪਿੰਦਰ ਸਿੰਘ ਨੇ ਸਿੱਖਾਂ ਨੂੰ ਬਰੀ ਕਰਾਉਣ ਵਿੱਚ ਅਹਿਮ ਰੋਲ ਅਦਾ ਕੀਤਾ; ਪਰ ਮਹਾਰਾਜਾ ਭੁਪਿੰਦਰ ਸਿੰਘ ਸਿੱਖਾਂ ਨੂੰ ਸਿਆਸੀ ਕਾਰਨਾਂ ਕਰਕੇ ਨਹੀਂ ਸੀ ਭਾਉਂਦਾ। ਕਾਰਨ ਇਹ ਸੀ ਕਿ ਉਹ ਅੰਗਰੇਜ਼ਾਂ ਦੇ ਹੱਕ ਵਿੱਚ ਸੀ, ਜੋ ਕਿ ਕਾਂਗਰਸ ਨੂੰ ਚੰਗਾ ਨਹੀਂ ਸੀ ਲੱਗਦਾ। ਕਿਉਂਕਿ ਅਕਾਲੀਆਂ ਨੂੰ ਕਾਂਗਰਸ ਚੰਗੀ ਲੱਗਦੀ ਸੀ, ਇਸ ਕਰਕੇ ਉਨ੍ਹਾਂ ਨੂੰ ਭੁਪਿੰਦਰ ਸਿੰਘ ਚੰਗਾ ਨਹੀਂ ਸੀ ਲੱਗਦਾ। ਜੇ ਅਕਾਲੀਆਂ ਦੀ ਨਾ-ਪਸੰਦੀ ਦਾ ਕਾਰਨ ਉਹਦਾ ਮਹਾਰਾਜਾ ਹੋਣਾ ਹੀ ਹੁੰਦਾ ਤਾਂ ਉਹ ਨਾਭੇ ਵਾਲੇ ਮਹਾਰਾਜੇ ਨਾਲ ਵੀ ਭੁਪਿੰਦਰ ਸਿੰਘ ਵਰਗਾ ਹੀ ਸਲੂਕ ਕਰਦੇ, ਪਰ ਨਾਭੇ ਵਾਲੇ ਦੀ ਗੱਦੀ ਖੁੱਸਣ ਦਾ ਅਕਾਲੀਆਂ ਨੂੰ ਐਨਾ ਦੁੱਖ ਹੋਇਆ ਕਿ ਉਹਦੇ ਪਿੱਛੇ ਹਜ਼ਾਰਾਂ ਗ੍ਰਿਫਤਾਰੀਆਂ ਤੇ ਸੈਂਕੜੇ ਸਿੱਖਾਂ ਦੀਆਂ ਸ਼ਹੀਦੀਆਂ ਤੋਂ ਇਲਾਵਾ ਜਾਇਦਾਦਾਂ ਜ਼ਬਤ ਕਰਾਈਆਂ ਅਤੇ ਨੌਕਰੀਆਂ ਛੁਡਵਾਈਆਂ।

### ਮਹਾਰਾਜਾ ਪਟਿਆਲਾ ਦੇ ਖਿਲਾਫ ਤੇ ਮਹਾਰਾਜਾ ਨਾਭਾ ਦੇ ਹੱਕ ਵਿੱਚ ਕਿਉਂ ਹੋਏ ਸਿੱਖ?

ਇਹ ਗੱਲ ਨਹੀਂ ਸੀ ਕਿ ਇੱਕ ਸਿੱਖ ਰਾਜੇ ਨਾਲ ਧੱਕਾ ਹੋਣ ਕਰਕੇ ਹੀ ਅਕਾਲੀਆਂ ਨੇ ਉਹਦੇ ਹੱਕ 'ਚ ਜੈਤੋਂ ਦਾ ਮੋਰਚਾ ਲਾਇਆ! ਅਸਲ 'ਚ ਗੱਲ ਇਹ ਸੀ ਕਿ ਨਾਭੇ ਵਾਲਾ ਅੰਗਰੇਜ਼ਾਂ ਦੇ ਖਿਲਾਫ ਤੇ ਕਾਂਗਰਸ ਦੇ ਹੱਕ ਵਿੱਚ ਸੀ। ਅਕਾਲੀਆਂ ਦੀ ਸਾਰੀ ਨਕਲੋ ਹਰਕਤ ਇਸੇ ਫਾਰਮੂਲੇ ਦੇ ਤਹਿਤ ਹੁੰਦੀ ਸੀ ਕਿ ਕਾਂਗਰਸ ਦੇ ਨਾਲ ਰਲ ਕੇ ਪੂਰਾ ਟਿੱਲ ਲਾ ਕੇ ਅੰਗਰੇਜ਼ਾਂ ਦੇ ਖਿਲਾਫ ਲੜਾਈ ਲੜਨੀ ਹੈ। ਹੁਣ ਨਾਭੇ ਵਾਲੇ ਮਹਾਰਾਜੇ ਦੀ ਸਿੱਖੀ ਦੇਖੋ, ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸਿੰਘ ਸਭਾ ਲਹਿਰ ਵੇਲੇ ਜਦੋਂ ਹਿੰਦੂਆਂ ਦਾ ਅਤੇ ਸਿੱਖਾਂ ਦਾ ਸਿਧਾਂਤਕ ਟਕਰਾਅ ਹੋਇਆ ਤਾਂ ਨਾਭੇ ਵਾਲੇ ਨੇ ਸਿੱਖਾਂ ਦੇ ਖਿਲਾਫ ਅਤੇ ਹਿੰਦੂਆਂ ਦੇ ਹੱਕ ਵਿੱਚ ਠੋਕਵਾਂ ਸਟੈਂਡ ਲਿਆ। ਉਦੋਂ ਆਰੀਆ ਸਮਾਜੀਆਂ ਨੇ 'ਸਿੱਖ ਬੰਦੇ' ਦੇ ਨਾਂ ਥੱਲੇ ਇੱਕ ਕਿਤਾਬਚਾ ਛਪਾਇਆ, ਜਿਸ ਦਾ ਸਿਰਲੇਖ ਸੀ 'ਹਮ ਹਿੰਦੂ ਹੈਂ' ਭਾਵ ਸਿੱਖ ਕਹਿ ਰਹੇ ਸੀ ਕਿ ਅਸੀਂ ਹਿੰਦੂ ਹਾਂ। ਉਨ੍ਹੀਂ ਦਿਨੀਂ ਉਘੇ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਨਾਭਾ ਰਿਆਸਤ ਵਿੱਚ ਅਹਿਲਕਾਰ ਦੇ ਤੌਰ 'ਤੇ ਤਾਇਨਾਤ ਸਨ। ਉਨ੍ਹਾਂ ਦਾ ਜੀਅ ਕੀਤਾ ਕਿ ਇਸ ਕਿਤਾਬਚੇ ਦਾ ਜੁਆਬ ਦਿੱਤਾ ਜਾਵੇ, ਪਰ ਉਨ੍ਹਾਂ ਨੂੰ ਨਾਲੋ ਨਾਲ ਇਹ ਵੀ ਪਤਾ ਸੀ ਕਿ ਮਹਾਰਾਜਾ ਖੁਦ ਸਿੱਖਾਂ ਨੂੰ ਹਿੰਦੂ ਹੀ ਕਹਿੰਦਾ ਹੈ ਤੇ ਉਹ ਮੇਰੀ ਅਜਿਹੀ ਲਿਖਤ ਉਤੇ ਜ਼ਰੂਰ ਔਖਾ ਹੋਵੇਗਾ। ਭਾਈ ਕਾਨ੍ਹ ਸਿੰਘ ਨਾਭਾ ਨੇ ਆਰੀਆ ਸਮਾਜੀਆਂ ਦੇ ਕਿਤਾਬਚੇ ਦੇ ਜੁਆਬ ਵਿੱਚ ਇੱਕ ਕਿਤਾਬਚਾ 'ਹਮ ਹਿੰਦੂ ਨਹੀਂ' ਦੇ ਸਿਰਲੇਖ ਹੇਠ 1895 ਵਿੱਚ ਲਿਖਿਆ। ਪਰ ਨਾਭੇ ਵਾਲੇ ਰਾਜੇ ਤੋਂ ਡਰਦਿਆਂ ਉਨ੍ਹਾਂ ਨੇ ਇਹ ਕਿਤਾਬਚਾ ਰਿਆਸਤ ਤੋਂ ਦੂਰ ਜਾ ਕੇ ਲਾਹੌਰੋਂ ਛਪਵਾਇਆ ਅਤੇ ਲਿਖਾਰੀ ਦਾ ਨਾਮ ਵੀ ਕਾਨ੍ਹ ਸਿੰਘ ਨਾ ਲਿਖਦਿਆਂ ਆਪਣੇ ਉਪ ਨਾਮ ਹਰੀ ਬ੍ਰਿਜੇਸ਼ ਦੇ ਅੰਗਰੇਜ਼ੀ ਵਾਲੇ ਮੁਢਲੇ ਅੱਖਰ ਐੱਚ.ਬੀ. ਦੇ ਨਾਂ ਹੇਠ ਛਪਵਾਇਆ।

ਜਦੋਂ ਇਹ ਕਿਤਾਬਚਾ ਲੋਕਾਂ ਵਿੱਚ ਆਇਆ ਤਾਂ ਆਰੀਆ ਸਮਾਜੀ ਝੱਟ ਸਮਝ ਗਏ ਕਿ ਇਹਦਾ ਲਿਖਾਰੀ ਕਾਨ੍ਹ ਸਿੰਘ ਹੀ ਹੋ ਸਕਦਾ ਹੈ। ਆਰੀਆ ਸਮਾਜ ਦੀ ਅਗਵਾਈ ਹੇਠ ਹਿੰਦੂ ਮਹਾਰਾਜਾ ਨਾਭਾ ਨੂੰ ਮਿਲੇ ਤੇ ਕਿਹਾ

# ਸਾਇੰਸ ਨਾਲ ਜੋੜਨ ਵਾਲਾ ਪੰਜਾਬੀ ਵਿਗਿਆਨੀ: ਪ੍ਰੋ. ਸਾਹਨੀ

**ਅਵਤਾਰ ਸਿੰਘ**

19ਵੀਂ ਸਦੀਂ ਵਿੱਚ ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕੀਤਾ ਸੀ ਤਾਂ ਉਸ ਸਮੇਂ ਭਾਰਤੀ ਉਪਮਹਾਦੀਪ ਵਿੱਚ ਆਧੁਨਿਕ ਵਿਗਿਆਨ ਹਾਲੇ ਬਹੁਤ ਹੀ ਸ਼ੁਰੂਆਤੀ ਪੜਾਅ ਵਿੱਚ ਸੀ। ਬਹੁਤੇ ਲੋਕ ਆਧੁਨਿਕ ਵਿਗਿਆਨ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਨਹੀਂ ਸਨ ਲੈ ਰਹੇ, ਪਰ ਪ੍ਰੋਫ਼ੈਸਰ ਰੁਚੀ ਰਾਮ ਸਾਹਨੀ ਨੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਆਮ ਭਾਸ਼ਾ ਵਿੱਚ ਵਿਗਿਆਨ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ। ਉਹ ਭਾਰਤੀ ਵਿਗਿਆਨੀਆਂ ਦੀ ਪਹਿਲੀ ਪੀੜ੍ਹੀ ਵਿੱਚੋਂ ਸਨ। ਇੱਕ ਸਿੱਖਿਆ ਸ਼ਾਸਤਰੀ, ਸਮਾਜ ਸੁਧਾਰਕ ਅਤੇ ਧਾਰਮਿਕ ਕੱਟੜਤਾ ਦੇ ਵਿਰੋਧੀ ਰੁਚੀ ਰਾਮ ਸਾਹਨੀ ਨੂੰ ਲੋਕਾਂ ਵਿੱਚ ਸਾਇੰਸ ਦੇ ਪ੍ਰਚਾਰਕ ਵਜੋਂ ਜਾਣਿਆ ਜਾਂਦਾ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਵਾਇਸ ਚਾਂਸਲਰ ਪ੍ਰੋਫੈਸਰ ਅਰੁਣ ਗਰੋਵਰ ਕਹਿੰਦੇ ਹਨ, "ਰੁਚੀ ਰਾਮ ਸਾਹਨੀ ਨੇ 1885 ਤੋਂ 1897 ਤੱਕ 500 ਜਨਤਕ ਲੈਕਚਰ ਦਿੱਤੇ। ਪ੍ਰੋਫੈਸਰ ਸਾਹਨੀ ਪੁਰਾਣੇ ਪੰਜਾਬ ਦੇ ਪਿੰਡਾਂ ਵਿੱਚ ਬਹੁਤ ਘੁੰਮੇ ਸਨ ਅਤੇ ਲੋਕਾਂ ਵਿੱਚ ਜਾ ਕੇ ਵਿਗਿਆਨ ਦਾ ਪ੍ਰਚਾਰ ਕਰਦੇ ਸਨ। ਲੋਕ ਉਨ੍ਹਾਂ ਦੇ ਭਾਸ਼ਣ ਸੁਣਨ ਲਈ ਪੈਸੇ ਵੀ ਦਿੰਦੇ ਸਨ।"

ਰੁਚੀ ਰਾਮ ਸਾਹਨੀ ਦੀ ਪੜਪੋਤੀ ਨੀਰਾ ਬੁਰਾ ਦੱਸਦੇ ਹਨ ਕਿ ਉਨ੍ਹਾਂ ਦਾ ਮੰਨਣਾ ਸੀ ਕਿ ਸਾਇੰਸ ਸਿਰਫ ਅੰਗਰੇਜ਼ੀ 'ਚ ਹੀ ਨਹੀਂ ਪੜ੍ਹਾਈ ਜਾਣੀ ਚਾਹੀਦੀ, ਬਲਕਿ ਆਮ ਲੋਕਾਂ ਦੀ ਭਾਸ਼ਾ 'ਚ ਹੋਵੇ ਅਤੇ ਵਿਹਾਰਕ ਵੀ ਹੋਣੀ ਚਾਹੀਦੀ ਹੈ।

ਰੁਚੀ ਰਾਮ ਸਾਹਨੀ ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਦੇ ਅਣਵੰਡੇ ਪੰਜਾਬ 'ਚ 5 ਅਪ੍ਰੈਲ 1863 ਨੂੰ ਅਜੋਕੇ ਪਾਕਿਸਤਾਨ ਦੇ ਡੇਰਾ ਇਸਮਾਈਲ ਖਾਨ ਸ਼ਹਿਰ ਵਿੱਚ ਜਨਮੇ ਸਨ। ਉਨ੍ਹਾਂ ਦੇ ਪਿਤਾ ਕਰਮ ਚੰਦ ਸਾਹਨੀ ਪੇਸ਼ੇ ਵਜੋਂ ਇੱਕ ਕਾਰੋਬਾਰੀ ਸਨ। 'ਮੈਮਓਅਰਜ਼ ਆਫ਼ ਰੁਚੀ ਰਾਮ ਸਾਹਨੀ' ਨਾਮ ਹੇਠ ਛਪੀ ਕਿਤਾਬ ਮੁਤਾਬਕ ਸਾਹਨੀ ਭਾਰਤੀ ਮੌਸਮ ਵਿਭਾਗ ਵਿੱਚ ਨੌਕਰੀ ਕਰਨ ਵਾਲੇ ਪਹਿਲੇ ਭਾਰਤੀ ਅਫ਼ਸਰ ਸਨ।

ਉਨ੍ਹਾਂ ਨੇ ਜਨਵਰੀ 1885 ਨੂੰ ਮੌਸਮ ਵਿਭਾਗ ਵਿੱਚ ਕਲਕੱਤਾ ਵਿਖੇ ਸਹਾਇਕ ਅਫ਼ਸਰ (ਸੈਕਿੰਡ ਅਸਿਸਟੈਂਟ ਰਿਪੋਰਟਰ) ਵਜੋਂ ਆਪਣੀ ਪਹਿਲੀ ਨੌਕਰੀ ਕੀਤੀ, ਪਰ ਬਾਅਦ ਵਿੱਚ ਉਹ ਸ਼ਿਮਲਾ ਆ ਗਏ, ਜਿੱਥੇ ਉਸ ਸਮੇਂ ਵਿਭਾਗ ਦਾ ਮੁੱਖ ਦਫ਼ਤਰ ਸੀ। ਸਾਲ 1887 ਵਿੱਚ ਉਹ ਸਰਕਾਰੀ ਕਾਲਜ, ਲਾਹੌਰ ਵਿੱਚ ਕੈਮਿਸਟਰੀ ਪੜ੍ਹਾਉਣ ਲੱਗੇ, ਜਿੱਥੇ ਉਨ੍ਹਾਂ ਨੇ ਪੜ੍ਹਾਈ ਵਿੱਚ ਸੁਧਾਰ ਨੂੰ ਲੈ ਕੇ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਹਿੱਸਾ ਲਿਆ ਸੀ ਅਤੇ ਮੋਤੀ ਲਾਲ ਨਹਿਰੂ, ਸੀ.ਆਰ. ਦਾਸ ਅਤੇ ਪੰਡਿਤ ਮਦਨ ਮੋਹਨ ਮਾਲਵੀਆ ਨਾਲ ਵੀ ਕੰਮ ਕੀਤਾ ਸੀ।



ਰੁਚੀ ਰਾਮ ਸਾਹਨੀ ਜਨਤਕ ਸਿੱਖਿਆ ਦੇ ਹੱਕ 'ਚ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖਿਆ ਕਦੇ ਵੀ ਸਿਰਫ਼ ਕਲਾਸ ਰੂਮ ਤੱਕ ਸੀਮਤ ਨਹੀਂ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਵਿਗਿਆਨ ਦੇ ਪ੍ਰਸਾਰ ਲਈ ਕੰਮ ਕੀਤਾ। ਉਹ ਪੰਜਾਬ ਵਿੱਚ ਵਿਗਿਆਨ ਦੇ ਪ੍ਰਸਾਰ ਲਈ ਬਣੀ 'ਪੰਜਾਬ ਸਾਇੰਸ ਇੰਸਟੀਟਿਊਟ' ਨਾਮ ਦੀ ਸੰਸਥਾ ਦੇ ਸਹਾਇਕ-ਸੰਸਥਾਪਕ ਸਨ।

'ਮੈਮਓਅਰਜ਼ ਆਫ਼ ਰੁਚੀ ਰਾਮ ਸਾਹਨੀ' ਮੁਤਾਬਕ ਉਹ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਮਝਾਉਂਦੇ ਸਨ ਕਿ ਸਾਬਣ ਕਿਵੇਂ ਬਣਦਾ ਹੈ। ਉਨ੍ਹਾਂ ਦੇ ਭਾਸ਼ਣਾਂ ਦੇ ਵਿਸ਼ੇ ਕੁਝ ਇਸ ਤਰ੍ਹਾਂ ਹੁੰਦੇ ਸਨ ਜਿਵੇਂ- ਸ਼ੁੱਧ ਤੇ ਅਸ਼ੁੱਧ ਹਵਾ, ਬਿਜਲੀ, ਗਲਾਸ ਮੇਕਿੰਗ, ਇਲੈਕਟ੍ਰੋਪਲੇਟਿੰਗ, ਪੰਜਾਬ ਅਤੇ ਇੱਥੇ ਵਗਦੇ ਦਰਿਆ। ਉਹ ਅਕਸਰ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਭਾਸ਼ਣ ਦਿੰਦੇ ਸਨ, ਪਰ ਕਦੇ-ਕਦੇ ਉਰਦੂ ਦੀ ਵੀ ਵਰਤੋਂ ਕਰਦੇ ਸਨ।

ਨੀਰਾ ਦੱਸਦੇ ਹਨ, ਸਾਹਨੀ ਲਾਹੌਰ ਕਾਲਜ ਵਿੱਚ ਜੋ ਵੀ ਸਾਇੰਸ ਬਾਰੇ ਪੜ੍ਹਾਉਂਦੇ ਸਨ, ਉਸ ਦਾ ਅਨਾਰਕਲੀ ਬਾਜ਼ਾਰ 'ਚ, ਗਲੀ-ਨੁੱਕਰਾਂ 'ਚ ਜਾਂ ਹੋਰ ਪਿੰਡਾਂ 'ਚ ਜਾ ਕੇ ਵਿਗਿਆਨਕ ਪ੍ਰਯੋਗ ਕਰਕੇ ਵਿਖਾਉਂਦੇ ਸਨ। ਉਹ ਉਸ ਦੇ ਪਿੱਛੇ ਅਸਲ ਤੱਤਾਂ ਦੀ ਜਾਣਕਾਰੀ ਦਿੰਦੇ ਸਨ। ਜਿਵੇਂ ਕਿ ਬਿਜਲੀ ਕਿਵੇਂ ਆਉਂਦੀ ਹੈ, ਟੈਲੀਗ੍ਰਾਫੀ ਕਿਵੇਂ ਕੰਮ ਕਰਦੀ ਹੈ, ਆਦਿ। ਉਨ੍ਹਾਂ ਹਰ ਵਿਅਕਤੀ ਤੱਕ ਵਿਗਿਆਨ ਦੀ ਪਹੁੰਚ ਨੂੰ ਸਰਲ ਕਰਨ ਲਈ ਕਾਲਜ 'ਚ ਅੰਗਰੇਜ਼ੀ ਵਿੱਚ ਹੁੰਦੀ ਪੜ੍ਹਾਈ ਨੂੰ ਪੰਜਾਬੀ ਅਤੇ ਉਰਦੂ 'ਚ ਵੀ ਕਰਵਾਉਣ 'ਤੇ ਜ਼ੋਰ ਦਿੱਤਾ। ਇਸ ਦੇ ਲਈ ਉਨ੍ਹਾਂ ਨੇ ਕਾਲਜ ਦੀਆਂ ਸਾਇੰਸ ਦੀਆਂ ਕਿਤਾਬਾਂ ਦਾ ਉਰਦੂ 'ਚ ਅਨੁਵਾਦ ਕੀਤਾ ਅਤੇ ਸਰਲ ਭਾਸ਼ਾ 'ਚ ਪ੍ਰਯੋਗਾਂ ਦਾ ਵੀ ਵਰਣਨ ਕੀਤਾ।


ਪ੍ਰੋਫੈਸਰ ਸਾਹਨੀ ਦਾ ਮੰਨਣਾ ਸੀ ਕਿ ਭਾਰਤ 'ਚ ਵਿਕਾਸ ਨੂੰ ਹੁਲਾਰਾ ਤਾਂ ਹੀ ਮਿਲ ਸਕਦਾ ਹੈ, ਜੇਕਰ ਵਿਗਿਆਨ ਦੀ ਪਹੁੰਚ ਹਰ ਘਰ ਤੱਕ ਹੋਵੇ, ਕਿਉਂਕਿ ਇੱਥੇ ਅੰਧ ਵਿਸ਼ਵਾਸ ਦਾ ਬਹੁਤ ਹੀ ਬੋਲ-ਬਾਲਾ ਸੀ। ਲੋਕ ਕਿਸੇ ਵੀ ਘਟਨਾ ਪਿੱਛੇ ਕਿਸੇ ਤੱਥ ਜਾਂ ਤਰਕ ਨੂੰ ਲੱਭਣ ਦੀ ਥਾਂ ਉਸ ਦਾ ਨਾਤਾ ਅੰਧ ਵਿਸ਼ਵਾਸ ਨਾਲ ਜੋੜ ਦਿੰਦੇ ਸਨ। ਇਸ ਲਈ ਉਨ੍ਹਾਂ ਨੇ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਹਨੇਰ ਵਿੱਚੋਂ ਬਾਹਰ ਕੱਢਣ ਲਈ ਵਿਗਿਆਨ ਦੀ ਪਹੁੰਚ ਹਰ ਘਰ ਤੱਕ ਪਹੁੰਚਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ।

ਇੱਕ ਜ਼ਮਾਨੇ 'ਚ ਲਾਹੌਰ 'ਚ ਬਹੁਤ ਟਾਈਫਾਈਡ ਫੈਲਿਆ ਸੀ ਅਤੇ ਲੋਕ ਅੰਧ ਵਿਸ਼ਵਾਸ ਦਾ ਸ਼ਿਕਾਰ ਹੋ ਰਹੇ ਸਨ। ਲੋਕਾਂ ਦਾ ਮੰਨਣਾ ਸੀ ਕਿ ਕਲਯੁੱਗ ਦੇ ਕਾਰਨ ਹੀ ਇੰਨੇ ਲੋਕ ਮਰ ਰਹੇ ਹਨ। ਪ੍ਰੋਫੈਸਰ ਸਾਹਨੀ ਨੇ ਲੋਕਾਂ ਨੂੰ ਸਮਝਾਇਆ ਕਿ ਇਹ ਮੁਸੀਬਤ ਕਿਸੇ ਕਲਯੁੱਗ ਕਰਕੇ ਨਹੀਂ ਸਗੋਂ ਗੰਦੇ ਪਾਣੀ ਕਰਕੇ ਆਈ ਹੈ। ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਸ਼ਹਿਰ 'ਚ ਥਾਂ-ਥਾਂ 'ਤੇ ਲੱਗੇ ਗੰਦਗੀ ਦੇ ਢੇਰ ਹੀ ਭਿਆਨਕ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਤਰਕ ਨਾਲ ਲੋਕਾਂ ਦੀ ਅਜਿਹੇ ਅੰਧ ਵਿਸ਼ਵਾਸਾਂ ਤੋਂ ਛੁਟਕਾਰਾ ਪਾਉਣ 'ਚ ਮਦਦ ਕੀਤੀ।

ਰੁਚੀ ਰਾਮ ਸਾਹਨੀ ਨੇ ਸਾਇੰਸ ਦੀ ਸਿੱਖਿਆ ਦੇ ਪ੍ਰਸਾਰ ਲਈ ਵੱਧ ਤੋਂ ਵੱਧ ਪ੍ਰਯੋਗਸ਼ਾਲਾਵਾਂ ਕਾਇਮ ਕਰਨ 'ਤੇ ਜ਼ੋਰ ਦਿੱਤਾ, ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਬਿਨਾ ਪ੍ਰਯੋਗ ਦੇ ਵਿਗਿਆਨ ਅਧੂਰਾ ਹੈ। ਉਹ ਮੰਨਦੇ ਸਨ ਕਿ ਬੱਚਿਆਂ ਨੂੰ ਸੁਤੰਤਰ ਤੌਰ 'ਤੇ ਪ੍ਰਯੋਗਸ਼ਾਲਾ 'ਚ ਪ੍ਰਯੋਗ ਕੀਤੇ ਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ; ਪਰ ਉਸ ਜ਼ਮਾਨੇ 'ਚ ਲੈਬ 'ਚ ਵਰਤੇ ਜਾਣ ਵਾਲੇ ਉਪਕਰਣ ਅਮਰੀਕਾ ਤੋਂ ਮੰਗਵਾਏ ਜਾਂਦੇ ਸਨ, ਜਿਸ ਕਰਕੇ ਬਹੁਤ ਹੀ ਮਹਿੰਗੇ ਪੈਂਦੇ ਸਨ ਅਤੇ ਬਹੁਤ ਹੀ ਘੱਟ ਸਕੂਲਾਂ ਜਾਂ ਕਹਿ ਲਓ ਕਿ ਕੁਲੀਨ/ਉੱਚ ਸੰਸਥਾਵਾਂ 'ਚ ਹੀ ਇਹ ਪਾਏ ਜਾਂਦੇ ਸਨ।

ਇਸ ਚੁਣੌਤੀ ਨਾਲ ਨਜਿੱਠਣ ਲਈ ਉਨ੍ਹਾਂ ਨੇ ਆਪਣੇ ਹੀ ਘਰੇ ਇੱਕ ਵਰਕਸ਼ਾਪ ਦਾ ਇੰਤਜ਼ਾਮ ਕੀਤਾ ਅਤੇ ਰੇਲਵੇ ਦੇ ਇੱਕ ਸੇਵਾਮੁਕਤ ਮਿਸਤਰੀ ਨੂੰ ਯੰਤਰ ਠੀਕ ਕਰਨ ਲਈ ਨੌਕਰੀ 'ਤੇ ਰੱਖਿਆ। ਉਸ ਪਿੱਛੋਂ ਉਹ ਪੇਂਡੂ ਪੰਜਾਬ ਦੇ ਜਿਸ ਵੀ ਪਿੰਡ 'ਚ ਗਏ, ਉੱਥੋਂ ਦੇ ਸਕੂਲ 'ਚ ਜੋ ਲੈਬੋਰਟਰੀ ਦੇ ਉਪਕਰਣ ਸਨ ਜਾਂ ਟੁੱਟੇ-ਫੁੱਟੇ ਸਨ ਤਾਂ ਉਨ੍ਹਾਂ ਨੇ ਆਪਣੀ ਵਰਕਸ਼ਾਪ 'ਚ ਲਿਆ ਕੇ ਠੀਕ ਕਰ ਕੇ ਮੁੜ ਉਨ੍ਹਾਂ ਹੀ ਸਕੂਲਾਂ ਦੀਆਂ ਲੈਬਾਂ 'ਚ ਚਾਲੂ ਕੀਤੇ।

ਪ੍ਰੋਫੈਸਰ ਸਾਹਨੀ ਇੱਕ ਚੰਗੀ ਆਰਥਿਕਤਾ ਵਾਲੇ ਪਰਿਵਾਰ ਵਿੱਚੋਂ ਸਨ ਅਤੇ ਖੇਤੀਬਾੜੀ ਦਾ ਵੀ ਬਹੁਤ ਸ਼ੌਕ ਰੱਖਦੇ ਸਨ। ਇਸ ਲਈ ਉਹ ਚੰਗੀ ਫਸਲ ਲਈ ਵੀ ਵੱਖ-ਵੱਖ ਪ੍ਰਯੋਗ ਕਰਦੇ ਸਨ। ਉਹ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਜੈਵਿਕ ਖਾਦ ਦੀ ਵਰਤੋਂ ਕਰਕੇ ਜੈਵਿਕ ਖੇਤੀ ਲਈ ਉਤਸ਼ਾਹਿਤ ਕਰਦੇ ਸਨ।



ਰੁਚੀ ਰਾਮ ਸਾਹਨੀ ਦਾ ਬੁੱਤ ਬਣਾਉਣ ਵਾਲੀ ਸ਼ੀਲਾ ਭਾਟਾ ਪ੍ਰੋਫੈਸਰ ਸਾਹਨੀ ਨਾਲ

## ਵੰਡ '47 ਦੀ

ਆਹ ਦੇਖੋ ਆਪਦੇ ਕਾਨ੍ਹ ਸਿੰਘ ਦੀ ਕਰਤੂਤ, ਉਹਨੇ ਇਹ ਲਿਖ ਕੇ ਵੱਡਾ ਜ਼ੁਲਮ ਕੀਤਾ ਹੈ ਕਿ ਸਿੱਖ ਹਿੰਦੂ ਨਹੀਂ ਹਨ। ਇਸ ਘੋਰ ਪਾਪ ਦੇ ਤਹਿਤ ਕਾਨ੍ਹ ਸਿੰਘ ਨੂੰ ਫੌਰੀ ਦਰਬਾਰ ਵਿੱਚੋਂ ਕੱਢਿਆ ਜਾਵੇ। ਮਹਾਰਾਜਾ ਝੱਟ ਸਹਿਮਤ ਹੋ ਗਿਆ। ਸੋ ਇਹ ਸੀ ਮਹਾਰਾਜਾ ਨਾਭੇ ਦੀ ਸਿੱਖੀ, ਜੀਹਦੇ ਪਿਛੇ ਅਕਾਲੀਆਂ ਨੇ ਮੋਰਚਾ ਲਾਇਆ। ਇੱਥੇ ਹੀ ਬਸ ਨਹੀਂ, ਆਰੀਆ ਸਮਾਜੀਆਂ ਨੇ ਦੁਬਾਰਾ ਫਿਰ ਕਾਨ੍ਹ ਸਿੰਘ ਨੂੰ ਨਿਸ਼ਾਨਾ ਬਣਾਇਆ। ਗੱਲ ਇਉਂ ਹੋਈ ਕਿ ਜਦੋਂ ਕਾਨ੍ਹ ਸਿੰਘ ਨਾਭਾ ਦੀ ਫਿਰ ਰਾਜੇ ਨੂੰ ਲੋੜ ਮਹਿਸੂਸ ਹੋਈ ਤਾਂ ਉਹਨੇ ਕਾਨ੍ਹ ਸਿੰਘ ਨੂੰ ਅੰਗਰੇਜ਼ੀ ਰਿਆਸਤ ਦਾ ਪ੍ਰਬੰਧ ਦੇਖਣ ਵਾਲੇ ਅੰਗਰੇਜ਼ੀ ਏਜੰਟ ਦੇ ਦਫਤਰ ਵਿੱਚ ਆਪਦੇ ਨੁਮਾਇੰਦੇ ਦੇ ਤੌਰ 'ਤੇ ਤਾਇਨਾਤ ਕਰ ਦਿੱਤਾ। ਜੀਹਦਾ ਪ੍ਰਭਾਵ ਇਹੋ ਦਿੱਤਾ ਗਿਆ ਕਿ ਭਾਵੇਂ ਕਾਨ੍ਹ ਸਿੰਘ ਨੂੰ ਮੁੜ ਨੌਕਰੀ 'ਤੇ ਰੱਖ ਲਿਆ ਗਿਆ ਹੈ, ਪਰ ਉਹਦਾ ਰਾਜ ਦਰਬਾਰ ਵਿੱਚ ਕੋਈ ਦਖਲ ਨਹੀਂ। ਸਿੰਘ ਸਭਾ ਲਹਿਰ ਤੋਂ ਪਹਿਲਾਂ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ ਤੇ ਇਨ੍ਹਾਂ ਨੂੰ ਲੋਕ ਮੱਥਾ ਟੇਕਦੇ ਸਨ। ਪਰਿਕਰਮਾ ਦੇ ਇੱਕ ਕਮਰੇ ਵਿੱਚ ਚਹੁ-ਭੁਜਾਂ ਵਾਲੀ ਦੇਵੀ ਦੀ ਮੂਰਤੀ ਰੱਖੀ ਹੋਈ ਸੀ, ਜੀਹਦੇ ਮੂਹਰੇ ਗੁਰੂ ਗੋਬਿੰਦ ਸਿੰਘ ਦੀ ਮੂਰਤੀ ਬਣਾ ਕੇ ਉਨ੍ਹਾਂ ਨੂੰ ਬੜੀ ਅਧੀਨਗੀ ਨਾਲ ਦੇਵੀ ਮੂਹਰੇ ਝੁਕੇ ਹੋਏ ਦਿਖਾਇਆ ਗਿਆ ਸੀ।

ਸਿੰਘ ਸਭਾ ਨੇ ਡੀ.ਸੀ. ਅੰਮ੍ਰਿਤਸਰ ਨੂੰ ਮੂਰਤੀਆਂ ਚੁਕਾਉਣ ਖਾਤਰ ਅਪੀਲ ਕੀਤੀ। ਡੀ.ਸੀ. ਨੇ ਦਰਬਾਰ ਸਾਹਿਬ ਵਿੱਚੋਂ ਮੂਰਤੀਆਂ ਚੁਕਵਾ ਦਿੱਤੀਆਂ। ਭਾਈ ਕਾਨ੍ਹ ਸਿੰਘ ਨਾਭਾ ਨੇ ਨਾਭਾ ਰਿਆਸਤ ਦੇ ਆਪਦੇ ਸਰਕਾਰੀ ਲੈਟਰਪੈੱਡ ਉਤੇ ਡੀ.ਸੀ. ਅੰਮ੍ਰਿਤਸਰ ਨੂੰ ਵਧਾਈਆਂ ਦੀ ਇੱਕ ਚਿੱਠੀ ਲਿਖ ਦਿੱਤੀ। ਦੂਜੇ ਪਾਸੇ ਮੂਰਤੀਆਂ ਚੱਕਣ ਦੇ ਖਿਲਾਫ ਹਿੰਦੂਆਂ ਨੇ ਜਲਸੇ ਮੁਜ਼ਾਹਰੇ ਸ਼ੁਰੂ ਕੀਤੇ ਹੋਏ ਸਨ। ਇਸ ਬਾਬਤ ਡੀ.ਸੀ. ਨੂੰ ਮਿਲਣ ਗਏ ਇੱਕ ਹਿੰਦੂ ਡੈਪੂਟੇਸ਼ਨ ਨੂੰ ਡੀ.ਸੀ. ਨੇ ਭਾਈ ਕਾਨ੍ਹ ਸਿੰਘ ਨਾਭਾ ਦੀ ਉਹ ਵਧਾਈ ਵਾਲੀ ਚਿੱਠੀ ਵਿਖਾ ਦਿੱਤੀ ਤੇ ਕਿਹਾ ਕਿ ਆਹ ਦੇਖੋ ਇੱਕ ਵੱਡਾ ਸਿੱਖ ਵਿਦਵਾਨ ਤਾਂ ਮੈਨੂੰ ਵਧਾਈ ਦੇ ਰਿਹਾ ਹੈ, ਤੁਸੀਂ ਕਿਵੇਂ ਕਹਿੰਦੇ ਹੋ ਕਿ ਮੂਰਤੀਆਂ ਚੁੱਕਣੀਆਂ ਗਲਤ ਨੇ? ਬੱਸ ਵਿਚਾਰਾ ਕਾਨ੍ਹ ਸਿੰਘ ਫੇਰ ਫਸ ਗਿਆ! ਹਿੰਦੂਆਂ ਨੇ ਉਹੀ ਗੱਲ ਮਹਾਰਾਜਾ ਨਾਭਾ ਨੂੰ ਜਾ ਦੱਸੀ। ਮਹਾਰਾਜੇ ਨੇ ਕਾਨ੍ਹ ਸਿੰਘ ਨੂੰ ਇਹ ਦੋਸ਼ ਲਾ ਕੇ ਫੇਰ ਨੌਕਰੀਓਂ ਕੱਢ ਦਿੱਤਾ ਕਿ ਤੇਰੇ ਵੱਲੋਂ ਸਰਕਾਰੀ ਲੈਟਰਹੈੱਡ 'ਤੇ ਡੀ.ਸੀ. ਨੂੰ ਵਧਾਈ ਦੇਣ ਦਾ ਮਤਲਬ ਇਹ ਹੋਇਆ ਕਿ ਨਾਭਾ ਰਿਆਸਤ ਵੀ ਮੂਰਤੀਆਂ ਚੁੱਕਣ ਦੇ ਖਿਲਾਫ ਹੈ। ਹੁਣ ਤੁਸੀਂ ਮਹਾਰਾਜਾ ਪਟਿਆਲਾ ਤੇ ਮਹਾਰਾਜਾ ਨਾਭਾ ਦੀ ਸਿੱਖੀ ਦੀ ਤੁਲਨਾ ਖੁਦ ਕਰ ਲਓ।







ਕਰਤਾਰ ਸਿੰਘ ਝੱਬਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਮਹੰਤ ਨਰੈਣ ਦਾਸ

ਇੱਥੇ ਇਹ ਜ਼ਿਕਰਯੋਗ ਹੈ ਕਿ ਸਿੱਖਾਂ ਨੇ ਮਹਾਰਾਜਾ ਨਾਭਾ ਦੇ ਹੱਕ ਵਿੱਚ ਇੱਕ ਸਿੱਖ ਰਾਜੇ ਨਾਲ ਹਮਦਰਦੀ ਦਾ ਬਹਾਨਾ ਲਾਉਂਦਿਆਂ ਮੋਰਚਾ ਲਾਇਆ; ਦੂਜੇ ਪਾਸੇ ਮਹਾਰਾਜਾ ਪਟਿਆਲਾ ਦੇ ਖਿਲਾਫ ਸਿੱਖ ਮਹਾਰਾਜਾ ਹੁੰਦਿਆਂ ਹੋਇਆਂ ਮੋਰਚਾ ਲਾਇਆ। ਮਹਾਰਾਜਾ ਪਟਿਆਲਾ ਦੇ ਖਿਲਾਫ ਲੱਗੇ ਮੋਰਚੇ ਦੌਰਾਨ ਜੇਲ੍ਹ ਵਿੱਚ ਪ੍ਰਾਣ ਤਿਆਗਣ ਵਾਲਾ ਸੇਵਾ ਸਿੰਘ ਠੀਕਰੀਵਾਲਾ ਅੱਜ ਵੀ ਸਿੱਖਾਂ ਦਾ ਹੀਰੋ ਹੈ ਤੇ ਮਹਾਰਾਜਾ ਨਾਭੇ ਦੇ ਹੱਕ ਵਿੱਚ ਮੋਰਚੇ ਲਾਉਣ ਵਾਲੇ ਵੀ ਸਿੱਖਾਂ ਦੇ ਹੀਰੋ ਨੇ। ਇੱਥੇ ਇਹ ਮਿਸਾਲ ਦੇਣ ਦਾ ਮਤਲਬ ਇਹ ਹੈ ਕਿ ਸਿੱਖ ਆਵਾਮ ਨੇ ਪਿਛਲੀ ਲੀਡਰਸ਼ਿਪ ਨੂੰ ਦਰਕਿਨਾਰ ਕਰਦਿਆਂ ਉਹ ਲੀਡਰਸ਼ਿਪ ਨੂੰ ਸ਼ਹੀਦੀਆਂ ਦੇ ਕੇ ਕਾਮਯਾਬ ਕੀਤਾ, ਜਿਹੜੀ ਸਿੱਖਾਂ ਦੇ ਹਿੱਤਾਂ ਦੀ ਤਾਂ ਕੋਈ ਗੱਲ ਨਹੀਂ ਸੀ ਕਰਦੀ, ਬਲਕਿ ਅੰਗਰੇਜ਼ਾਂ ਨੂੰ ਮੁਲਕ 'ਚੋਂ ਕੱਢਣ ਵਾਲੇ ਇੱਕ ਨੁਕਾਤੀ ਕਾਂਗਰਸ ਦੇ ਪ੍ਰੋਗਰਾਮ ਦੀ ਹਮਾਇਤ ਕਰਦੀ ਸੀ। ਇਹਦਾ ਸਿੱਧਾ ਭਾਵ ਇਹ ਹੈ ਕਿ ਸਿੱਖ ਲੀਡਰਸ਼ਿਪ ਸਿੱਖਾਂ ਦਾ ਮੁਫਾਦ ਮੂਹਰੇ ਰੱਖਣ ਦੀ ਬਜਾਇ ਅੱਖਾਂ ਮੀਚ ਕੇ ਕਾਂਗਰਸ ਦੀ ਪੈੜ 'ਚ ਪੈਰ ਧਰਦੀ ਸੀ। ਸੋਚਣ ਵਾਲੀ ਗੱਲ ਇਹ ਹੈ ਕਿ ਉਦੋਂ ਜੇ ਸਿੱਖ ਆਵਾਮ ਵੱਖਰਾ ਮੁਲਕ ਚਾਹੁੰਦੀ ਹੁੰਦੀ ਤਾਂ ਕਾਂਗਰਸ ਨਾਲ ਅਤੇ ਹਿੰਦੁਸਤਾਨ ਨਾਲ ਰਹਿਣ ਵਾਲੀ ਅਕਾਲੀ ਲੀਡਰਸ਼ਿਪ ਉਨ੍ਹਾਂ ਦੀ ਕਦੀ ਵੀ ਲੀਡਰ ਨਹੀਂ ਸੀ ਰਹਿ ਸਕਦੀ। ਜੇ ਅਕਾਲੀ ਲੀਡਰਸ਼ਿਪ ਕਾਂਗਰਸ ਨਾਲ ਬੱਝੀ ਵੀ ਰਹਿੰਦੀ ਤਾਂ ਇਹਦੀ ਥਾਂ ਵੱਖਰੇ ਮੁਲਕ ਦੀ ਹਮਾਇਤ ਕਰਨ ਵਾਲੀ ਲੀਡਰਸ਼ਿਪ ਨੇ ਲੈ ਲੈਣੀ ਸੀ। ਇਹ ਸਭ ਕਾਸੇ ਦਾ ਨਿਚੋੜ ਇਹ ਹੈ ਕਿ ਲੀਡਰਸ਼ਿਪ ਨੇ ਉਹੀ ਕੁਝ ਕੀਤਾ, ਜੋ ਕੌਮ ਚਾਹੁੰਦੀ ਸੀ। ਕੌਮ ਦਾ ਇੱਕ ਨੁਕਾਤੀ ਪ੍ਰੋਗਰਾਮ ਅੰਗਰੇਜ਼ਾਂ ਨੂੰ ਇੱਥੋਂ ਕੱਢਣਾ ਸੀ, ਸੋ ਉਹ ਨਿਕਲ ਗਏ। ਪੰਜਾਬ ਦੀ ਵੰਡ ਉਨ੍ਹਾਂ ਦੇ ਲੀਡਰਾਂ ਨੇ ਖੁਦ ਕਬੂਲ ਕੀਤੀ।

ਸਿੱਖ ਕੌਮ ਨੇ ਲੀਡਰਸ਼ਿਪ ਦੇ ਇਸ ਫੈਸਲੇ 'ਤੇ ਉਦੋਂ ਕੋਈ ਇਤਰਾਜ਼ ਨਹੀਂ ਕੀਤਾ। ਪੰਜਾਬ ਦੀ ਵੰਡ ਹੋ ਗਈ। ਆਬਾਦੀ ਦੇ ਤਬਾਦਲੇ ਦਾ ਸਿੱਖ ਲੀਡਰਸ਼ਿਪ ਨੇ ਕੋਈ ਅੰਦਾਜ਼ਾ ਨਹੀਂ ਲਾਇਆ। ਅੰਗਰੇਜ਼ਾਂ ਵੱਲੋਂ ਆਬਾਦੀ ਦੇ ਤਬਾਦਲੇ ਬਾਰੇ ਪੁੱਛਣ 'ਤੇ ਨਹਿਰੂ ਨੇ ਕਿਹਾ ਕਿ ਇਹਦੀ ਕੋਈ ਲੋੜ ਨਹੀਂ। ਜੇ ਆਬਾਦੀ ਦੇ ਤਬਾਦਲੇ ਦਾ ਅੰਦਾਜ਼ਾ ਲਾਇਆ ਜਾਂਦਾ ਤਾਂ ਇਹਦੇ ਅਮਨ-ਅਮਾਨ ਨਾਲ ਤਬਾਦਲੇ ਦਾ ਵੀ ਅੰਗਰੇਜ਼ ਇੰਤਜ਼ਾਮ ਆਪਦੇ ਹੁੰਦੇ ਹੁੰਦੇ ਕਰਦੇ; ਪਰ ਸਾਰੀ ਸਿੱਖ ਲੀਡਰਸ਼ਿਪ ਦਾ ਇੱਕੋ ਇੱਕ ਬਿਆਨ ਸੀ ਕਿ ਅੰਗਰੇਜ਼ੋ ਤੁਸੀਂ ਇੱਥੋਂ ਛੇਤੀ ਨਿਕਲੋ ਸਾਡਾ ਫਿਕਰ ਨਾ ਕਰੋ, ਸਾਨੂੰ ਜੋ ਲੋੜ ਹੋਈ ਉਹ ਸਾਰੀ ਨਹਿਰੂ ਹੁਰੀਂ ਪੂਰੀ ਕਰਨਗੇ। ਸੋ ਜਿਵੇਂ ਸਿੱਖਾਂ ਨੇ ਚਾਹਿਆ, ਉਵੇਂ ਹੋ ਗਿਆ; ਜੋ ਲੱਖਾਂ ਸਿੱਖਾਂ ਦੇ ਕਤਲ, ਬੇਪਤੀਆਂ ਤੇ ਅਰਬਾਂ ਦੀ ਜਾਇਦਾਦ ਦਾ ਜੋ ਨੁਕਸਾਨ ਹੋਇਆ, ਉਹਦੇ ਬਦਲੇ ਖੁਦ ਨੂੰ ਜ਼ਿੰਮੇਵਾਰ ਕਹਿਣ ਦੀ ਬਜਾਏ ਇਹਦੀ ਜ਼ਿੰਮੇਵਾਰੀ ਅੰਗਰੇਜ਼ਾਂ 'ਤੇ ਸੁੱਟ ਕੇ ਲੀਡਰਸ਼ਿਪ ਨੇ ਕੰਮ ਸਾਰ ਲਿਆ। ਉਨ੍ਹਾਂ ਦੇ ਮਗਰ ਮਗਰ ਸਿੱਖ ਕੌਮ ਵੀ ਇਹਦੇ ਲਈ ਲੀਡਰਸ਼ਿਪ ਨੂੰ ਜ਼ਿੰਮੇਵਾਰ ਕਹਿਣ ਦੀ ਬਜਾਏ ਇਹੀ ਕਹਿੰਦੀ ਹੈ ਕਿ "ਚੰਦਰਾ ਗੋਰਾ ਸਾਨੂੰ ਤਬਾਹ ਕਰ ਗਿਆ।" ਹਾਲਾਂਕਿ ਗੋਰੇ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਸਿੱਖਾਂ ਦੀ ਇਸ ਤਬਾਹੀ ਦੀ ਪੇਸ਼ੀਨਗੋਈ 3 ਜੂਨ 1947 ਨੂੰ ਆਪਦੇ ਰੇਡੀਓ ਭਾਸ਼ਣ ਵਿੱਚ ਕਰ ਦਿੱਤੀ ਸੀ ਤੇ ਇਹ ਵੀ ਆਖ ਦਿੱਤਾ ਸੀ ਕਿ ਥੋੜੀ ਲੀਡਰਸ਼ਿਪ ਇਹੀ ਚਾਹੁੰਦੀ ਹੈ। ਗੱਲ ਦਾ ਤੱਤਸਾਰ ਇਹ ਹੈ ਕਿ ਇਕੱਲੀ ਸਿੱਖ ਲੀਡਰਸ਼ਿਪ ਨੂੰ ਦੋਸ਼ ਦੇਣਾ ਇੱਕ ਅਧੂਰਾ ਸੱਚ ਹੈ। ਸਾਰਾ ਸੱਚ ਇਹ ਹੈ ਕਿ ਸਿੱਖ ਆਵਾਮ ਜੋ ਕੁਝ ਚਾਹੁੰਦਾ ਸੀ, ਲੀਡਰਸ਼ਿਪ ਨੇ ਉਹੀ ਕੀਤਾ।

**(ਸਮਾਪਤ)**

# ਭਾਰਤ ਦੇ ਸੂਰਜੀ ਮਿਸ਼ਨ ਦੀਆਂ ਅਹਿਮ ਗੱਲਾਂ

**ਗੀਤਾ ਪਾਂਡੇ**

## *ਆਦਿਤਿਆ-ਐਲ1 ਦੇ ਪਹਿਲੇ ਨਤੀਜਿਆਂ ਦੇ ਸੰਦਰਭ ਵਿੱਚ

ਭਾਰਤੀ ਵਿਗਿਆਨੀਆਂ ਨੇ ਆਦਿਤਿਆ-ਐਲ1 ਤੋਂ ਪ੍ਰਾਪਤ 'ਪਹਿਲੇ ਮਹੱਤਵਪੂਰਨ ਨਤੀਜਿਆਂ' ਬਾਰੇ ਦੱਸਿਆ ਹੈ। ਆਦਿਤਿਆ-ਐਲ1 ਪੁਲਾੜ ਵਿੱਚ ਭਾਰਤ ਦਾ ਪਹਿਲਾ ਸੂਰਜੀ ਮਿਸ਼ਨ ਹੈ। ਭਾਰਤੀ ਵਿਗਿਆਨੀਆਂ ਅਨੁਸਾਰ ਇਸ ਮਿਸ਼ਨ ਤੋਂ ਜੋ ਜਾਣਕਾਰੀਆਂ ਮਿਲੀਆਂ ਹਨ, ਉਨ੍ਹਾਂ ਜ਼ਰੀਏ ਪਾਵਰ ਗਰਿੱਡ ਅਤੇ ਕਮਿਊਨਿਕੇਸ਼ਨ ਸੈਟੇਲਾਈਟਸ ਨੂੰ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇ ਭਵਿੱਖ ਵਿੱਚ ਸੂਰਜ 'ਤੇ ਅਜਿਹੀ ਕੋਈ ਘਟਨਾ ਵਾਪਰਦੀ ਹੈ, ਜਿਸ ਨਾਲ ਪੁਲਾੜ ਜਾਂ ਧਰਤੀ 'ਤੇ ਮੌਜੂਦ ਇਨਫਰਾਸਟ੍ਰਕਚਰ ਨੂੰ ਕਿਸੇ ਤਰ੍ਹਾਂ ਦੇ ਖਤਰੇ ਦਾ ਸ਼ੱਕ ਹੈ ਤਾਂ ਇਸ ਮਿਸ਼ਨ ਵਿੱਚ ਸਾਹਮਣੇ ਆਈਆਂ ਗੱਲਾਂ ਨਾਲ ਉਨ੍ਹਾਂ ਨੂੰ ਬਚਾਇਆ ਜਾ ਸਕਦਾ ਹੈ।

ਆਦਿਤਿਆ-ਐਲ1 ਦੇ ਸੱਤ ਵਿਗਿਆਨਕ ਯੰਤਰਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਵੀ.ਈ.ਐੱਲ.ਸੀ. ਯਾਨੀ ਵਿਜ਼ੀਬਲ ਐਮੀਸ਼ਨ ਲਾਈਨ ਕੋਰੋਨਾਗ੍ਰਾਫ ਨੇ ਕੁਝ ਡਾਟਾ ਇਕੱਠਾ ਕੀਤਾ। ਇਸ ਦੀ ਮਦਦ ਨਾਲ ਵਿਗਿਆਨਕ ਸੀ.ਐੱਮ.ਈ. ਯਾਨੀ ਕੋਰੋਨਲ ਮਾਸ ਇਜੈਕਸ਼ਨ ਦੀ ਸ਼ੁਰੂਆਤ ਦੇ ਅਸਲ ਸਮੇਂ ਦਾ ਅੰਦਾਜ਼ਾ ਲਗਾ ਸਕੇ। ਵੀ.ਈ.ਐੱਲ.ਸੀ. ਨੂੰ ਇੰਡੀਅਨ ਇੰਸਟੀਚਿਊਟ ਆਫ ਐਸਟ੍ਰੋਫਿਜ਼ਿਕਸ ਨੇ ਡਿਜ਼ਾਈਨ ਕੀਤਾ ਹੈ। ਸੀ.ਐੱਮ.ਈ. ਅਸਲ ਵਿੱਚ ਸੂਰਜ ਦੀ ਸਭ ਤੋਂ ਬਾਹਰੀ ਪਰਤ ਕੋਰੋਨਾ ਤੋਂ ਨਿਕਲਣ ਵਾਲੀ ਅੱਗ ਦੇ ਵੱਡੇ ਗੋਲੇ ਹਨ। ਸੀ.ਐੱਮ.ਈ. ਅਧਿਐਨ ਭਾਰਤ ਦੇ ਪਹਿਲੇ ਸੂਰਜੀ ਮਿਸ਼ਨ ਦੇ ਸਭ ਤੋਂ ਮਹੱਤਵਪੂਰਨ ਵਿਗਿਆਨਕ ਉਦੇਸ਼ਾਂ ਵਿੱਚੋਂ ਇੱਕ ਹੈ।

ਇੰਡੀਅਨ ਇੰਸਟੀਚਿਊਟ ਆਫ ਐਸਟ੍ਰੋਫਿਜ਼ਿਕਸ ਦੇ ਪ੍ਰੋਫੈਸਰ ਆਰ. ਰਮੇਸ਼ ਅਨੁਸਾਰ, "ਇਹ ਅੱਗ ਦੇ ਗੋਲੇ ਊਰਜਾ ਦੇ ਕਣਾਂ ਤੋਂ ਮਿਲ ਕੇ ਬਣੇ ਹੁੰਦੇ ਹਨ। ਇਨ੍ਹਾਂ ਦਾ ਭਾਰ ਇੱਕ ਖਰਬ ਕਿਲੋਗ੍ਰਾਮ ਤੱਕ ਹੋ ਸਕਦਾ ਹੈ ਅਤੇ ਇਨ੍ਹਾਂ ਦੀ ਗਤੀ 3 ਹਜ਼ਾਰ ਕਿਲੋਮੀਟਰ ਪ੍ਰਤੀ ਸਕਿੰਟ ਹੋ ਸਕਦੀ ਹੈ। ਉਹ ਕਿਸੇ ਵੀ ਦਿਸ਼ਾ ਵਿੱਚ ਜਾ ਸਕਦੇ ਹਨ; ਯਾਨੀ ਉਹ ਧਰਤੀ ਵੱਲ ਵੀ ਆ ਸਕਦੇ ਹਨ।...ਕਲਪਨਾ ਕਰੋ ਕਿ ਇੰਨਾ ਵੱਡਾ ਅੱਗ ਦਾ ਗੋਲਾ ਇਸ ਰਫਤਾਰ ਨਾਲ ਧਰਤੀ ਵੱਲ ਵਧਦਾ ਹੈ ਤਾਂ ਧਰਤੀ ਤੋਂ ਸੂਰਜ ਤੱਕ 15 ਕਰੋੜ ਕਿਲੋਮੀਟਰ ਦੀ ਦੂਰੀ ਨੂੰ ਪੂਰਾ ਕਰਨ ਲਈ ਉਸ ਨੂੰ ਸਿਰਫ 15 ਘੰਟੇ ਲੱਗਣਗੇ।"

ਪ੍ਰੋਫੈਸਰ ਰਮੇਸ਼ ਵੀ.ਈ.ਐੱਲ.ਸੀ. ਦੇ ਪ੍ਰਮੁੱਖ ਜਾਂਚਕਰਤਾ ਹਨ। ਉਨ੍ਹਾਂ ਨੇ ਐਸਟ੍ਰੋਫਿਜ਼ੀਕਲ ਜਰਨਲ ਲੈਟਰਸ ਵਿੱਚ ਸੀ.ਐੱਮ.ਈ. ਉੱਤੇ ਇੱਕ ਪੇਪਰ ਪ੍ਰਕਾਸ਼ਿਤ ਕੀਤਾ ਹੈ। ਪ੍ਰੋ. ਰਮੇਸ਼ ਦਾ ਕਹਿਣਾ ਹੈ ਕਿ ਇਹ ਸ਼ੁਰੂ ਵਿੱਚ ਧਰਤੀ ਵੱਲ ਹੋਈ ਪਰ ਯਾਤਰਾ ਦੇ ਸਿਰਫ ਅੱਧੇ ਘੰਟੇ ਵਿੱਚ ਹੀ ਇਹ ਆਪਣੀ ਦਿਸ਼ਾ ਤੋਂ ਭਟਕ ਗਿਆ ਅਤੇ ਕਿਸੇ ਸੂਰਜ ਦੇ ਪਿੱਛੇ ਚਲਾ ਗਿਆ, ਕਿਉਂਕਿ ਇਹ ਕਾਫੀ ਦੂਰ ਸੀ, ਇਸ ਲਈ ਧਰਤੀ ਦੇ ਮੌਸਮ 'ਤੇ ਇਸ ਦਾ ਅਸਰ ਨਹੀਂ ਪਿਆ।

ਹਾਲਾਂਕਿ ਸੂਰਜ ਤੂਫਾਨ, ਉਸ ਤੋਂ ਨਿਕਲਣ ਵਾਲੀ ਜਵਾਲਾ ਅਤੇ ਕੋਰੋਨਲ ਮਾਸ ਇਜੈਕਸ਼ਨ ਨਿਯਮਿਤ ਤੌਰ 'ਤੇ ਧਰਤੀ ਦੇ ਮੌਸਮ ਨੂੰ ਪ੍ਰਭਾਵਿਤ ਕਰਦਾ ਹੈ। ਇਸਦਾ ਅਸਰ ਪੁਲਾੜ ਦੇ ਮੌਸਮ 'ਤੇ ਵੀ ਪੈਂਦਾ ਹੈ। ਇੱਥੇ ਕਰੀਬ 7800 ਸੈਟੇਲਾਈਟਸ ਹਨ, ਜਿਸ ਵਿੱਚੋਂ 50 ਤੋਂ ਜ਼ਿਆਦਾ ਭਾਰਤ ਦੇ ਹਨ।



*ਇਤਿਹਾਸ ਵਿੱਚ ਸਭ ਤੋਂ ਸ਼ਕਤੀਸ਼ਾਲੀ ਸੂਰਜੀ ਤੂਫਾਨ 1859 ਵਿੱਚ ਆਇਆ ਸੀ। ਇਸ ਨੂੰ ਕੈਰਿੰਗਟਨ ਇਵੈਂਟ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਅਸਮਾਨ ਵਿੱਚ ਸੰਘਣੀ ਅਰੋਰਲ ਲਾਈਟਾਂ ਦਿਖਾਈ ਦਿੱਤੀਆਂ। ਇਸ ਕਾਰਨ ਪੂਰੀ ਦੁਨੀਆਂ ਵਿੱਚ ਟੈਲੀਗ੍ਰਾਫ਼ ਲਾਈਨਾਂ ਬੰਦ ਹੋ ਗਈਆਂ। ਨਾਸਾ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇੰਨਾ ਹੀ ਵੱਡਾ ਸੂਰਜੀ ਤੂਫਾਨ ਸਾਲ 2012 ਵਿੱਚ ਵੀ ਆਇਆ ਸੀ। ਉਸ ਵੇਲੇ ਇਹ ਧਰਤੀ ਦੇ ਬਹੁਤ ਨੇੜੇ ਤੋਂ ਗੁਜ਼ਰਿਆ ਸੀ।*

ਸਪੇਸ ਡਾਟ ਕਾਮ ਮੁਤਾਬਕ ਇਨ੍ਹਾਂ ਦੇ ਕਾਰਨ ਮਨੁੱਖੀ ਜੀਵਨ ਨੂੰ ਖਤਰੇ ਦੀ ਸੰਭਾਵਨਾ ਬਹੁਤ ਘੱਟ ਹੈ, ਪਰ ਜੇਕਰ ਇਹ ਧਰਤੀ ਦੇ ਚੁੰਬਕੀ ਖੇਤਰ ਨਾਲ ਟਕਰਾਅ ਜਾਂਦੇ ਹਨ ਤਾਂ ਧਰਤੀ 'ਤੇ ਹਲਚਲ ਵਧ ਸਕਦੀ ਹੈ। ਉਨ੍ਹਾਂ ਦਾ ਸਭ ਤੋਂ ਸੁੰਦਰ ਪ੍ਰਭਾਵ ਉੱਤਰ ਅਤੇ ਦੱਖਣ ਧਰੁਵ 'ਤੇ ਅਰੋਰਾ ਲਾਈਟਸ ਦਾ ਦਿਖਣਾ ਹੈ। ਪਰ ਜੇਕਰ ਇੱਕ ਮਜ਼ਬੂਤ ਕੋਰੋਨਲ ਪੁੰਜ ਇਜੈਕਸ਼ਨ ਹੁੰਦਾ ਹੈ ਤਾਂ ਇਸਦਾ ਪ੍ਰਭਾਵ ਅਸਮਾਨ ਵਿੱਚ ਹੋਰ ਵੀ ਜ਼ਿਆਦਾ ਰੌਸ਼ਨੀਆਂ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ, ਜਿਵੇਂ ਕਿ ਮਈ ਅਤੇ ਅਕਤੂਬਰ ਵਿੱਚ ਲੰਡਨ ਅਤੇ ਫਰਾਂਸ ਦੇ ਅਸਮਾਨ ਵਿੱਚ ਦੇਖਿਆ ਗਿਆ ਸੀ।

ਹਾਲਾਂਕਿ ਅਜਿਹੀ ਘਟਨਾ ਦਾ ਪ੍ਰਭਾਵ ਪੁਲਾੜ ਵਿੱਚ ਬਹੁਤ ਹੀ ਗੰਭੀਰ ਹੁੰਦਾ ਹੈ। ਕੋਰੋਨਲ ਪੁੰਜ ਇਜੈਕਸ਼ਨ ਦੌਰਾਨ ਬਾਹਰ ਆਏ ਚਾਰਜਡ ਕਣ ਉੱਥੇ ਮੌਜੂਦ ਸਾਰੇ ਇਲੈਕਟ੍ਰਾਨਿਕ ਸੈਟੇਲਾਈਟ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਹ ਪਾਵਰ ਗਰਿੱਡਜ਼ ਨੂੰ ਠੱਪ ਕਰ ਸਕਦੇ ਹਨ ਅਤੇ ਮੌਸਮ ਤੇ ਸੰਚਾਰ ਸੈਟੇਲਾਈਟਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਾਡੀ ਜ਼ਿੰਦਗੀ ਪੂਰੀ ਤਰ੍ਹਾਂ ਸੰਚਾਰ ਉਪਗ੍ਰਹਿ 'ਤੇ ਨਿਰਭਰ ਹੈ ਅਤੇ ਸੀ.ਐਮ.ਈ. ਦੇ ਕਾਰਨ ਇੰਟਰਨੈਟ, ਫੋਨ ਲਾਈਨਾਂ ਅਤੇ ਰੇਡੀਓ ਸੰਚਾਰ ਵਿੱਚ ਵਿਘਨ ਪੈ ਸਕਦਾ ਹੈ ਅਤੇ ਇਸ ਨਾਲ ਬਹੁਤ ਗੜਬੜ ਹੋ ਸਕਣ ਦੀ ਸੰਭਾਵਨਾ ਹੈ।

ਇਤਿਹਾਸ ਵਿੱਚ ਸਭ ਤੋਂ ਸ਼ਕਤੀਸ਼ਾਲੀ ਸੂਰਜੀ ਤੂਫਾਨ 1859 ਵਿੱਚ ਆਇਆ ਸੀ। ਇਸ ਨੂੰ ਕੈਰਿੰਗਟਨ ਇਵੈਂਟ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਅਸਮਾਨ ਵਿੱਚ ਸੰਘਣੀ ਅਰੋਰਲ ਲਾਈਟਾਂ ਦਿਖਾਈ ਦਿੱਤੀਆਂ। ਇਸ ਕਾਰਨ ਪੂਰੀ ਦੁਨੀਆਂ ਵਿੱਚ ਟੈਲੀਗ੍ਰਾਫ਼ ਲਾਈਨਾਂ ਬੰਦ ਹੋ ਗਈਆਂ। ਨਾਸਾ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇੰਨਾ ਹੀ ਵੱਡਾ ਸੂਰਜੀ ਤੂਫਾਨ ਸਾਲ 2012 ਵਿੱਚ ਵੀ ਆਇਆ ਸੀ। ਉਸ ਵੇਲੇ ਇਹ ਧਰਤੀ ਦੇ ਬਹੁਤ ਨੇੜੇ ਤੋਂ ਗੁਜ਼ਰਿਆ ਸੀ।

ਵਿਗਿਆਨੀਆਂ ਮੁਤਾਬਕ "23 ਜੁਲਾਈ ਨੂੰ ਇੱਕ ਸ਼ਕਤੀਸ਼ਾਲੀ ਕੋਰੋਨਲ ਪੁੰਜ ਇਜੈਕਸ਼ਨ ਹੋਇਆ, ਜੋ ਧਰਤੀ ਦੇ ਰਾਹ ਦੇ ਨੇੜੇ ਤੋਂ ਲੰਘਿਆ, ਪਰ 'ਅਸੀਂ ਬਹੁਤ ਕਿਸਮਤ ਵਾਲੇ ਸੀ' ਕਿ ਧਰਤੀ ਨਾਲ ਟਕਰਾਉਣ ਦੀ ਬਜਾਏ ਇਹ ਤੂਫ਼ਾਨ ਨਾਸਾ ਦੀ ਸੋਲਰ ਆਬਜ਼ਰਵੇਟਰੀ ਸਟੀਰੀਓ-ਏ ਨਾਲ ਟਕਰਾਅ ਗਿਆ।"

1989 ਵਿੱਚ ਇੱਕ ਕੋਰੋਨਲ ਪੁੰਜ ਇਜੈਕਸ਼ਨ ਨੇ ਕਿਊਬਿਕ ਦੇ ਪਾਵਰ ਗਰਿੱਡ ਨੂੰ ਨੌਂ ਘੰਟਿਆਂ ਤੱਕ ਬੰਦ ਕਰ ਦਿੱਤਾ ਸੀ, ਇਸ ਨਾਲ 60 ਲੱਖ ਲੋਕ ਬਿਜਲੀ ਤੋਂ ਬਿਨਾ ਰਹੇ। 4 ਨਵੰਬਰ 2015 ਨੂੰ ਸਵੀਡਨ ਸਮੇਤ ਕੁਝ ਹੋਰ ਯੂਰਪੀਅਨ ਦੇਸ਼ਾਂ ਵਿੱਚ ਸੂਰਜੀ ਗਤੀਵਿਧੀ ਕਾਰਨ ਹਵਾਈ ਆਵਾਜਾਈ ਕੰਟਰੋਲ ਪ੍ਰਭਾਵਿਤ ਹੋ ਗਿਆ ਸੀ। ਇਸ ਕਾਰਨ ਘੰਟਿਆਂ ਤੱਕ ਹਵਾਈ ਯਾਤਰਾ ਪ੍ਰਭਾਵਿਤ ਰਹੀ।

ਵਿਗਿਆਨੀ ਕਹਿੰਦੇ ਹਨ, "ਜੇ ਅਸੀਂ ਇਹ ਦੇਖਣ ਦੇ ਸਮਰਥ ਹੋ ਜਾਂਦੇ ਹਾਂ ਕਿ ਸੂਰਜ 'ਤੇ ਕੀ ਹੋ ਰਿਹਾ ਹੈ ਅਤੇ ਸੂਰਜੀ ਤੂਫਾਨ ਜਾਂ ਕੋਰੋਨਲ ਪੁੰਜ ਇਜੈਕਸ਼ਨ ਨਾਲ ਜੁੜੀ ਜਾਣਕਾਰੀ ਸਾਨੂੰ ਮਿਲ ਜਾਂਦੀ ਹੈ ਤਾਂ ਅਸੀਂ ਇਸ ਨੂੰ ਲੈ ਕੇ ਪਹਿਲਾਂ ਹੀ ਅਲਰਟ ਜਾਰੀ ਕਰ ਸਕਦੇ ਹਾਂ। ਪਾਵਰ ਗਰਿੱਡ ਨੂੰ ਬੰਦ ਕਰ ਸਕਦੇ ਹਾਂ ਤਾਂ ਕਿ ਉਨ੍ਹਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ।"

ਅਮਰੀਕੀ ਪੁਲਾੜ ਏਜੰਸੀ ਨਾਸਾ, ਯੂਰਪੀ ਪੁਲਾੜ ਏਜੰਸੀ, ਜਾਪਾਨ ਅਤੇ ਚੀਨ ਪੁਲਾੜ ਵਿੱਚ ਆਪਣੇ ਸੂਰਜੀ ਮਿਸ਼ਨ ਦੇ ਜ਼ਰੀਏ ਦਹਾਕਿਆਂ ਤੋਂ ਸੂਰਜ ਨੂੰ ਦੇਖਦੇ ਆ ਰਹੇ ਹਨ। ਭਾਰਤੀ ਪੁਲਾੜ ਏਜੰਸੀ ਯਾਨੀ ਇਸਰੋ ਨੇ ਇਕ ਸਾਲ ਪਹਿਲਾਂ ਹੀ ਆਪਣਾ ਪਹਿਲਾ ਸੂਰਜੀ ਮਿਸ਼ਨ ਆਦਿਤਿਆ-ਐੱਲ1 ਲਾਂਚ ਕੀਤਾ ਸੀ। ਇਸ ਭਾਰਤੀ ਸੂਰਜੀ ਮਿਸ਼ਨ ਦਾ ਨਾਂ ਸੂਰਜ ਦੇ ਨਾਮ ਤੋਂ ਰੱਖਿਆ ਗਿਆ ਸੀ। ਆਦਿਤਿਆ-ਐਲ1 ਪੁਲਾੜ ਵਿੱਚ ਇੱਕ ਅਜਿਹੀ ਥਾਂ 'ਤੇ ਮੌਜੂਦ ਹੈ, ਜਿੱਥੋਂ ਇਹ ਸੂਰਜ ਨੂੰ ਲਗਾਤਾਰ ਦੇਖ ਸਕਦਾ ਹੈ। ਸਗੋਂ ਇਹ ਗ੍ਰਹਿਣ ਅਤੇ ਤਬਾਹੀ ਵਰਗੀਆਂ ਸਥਿਤੀਆਂ ਵਿੱਚ ਵੀ ਵਿਗਿਆਨਕ ਅਧਿਐਨ ਜਾਰੀ ਰੱਖ ਸਕਦਾ ਹੈ।

ਜਦੋਂ ਅਸੀਂ ਧਰਤੀ ਤੋਂ ਸੂਰਜ ਨੂੰ ਦੇਖਦੇ ਹਾਂ ਤਾਂ ਸਾਨੂੰ ਅੱਗ ਦਾ ਇੱਕ ਕੇਸਰੀ ਗੋਲਾ ਦਿਖਾਈ ਦਿੰਦਾ ਹੈ, ਜੋ ਕਿ ਪ੍ਰਕਾਸ਼ਮੰਡਲ ਹੈ। ਇਹ ਸੂਰਜ ਦੀ ਬਾਹਰੀ ਸਤ੍ਹਾ ਜਾਂ ਤਾਰੇ ਦਾ ਸਭ ਤੋਂ ਚਮਕਦਾਰ ਹਿੱਸਾ ਹੈ। ਕੇਵਲ ਪੂਰਨ ਗ੍ਰਹਿਣ ਦੌਰਾਨ, ਜਦੋਂ ਚੰਦਰਮਾ ਧਰਤੀ ਅਤੇ ਸੂਰਜ ਦੇ ਵਿਚਕਾਰ ਆਉਂਦਾ ਹੈ, ਤਾਂ ਉਹ ਇਸ ਪ੍ਰਕਾਸ਼ਮੰਡਨ ਨੂੰ ਢਕ ਲੈਂਦਾ ਹੈ। ਫਿਰ ਅਸੀਂ ਸੂਰਜੀ ਕੋਰੋਨਾ ਦੇਖਦੇ ਹਾਂ, ਜੋ ਕਿ ਸੂਰਜ ਦੀ ਸਭ ਤੋਂ ਬਾਹਰੀ ਸਤ੍ਹਾ ਹੈ।

ਪ੍ਰੋ. ਰਮੇਸ਼ ਮੁਤਾਬਕ ਭਾਰਤ ਦਾ ਕੋਰੋਨਾਗ੍ਰਾਫ, ਨਾਸਾ-ਈ.ਐੱਸ.ਏ. ਦੇ ਸੰਯੁਕਤ ਸੂਰਜ ਅਤੇ ਹੈਲੀਓਸਫੇਰਿਕ ਆਬਜ਼ਰਵੇਟਰੀ ਵਿੱਚ ਮੌਜੂਦ ਕੋਰੋਨਾਗ੍ਰਾਫ ਨਾਲੋਂ ਥੋੜ੍ਹਾ ਬਿਹਤਰ ਹੈ। ਇਸ ਦਾ ਆਕਾਰ ਇੰਨਾ ਵੱਡਾ ਹੈ ਕਿ ਇਹ ਚੰਦਰਮਾ ਦੀ ਭੂਮਿਕਾ ਦੀ ਨਕਲ ਕਰ ਸਕਦਾ ਹੈ ਅਤੇ ਸੂਰਜ ਦੇ ਪ੍ਰਕਾਸ਼ਮੰਡਲ ਨੂੰ ਨਕਲੀ ਰੂਪ ਨਾਲ ਲੁਕਾ ਸਕਦਾ ਹੈ। ਇਸ ਕਾਰਨ ਆਦਿਤਿਆ-ਐਲ1 ਦੇ ਕੋਲ ਬਿਨਾ ਕਿਸੇ ਰੁਕਾਵਟ ਦੇ 24 ਘੰਟੇ ਅਤੇ ਸਾਲ ਦੇ 365 ਦਿਨ ਕੋਰੋਨਾ ਨੂੰ ਦੇਖਣ ਦਾ ਮੌਕਾ ਰਹਿੰਦਾ ਹੈ।

ਨਾਸਾ-ਈ.ਐੱਸ.ਏ. ਮਿਸ਼ਨ ਦੇ ਕੋਰੋਨਾਗ੍ਰਾਫ ਨੂੰ ਲੈ ਕੇ ਵਿਗਿਆਨੀ ਕਹਿੰਦੇ ਹਨ ਕਿ ਕੋਰੋਨਾਗ੍ਰਾਫ ਦੀ ਵਿਸ਼ਾਲਤਾ ਦਾ ਮਤਲਬ ਹੈ ਕਿ ਇਹ ਸਿਰਫ ਪ੍ਰਕਾਸ਼ਮੰਡਲ ਨੂੰ ਹੀ ਨਹੀਂ, ਬਲਕਿ ਕੋਰੋਨਾ ਦੇ ਹਿੱਸੇ ਵੀ ਛੁਪਾ ਲੈਂਦਾ ਹੈ। ਅਜਿਹੇ ਵਿੱਚ ਜੇ ਕੋਰੋਨਾ ਪੁੰਜ ਇਜੈਕਸ਼ਨ ਕਿਸੇ ਛਿਪੇ ਹੋਏ ਇਲਾਕੇ ਤੋਂ ਹੁੰਦਾ ਹੈ, ਤਾਂ ਉਹ ਇਹ ਦੇਖਣ ਵਿੱਚ ਸਫਲ ਨਹੀਂ ਹੋਣ ਪਾਉਣਗੇ; ਪਰ ਵੀ.ਈ.ਐੱਲ.ਸੀ. ਦੇ ਨਾਲ ਕੋਰੋਨਲ ਪੁੰਜ ਇਜੈਕਸ਼ਨ ਦੇ ਅਸਲ-ਸਮੇਂ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ, ਤਾਂ ਕਿ ਪਤਾ ਲੱਗ ਜਾਵੇ ਕਿ ਇਹ ਕਦੋਂ ਸ਼ੁਰੂ ਹੋਇਆ ਅਤੇ ਇਹ ਕਿਸ ਪਾਸੇ ਜਾਣ ਵਾਲਾ ਹੈ।

ਭਾਰਤ ਕੋਲ ਸੂਰਜ ਨੂੰ ਦੇਖਣ ਲਈ ਤਿੰਨ ਆਬਜ਼ਰਵੇਟਰੀ ਮੌਜੂਦ ਹਨ। ਦੱਖਣ ਵਿੱਚ ਕੋਡਾਇਕਨਾਲ, ਗੌਰੀਬਿਦਨੂਰ ਅਤੇ ਉੱਤਰ-ਪੱਛਮ ਵਿੱਚ ਉਦੈਪੁਰ। ਇਸ ਲਈ ਜੇ ਉਨ੍ਹਾਂ ਤੋਂ ਮਿਲੀਆਂ ਜਾਣਕਾਰੀਆਂ ਨੂੰ ਆਦਿਤਿਆ-ਐੱਲ1 ਤੋਂ ਮਿਲੀਆਂ ਜਾਣਕਾਰੀਆਂ ਦੇ ਨਾਲ ਮਿਲਾਈਏ ਤਾਂ ਸੂਰਜ ਨੂੰ ਲੈ ਕੇ ਆਪਣੀ ਸਮਝ ਨੂੰ ਹੋਰ ਬਿਹਤਰ ਕਰ ਸਕਦੇ ਹਾਂ।

## 'ਪਾਬੰਦੀ' ਹੀ ਸਵਾਲ ਬਣ ਗਿਆ...

ਪਾਕਿਸਤਾਨ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ 'ਤੇ ਪਾਬੰਦੀ ਲਾਉਣ ਬਾਰੇ ਨਵੀਂ ਚਰਚਾ ਪਾਕਿਸਤਾਨੀ ਸੱਤਾ ਦੇ ਕੁਲੀਨ ਵਰਗ ਵਿੱਚ ਜਮਹੂਰੀ ਸੋਚ ਦੀ ਕਮਜ਼ੋਰੀ ਤੋਂ ਇਲਾਵਾ ਕੁਝ ਨਹੀਂ ਦਰਸਾਉਂਦੀ ਹੈ। ਸੰਘੀ ਰਾਜਧਾਨੀ ਤੋਂ ਪੀ.ਟੀ.ਆਈ. ਦੇ ਤਾਜ਼ਾ ਵਿਰੋਧ ਨੂੰ ਜ਼ਬਰਦਸਤੀ ਬੇਦਖਲ ਕਰਨ ਤੋਂ ਬਾਅਦ, ਕੁਝ ਸੰਸਥਾਵਾਂ ਨੇ ਇੱਕ ਵਾਰ ਫਿਰ ਪਾਰਟੀ ਨੂੰ 'ਅਤਿਵਾਦੀ ਸੰਗਠਨ' ਦੱਸਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸਦੀ ਪਾਬੰਦੀ ਦੀ ਮੰਗ ਕਰ ਰਹੇ ਹਨ। ਸ਼ੁਕਰ ਹੈ, ਪੀ.ਪੀ.ਪੀ., ਜੇ.ਯੂ.ਆਈ. ਅਤੇ ਕੁਝ ਹੋਰਾਂ ਨੇ ਇਸ ਉਪਾਅ ਦਾ ਵਿਰੋਧ ਕੀਤਾ ਹੈ, ਇਸ ਨੂੰ ਬੁਰਾ ਵਿਚਾਰ ਕਿਹਾ ਹੈ। ਦੂਸਰੇ, ਸ਼ਾਇਦ ਸਭ ਤੋਂ ਹੈਰਾਨੀ ਦੀ ਗੱਲ ਹੈ ਕਿ ਏ.ਐਨ.ਪੀ. ਨੇ ਇਸ ਤੱਥ ਬਾਰੇ ਕੋਈ ਕਾਰਨ ਨਹੀਂ ਬਣਾਇਆ ਕਿ ਉਹ ਪੀ.ਟੀ.ਆਈ. ਨੂੰ ਤਸਵੀਰ ਤੋਂ ਪੂਰੀ ਤਰ੍ਹਾਂ ਹਟਾਇਆ ਹੋਇਆ ਦੇਖਣਾ ਚਾਹੁੰਦੇ ਹਨ। ਹਾਲਾਂਕਿ ਜਿਹੜੀਆਂ ਪਾਰਟੀਆਂ ਪੀ.ਟੀ.ਆਈ. 'ਤੇ ਪਾਬੰਦੀ ਲਾਉਣਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਕਿ ਉਹ ਉਸ 'ਜਮਹੂਰੀ' ਸਾਖ ਤੋਂ ਦੂਰ ਹੋ ਰਹੀਆਂ ਹਨ, ਜਿਸ ਦਾ ਉਹ ਦਾਅਵਾ ਕਰਦੀਆਂ ਹਨ।

ਨਿੰਦਾ ਦਾ ਹਾਲੀਆ ਦੌਰ ਬਲੋਚਿਸਤਾਨ ਅਸੈਂਬਲੀ ਨਾਲ ਸ਼ੁਰੂ ਹੋਇਆ, ਜਿਸ ਨੇ ਆਪਣੇ ਹਾਲੀਆ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪਾਰਟੀ 'ਤੇ ਪਾਬੰਦੀ ਲਾਉਣ ਲਈ ਵਿਰੋਧੀ ਧਿਰ ਦੇ ਵਾਕਆਊਟ ਦੇ ਵਿਚਕਾਰ ਇੱਕ ਮਤਾ ਪਾਸ ਕੀਤਾ। ਇੱਥੋਂ ਤੱਕ ਕਿ ਸੂਬੇ ਵਿੱਚ ਜਮਹੂਰੀਅਤ ਦੇ ਮਾਪਦੰਡਾਂ ਦੇ ਬਾਵਜੂਦ, ਇਹ ਇੱਕ ਨਵੀਂ ਪਿਰਤ ਹੈ। ਅਜਿਹਾ ਹੀ ਮਤਾ ਪੰਜਾਬ ਅਸੈਂਬਲੀ ਵਿੱਚ ਵੀ ਪੇਸ਼ ਕੀਤਾ ਗਿਆ ਸੀ, ਪਰ ਪੀ.ਪੀ.ਪੀ. ਦੇ ਇਸ ਕਦਮ ਦੇ ਵਿਰੋਧ ਕਾਰਨ ਜਾਪਦਾ ਹੈ ਕਿ ਬਲੋਚਿਸਤਾਨ ਅਸੈਂਬਲੀ ਵੱਲੋਂ ਦਿਖਾਈ ਗਈ ਸਖ਼ਤੀ ਨਾਲ ਇਹ ਪਾਸ ਨਹੀਂ ਹੋ ਸਕਿਆ। ਇਸ ਦੌਰਾਨ ਫੈਡਰਲ ਕੈਬਨਿਟ ਨੇ ਕੇਪੀ ਵਿੱਚ ਰਾਜਪਾਲ ਸ਼ਾਸਨ ਲਾਗੂ ਕਰਨ ਬਾਰੇ ਵਿਚਾਰ ਕੀਤਾ, ਪਰ ਦੁਬਾਰਾ ਸਮਝਦਾਰ ਮਨ ਪ੍ਰਚਲਿਤ ਹੋਇਆ ਜਾਪਦਾ ਹੈ।

ਹਾਲਾਂਕਿ ਪਾਕਿਸਤਾਨ ਦੇ ਸਿਆਸੀ ਇਤਿਹਾਸ ਦੇ ਵਿਦਿਆਰਥੀਆਂ ਲਈ ਇਸ ਵਿੱਚੋਂ ਕੋਈ ਵੀ ਨਿਰਾਸ਼ਾਜਨਕ ਨਹੀਂ ਹੈ, ਜਿੰਨਾ ਇਹ ਤੱਥ ਕਿ ਖਾਨ ਅਬਦੁਲ ਵਲੀ ਖਾਨ ਦੇ ਵਾਰਸ, ਅਵਾਮੀ ਨੈਸ਼ਨਲ ਪਾਰਟੀ ਦੇ ਮੌਜੂਦਾ ਮੁਖੀ ਐਮਲ ਵਲੀ ਵੀ ਪਾਬੰਦੀ ਦੀ ਮੰਗ ਕਰਨ ਵਾਲਿਆਂ ਦੇ ਸਮੂਹ ਵਿੱਚ ਸ਼ਾਮਲ ਹੋ ਗਏ ਹਨ। ਪੀ.ਟੀ.ਆਈ. ਇਸ ਨੂੰ 'ਇੱਕ ਕੂੜਾ, ਜਿਸਦਾ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ' ਕਹਿਣ ਤੱਕ ਜਾ ਰਹੀ ਹੈ।

ਪਾਕਿਸਤਾਨ ਦੀਆਂ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਵਿੱਚੋਂ ਸਿਰਫ਼ ਦੋ 'ਤੇ ਹੀ ਰਸਮੀ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਇੱਕ ਨੈਸ਼ਨਲ ਅਵਾਮੀ ਪਾਰਟੀ ਸੀ, ਜਿਸਦੀ ਅਗਵਾਈ ਵਲੀ ਖਾਨ ਦੀ ਸੀ, ਜਿਸਨੂੰ 1975 ਵਿੱਚ ਪਾਬੰਦੀਸ਼ੁਦਾ ਕਰ ਦਿੱਤਾ ਗਿਆ ਸੀ, ਪਰ ਫਿਰ ਏ.ਐਨ.ਪੀ. ਦੇ ਰੂਪ ਵਿੱਚ ਮੁੜ ਜੀਵਿਤ ਹੋ ਗਈ। ਦੂਜੀ ਅਵਾਮੀ ਲੀਗ ਸੀ, ਅਤੇ ਇਸ 1ਤੇ ਪਾਬੰਦੀ ਲਾਉਣ ਦੇ ਵਿਨਾਸ਼ਕਾਰੀ ਨਤੀਜੇ ਪੂਰਬੀ ਪਾਕਿਸਤਾਨ ਦੇ ਵੱਖ ਹੋਣ ਵੱਲ ਲੈ ਗਏ। ਸੱਤਾ ਹਥਿਆਉਣ ਤੋਂ ਬਾਅਦ ਤਾਨਾਸ਼ਾਹ ਜਨਰਲ ਜ਼ਿਆਉਲ ਹੱਕ ਨੇ ਪੀ.ਪੀ.ਪੀ. 'ਤੇ ਵੀ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਵਿੱਚੋਂ ਕੁਝ ਧੜਿਆਂ ਨੂੰ ਉਭਾਰਨ ਵਿੱਚ ਅਹਿਮ ਭੂਮਿਕਾ ਨਿਭਾਈ, ਪਰ ਭੁੱਟੋ ਦੀ ਪਾਰਟੀ ਨੇ ਵੀ ਸਹਿਣ ਕੀਤਾ। ਇਹ ਇਤਿਹਾਸ ਦਰਸਾਉਂਦਾ ਹੈ ਕਿ ਸਿਰਫ਼ ਪਾਬੰਦੀਆਂ ਕੰਮ ਨਹੀਂ ਕਰਦੀਆਂ। ਸਾਰੀਆਂ ਪਾਰਟੀਆਂ ਗਲਤੀਆਂ ਕਰਦੀਆਂ ਹਨ, ਅਤੇ ਰਾਜ ਤੇ ਨਾਗਰਿਕ ਕਈ ਵਾਰ ਹਿੰਸਕ ਤਰੀਕਿਆਂ ਨਾਲ ਟਕਰਾਅ ਸਕਦੇ ਹਨ; ਪਰ ਇਸਦੀ ਵਰਤੋਂ ਜਨਤਾ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰ ਤੋਂ ਇਨਕਾਰ ਕਰਨ ਲਈ ਜਾਇਜ਼ ਠਹਿਰਾਉਣ ਲਈ ਨਹੀਂ ਕੀਤੀ ਜਾ ਸਕਦੀ ਹੈ, ਜੋ ਉਹ ਚਾਹੁੰਦੇ ਹਨ ਕਿ ਕਿਸੇ ਵੀ ਬੈਨਰ ਹੇਠ ਸੰਗਠਿਤ ਹੋਣ। ਅਜਿਹੀਆਂ ਆਪਹੁਦਰੀਆਂ ਕਾਲਾਂ ਦਾ ਸਹਾਰਾ ਲੈਣ ਦੀ ਬਜਾਏ ਸਾਰੀਆਂ ਪਾਰਟੀਆਂ ਨੂੰ ਆਪਣੇ ਵਿਚਾਲੇ ਪਏ ਪਾੜਾਂ ਨੂੰ ਘਟਾਉਣ ਲਈ ਕੰਮ ਕਰਕੇ ਅਤੇ ਗੱਲਬਾਤ ਦੇ ਹੱਲ 'ਤੇ ਧਿਆਨ ਕੇਂਦ੍ਰਤ ਕਰਕੇ ਦੇਸ਼ ਦੇ ਰਾਜਨੀਤਿਕ ਸੱਭਿਆਚਾਰ ਲਈ ਸਕਾਰਾਤਮਕ ਯੋਗਦਾਨ ਪਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਪਾਕਿਸਤਾਨ ਦੇ ਮਾਮਲੇ ਵਿੱਚ ਅੱਗੇ ਵਧਣ ਦਾ ਇਹੀ ਇੱਕੋ ਇੱਕ ਵਿਹਾਰਕ ਰਸਤਾ ਹੈ।

## 'ਕਿਤੇ ਲੋਕ ਬੰਦੂਕਾਂ ਤੋਂ ਡਰਨਾ ਹੀ ਨਾ ਭੁੱਲ ਜਾਣ'

ਪਾਕਿਸਤਾਨ ਵਿੱਚ ਲੰਘੇ ਦਿਨੀਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਹੋਏ, ਪਰ ਇਮਰਾਨ ਦੇ ਸਮਰਥਕਾਂ ਨੂੰ ਸੁਰੱਖਿਆ ਬਲਾਂ ਨੇ ਇਸਲਾਮਾਬਾਦ ਤੋਂ ਖਦੇੜ ਦਿੱਤਾ ਸੀ, ਇਸ ਬਾਰੇ ਸੀਨੀਅਰ ਪੱਤਰਕਾਰ ਮੁਹੰਮਦ ਹਨੀਫ਼ ਨੇ ਟਿੱਪਣੀ ਕੀਤੀ ਹੈ। ਉਹ ਕਹਿੰਦੇ ਹਨ ਕਿ ਇਸ ਸਾਰੇ ਘੜਮੱਸ ਵਿੱਚ ਸਾਰੇ ਇਹ ਭੁੱਲ ਗਏ ਕਿ ਇਸ ਮੁਲਕ ਵਿੱਚ ਇੱਕ ਪਾਰਲੀਮੈਂਟ ਵੀ ਹੈ, ਅਦਾਲਤਾਂ ਵੀ ਹਨ, ਸੁਣਿਆ ਸੀ ਕੋਈ ਕਾਨੂੰਨ ਆਇਨ ਵੀ ਹੁੰਦਾ ਹੈ; ਫੈਸਲਾ ਆਖ਼ਰ ਬੰਦੂਕਾਂ ਨੇ ਕੀਤਾ।

ਉਹ ਅੱਗੇ ਕਹਿੰਦੇ ਹਨ, "ਦੋਵਾਂ ਧਿਰਾਂ ਨੂੰ ਪਤਾ ਹੈ ਕਿ ਇਹ ਖਲਕਤ ਫਿਰ ਪਲਟ ਕੇ ਆਏਗੀ ਅਤੇ ਫਿਰ ਪਤਾ ਨਹੀਂ ਕਿੰਨਾ ਬੰਦਾ ਮਾਰ ਕੇ ਇਸਲਾਮਾਬਾਦ ਸਾਫ ਕਰਵਾਉਣਾ ਪਵੇਗਾ।... ਇੰਨੀ ਬੇਇੱਜ਼ਤੀ ਨਾ ਕਰੋ ਕਿ ਲੋਕ ਇਮਰਾਨ ਖ਼ਾਨ ਵਾਂਗੂ ਬੇਇੱਜ਼ਤੀ-ਇੱਜ਼ਤ ਦਾ ਫਰਕ ਹੀ ਭੁੱਲ ਜਾਣ, ਹਰ ਵੇਲੇ ਬੰਦੂਕਾਂ ਸਿੱਧੀਆਂ ਕਰੋਗੇ ਤਾਂ ਕਿਤੇ ਇਹ ਲੋਕ ਬੰਦੂਕਾਂ ਤੋਂ ਡਰਨਾ ਹੀ ਨਾ ਭੁੱਲ ਜਾਣ।"

# ਪਰਵਾਸੀ ਵਿਦਿਆਰਥੀ ਅਤੇ ਕੈਨੇਡਾ-ਅਮਰੀਕਾ ਦੀ ਸਖਤੀ



## *ਹਾਲਾਤ ਅਤੇ ਨੀਤੀਆਂ

**ਤਨੀਸ਼ਾ ਚੌਹਾਨ**

ਇੱਕ ਵਕਤ ਸੀ ਜਦੋਂ ਵਿਦੇਸ਼ ਵੱਸਣ ਦਾ ਸੁਫ਼ਨਾ ਦੇਖਣ ਵਾਲੇ ਵਿਦਿਆਰਥੀ ਪੜ੍ਹਨ ਲਈ ਕੈਨੇਡਾ-ਅਮਰੀਕਾ ਵਰਗੇ ਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦਿੰਦੇ ਸਨ। ਅਜਿਹਾ ਇਸ ਲਈ, ਕਿਉਂਕਿ ਇਨ੍ਹਾਂ ਦੇਸ਼ਾਂ ਦੀ ਖ਼ਾਸ ਕਰ ਕੈਨੇਡਾ ਦੀ ਸਟੂਡੈਂਟ ਨੀਤੀ ਕਾਫੀ ਸੁਖਾਲੀ ਮੰਨੀ ਜਾਂਦੀ ਸੀ; ਪਰ ਹੁਣ ਹਾਲਾਤ ਬਦਲ ਚੁੱਕੇ ਹਨ। ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਲੈ ਕੇ ਨਿਯਮਾਂ ਵਿੱਚ ਤਬਦੀਲੀ ਕੀਤੀ ਹੈ। ਇਸੇ ਤਰ੍ਹਾਂ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਵੀ ਪਰਵਾਸ ਨੂੰ ਲੈ ਕੇ ਸਖ਼ਤ ਹਨ। ਯੂ.ਕੇ. ਪਹਿਲਾਂ ਹੀ ਪਰਵਾਸੀਆਂ ਨੂੰ ਲੈ ਕੇ ਸਖ਼ਤ ਐਲਾਨ ਕਰ ਚੁਕਾ ਹੈ।

ਇਨ੍ਹਾਂ ਦੇਸ਼ਾਂ ਦੇ ਲਗਾਤਾਰ ਬਦਲਦੇ ਨਿਯਮਾਂ ਕਾਰਨ ਵਿਦਿਆਰਥੀਆਂ ਦਰਮਿਆਨ ਅਨਿਸ਼ਚਤਤਾ ਦਾ ਮਾਹੌਲ ਵੀ ਵੇਖਿਆ ਗਿਆ। ਇਸ ਦਰਮਿਆਨ ਕੁਝ ਮਾਹਰਾਂ ਨਾਲ ਗੱਲਬਾਤ ਕਰਕੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਹੋਰ ਕਿਹੜੇ ਦੇਸ਼ ਹਨ, ਜਿੱਥੋਂ ਦੇ ਵਿਦਿਆਰਥੀ ਵੀਜ਼ਾ ਨਿਯਮ ਹਾਲੇ ਸੁਖਾਲੇ ਹਨ। ਪਹਿਲਾਂ ਇਹ ਜਾਣਦੇ ਹਾਂ ਕਿ ਹੁਣ ਤੱਕ ਭਾਰਤੀ ਵਿਦਿਆਰਥੀ ਸਭ ਤੋਂ ਜ਼ਿਆਦਾ ਕਿਹੜੇ ਮੁਲਕਾਂ ਵਿੱਚ ਜਾਣ ਨੂੰ ਤਰਜੀਹ ਦਿੰਦੇ ਰਹੇ ਹਨ?

ਵਿਦੇਸ਼ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਸਾਲ 2024 ਵਿੱਚ 13,35,878 ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਨ ਲਈ ਗਏ ਹਨ। ਸਭ ਤੋਂ ਜ਼ਿਆਦਾ ਭਾਰਤੀ ਕੈਨੇਡਾ ਵਿੱਚ ਪੜ੍ਹਨ ਗਏ ਹਨ, ਇਹ ਗਿਣਤੀ 4,27,000 ਬਣਦੀ ਹੈ। ਦੂਜੇ ਨੰਬਰ 'ਤੇ ਆਉਂਦਾ ਹੈ ਅਮਰੀਕਾ, ਜਿੱਥੇ ਇਸ ਸਾਲ 3,37,630 ਵਿਦਿਆਰਥੀ ਉਚੇਰੀ ਸਿੱਖਿਆ ਲਈ ਗਏ ਹਨ। ਤੀਜੇ ਨੰਬਰ 'ਤੇ ਆਉਂਦਾ ਹੈ ਯੂ.ਕੇ., ਜਿੱਥੇ 1,85,000 ਵਿਦਿਆਰਥੀ ਪੜ੍ਹਨ ਲਈ ਗਏ ਹਨ। ਚੌਥੇ ਨੰਬਰ 'ਤੇ 1,22,202 ਵਿਦਿਆਰਥੀਆਂ ਨਾਲ ਆਸਟ੍ਰੇਲੀਆ ਹੈ। ਪੰਜਵੇਂ ਨੰਬਰ 'ਤੇ ਜਰਮਨੀ ਹੈ, ਜਿੱਥੇ 42,997 ਵਿਦਿਆਰਥੀ ਗਏ।

ਰਾਜ ਸਭਾ ਵਿੱਚ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2019 ਵਿੱਚ 6,75,541 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਨ ਲਈ ਗਏ ਸਨ, ਜਦਕਿ 2024 ਵਿੱਚ 13,35,878 ਵਿਦਿਆਰਥੀ ਹੋਰ ਦੇਸ਼ਾਂ ਵਿੱਚ ਪੜ੍ਹਾਈ ਲਈ ਗਏ। ਇਨ੍ਹਾਂ ਅੰਕੜਿਆਂ ਤੋਂ ਸਾਫ ਹੁੰਦਾ ਹੈ ਕਿ ਵਿਦੇਸ਼ 'ਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਰੀਬ ਦੁੱਗਣਾ ਵਾਧਾ ਹੋਇਆ ਹੈ। ਹਾਲਾਂਕਿ ਮੰਤਰਾਲੇ ਕੋਲ ਸੂਬੇ ਦੇ ਆਧਾਰ 'ਤੇ ਕੋਈ ਡਾਟਾ ਨਹੀਂ ਹੈ ਕਿ ਕਿਹੜੇ ਸੂਬੇ ਤੋਂ ਕਿੰਨੇ ਨੌਜਵਾਨ ਪੜ੍ਹਾਈ ਲਈ ਬਾਹਰੇ ਮੁਲਕਾਂ ਵਿੱਚ ਗਏ ਹਨ।

ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਮਾਹਰਾਂ ਮੁਤਾਬਕ ਹੁਣ ਵਿਦਿਆਰਥੀਆਂ ਲਈ ਯੂਰਪੀ ਦੇਸ਼ ਕਾਫੀ ਚੰਗਾ ਬਦਲ ਹੋ ਸਕਦੇ ਹਨ। ਇਟਲੀ, ਜਰਮਨੀ, ਫਿਨਲੈਂਡ, ਸਵੀਡਨ ਅਤੇ ਡੈਨਮਾਰਕ ਵਰਗੇ ਦੇਸ਼ਾਂ ਦੇ ਨਿਯਮ ਵਿਦਿਆਰਥੀਆਂ ਲਈ ਸੁਖਾਲੇ ਹਨ। ਇਹ ਦੇਸ਼ ਵਰਕ ਪਰਮਿਟ ਵੀ ਦਿੰਦੇ ਹਨ ਅਤੇ ਪਰਮਾਨੈਂਟ ਰੈਜ਼ੀਡੈਂਸ ਦੇ ਕਈ ਵਿਕਲਪ ਵੀ ਇੱਥੇ ਮੌਜੂਦ ਹਨ। ਕਈ ਯੂਰਪੀ ਦੇਸ਼ ਜਿਵੇਂ ਕਿ ਸਵੀਡਨ ਸਪਾਊਸ ਨੂੰ ਨਾਲ ਲਿਜਾਣ ਦੀ ਤਜਵੀਜ਼ ਵੀ ਰੱਖਦੇ ਹਨ। ਕੁਝ ਯੂਨੀਵਰਸਿਟੀਆਂ ਮੁਫ਼ਤ ਵਿੱਚ ਵੀ ਮਾਸਟਰ ਡਿਗਰੀਆਂ ਕਰਵਾਉਂਦੀਆਂ ਹਨ, ਹਾਲਾਂਕਿ ਇਸ ਵਿੱਚ ਵਿਦਿਆਰਥੀਆਂ ਨੂੰ ਭਾਸ਼ਾ ਦੀ ਦਿੱਕਤ ਜ਼ਰੂਰ ਆ ਸਕਦੀ ਹੈ। ਯੂਰਪੀ ਦੇਸ਼ਾਂ ਨੇ ਵਿਦਿਆਰਥੀਆਂ ਲਈ ਆਪਣੇ ਬੂਹੇ ਖੁੱਲ੍ਹੇ ਰੱਖੇ ਹੋਏ ਹਨ। ਬਸ ਵਿਦਿਆਰਥੀ ਨੂੰ ਪੂਰੀ ਰਿਸਰਚ ਕਰਨ ਦੀ ਲੋੜ ਹੈ ਕਿ ਉਹਦਾ ਟੀਚਾ ਕੀ ਹੈ!




ਮਾਹਰ ਮੰਨਦੇ ਹਨ ਕਿ ਵਿਦਿਆਰਥੀਆਂ ਉੱਤੇ ਮਾਪਿਆਂ ਵੱਲੋਂ ਵੀ ਵਿਦੇਸ਼ ਜਾਣ ਦਾ ਬਹੁਤ ਦਬਾਅ ਪਾਇਆ ਜਾਂਦਾ ਹੈ, ਜਿਸ ਕਾਰਨ ਕਈ ਵਾਰ ਸਹੀ ਫੈਸਲੇ ਨਹੀਂ ਲਏ ਜਾਂਦੇ। ਇਸ ਲਈ ਦੇਖਣਾ ਚਾਹੀਦਾ ਹੈ ਕਿ ਬੱਚਾ ਕਦੋਂ ਵਿਦੇਸ਼ ਜਾਣ ਲਈ ਤਿਆਰ ਹੈ ਅਤੇ ਅਸਲ ਵਿੱਚ ਉਹ ਕਰਨਾ ਕੀ ਚਾਹੁੰਦਾ ਹੈ! ਹਾਲਾਂਕਿ ਹਰ ਸੂਬੇ ਦੇ ਵਿਦਿਆਰਥੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਵੀ ਵੱਖਰਾ-ਵੱਖਰਾ ਹੈ। ਪਿਛਲੇ ਦਿਨੀਂ ਪੰਜਾਬ ਦੇ ਕਈ ਇਮੀਗ੍ਰੇਸ਼ਨ ਅਤੇ ਵੀਜ਼ਾ ਕੰਸਲਟੈਂਟਸ ਦੀ ਮੀਟਿੰਗ ਹੋਈ, ਜਿੱਥੇ ਇਸ ਮੁੱਦੇ ਨੂੰ ਕਾਫੀ ਬਾਰੀਕੀ ਨਾਲ ਟਟੋਲਿਆ ਗਿਆ। ਉਨ੍ਹਾਂ ਅਨੁਸਾਰ "ਅਸੀਂ ਵਿਦਿਆਰਥੀਆਂ ਲਈ ਹੋਰ ਵਿਕਲਪ ਲੱਭਣ ਦੀ ਕੋਸ਼ਿਸ਼ ਕੀਤੀ, ਜਿੱਥੇ ਪੀ.ਆਰ. ਅਤੇ ਵਰਕ ਪਰਮਿਟ ਦੀਆਂ ਆਸਾਨ ਸ਼ਰਤਾਂ ਹਨ। ਸਭ ਦੀ ਸਹਿਮਤੀ ਯੂਰਪੀ ਦੇਸ਼ਾਂ 'ਤੇ ਬਣੀ।"

ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਕਹਿੰਦੇ ਹਨ ਕਿ ਵਿਦਿਆਰਥੀਆਂ ਵੱਲੋਂ ਵਿਦੇਸ਼ ਵਿੱਚ ਪੜ੍ਹਨ ਦਾ ਸੁਪਨਾ ਵੇਖਣਾ ਕੋਈ ਗਲਤ ਨਹੀਂ ਹੈ, ਪਰ ਕੁਝ ਗੱਲਾਂ ਦਾ ਧਿਆਨ ਰੱਖਣ ਦੀ ਜ਼ਰੂਰ ਲੋੜ ਹੈ। ਉਹ ਦੋ ਗੱਲਾਂ ਦਾ ਧਿਆਨ ਰੱਖਣ ਦਾ ਸੁਝਾਅ ਦਿੰਦੇ ਹਨ। ਇੱਕ ਤਾਂ ਇਹ ਕਿ ਵਿਦਿਆਰਥੀਆਂ ਨੂੰ ਸਕੂਲੀ ਸਿੱਖਿਆ ਤੋਂ ਬਾਅਦ ਸਿੱਧਾ ਵਿਦੇਸ਼ ਭੇਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇੰਨੀ ਛੋਟੀ ਉਮਰ ਵਿੱਚ ਬੱਚਿਆਂ ਲਈ ਵੱਡਾ ਕਲਚਰਲ ਸ਼ੌਕ ਹੁੰਦਾ ਹੈ, ਜਿਸ ਦਾ ਅਸਰ ਉਨ੍ਹਾਂ ਦੀ ਮਾਨਸਿਕ ਸਿਹਤ ਉੱਤੇ ਪੈਂਦਾ ਹੈ। ਦੂਸਰਾ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਜ਼ਿਆਦਾ ਪੜਤਾਲ ਕਰਨੀ ਚਾਹੀਦੀ ਹੈ ਕਿ ਉਹ ਕਿਹੜਾ ਕੋਰਸ ਕਰਨਾ ਚਾਹੁੰਦੇ ਹਨ ਅਤੇ ਕਿਉਂ? ਕਈ ਯੂਰਪੀ ਦੇਸ਼ ਅਜਿਹੇ ਹਨ, ਜੋ ਬਹੁਤ ਸਸਤੀ ਜਾਂ ਮੁਫ਼ਤ ਉਚੇਰੀ ਸਿੱਖਿਆ ਦਿੰਦੇ ਹਨ। ਅਜਿਹੇ ਦੇਸ਼ਾਂ ਨੂੰ ਵੀ ਪੜ੍ਹਾਈ ਲਈ ਤਰਜੀਹ ਦੇਣੀ ਚਾਹੀਦੀ ਹੈ।

ਪ੍ਰੋ. ਪ੍ਰੀਤਮ ਸਿੰਘ ਕਹਿੰਦੇ ਹਨ ਕਿ ਕੈਨੇਡਾ, ਯੂ.ਐੱਸ., ਯੂ.ਕੇ. ਵਰਗੇ ਦੇਸ਼ਾਂ ਵਿੱਚ ਦੋ ਤਰ੍ਹਾਂ ਦੀਆਂ ਧਾਰਨਾਵਾਂ ਹਨ। ਇੱਕ ਸੈਂਟੀਮੈਂਟ ਤਾਂ ਪਰਵਾਸੀਆਂ ਦੇ ਵਿਰੋਧ ਵਿੱਚ ਜਾ ਰਿਹਾ ਹੈ ਅਤੇ ਦੂਜਾ ਵੱਡਾ ਤਬਕਾ ਇਹ ਵੀ ਮੰਨਦਾ ਹੈ ਕਿ ਪਰਵਾਸੀਆਂ ਤੋਂ ਬਿਨਾ ਉਨ੍ਹਾਂ ਦੇਸ਼ਾਂ ਦੀ ਅਰਥਵਿਵਸਥਾ ਠੱਪ ਹੋ ਸਕਦੀ ਹੈ।

ਇੱਥੇ ਕੈਨੇਡਾ ਦੀ ਖਾਸ ਤੌਰ 'ਤੇ ਗੱਲ ਕਰਨੀ ਬਣਦੀ ਹੈ, ਕਿਉਂਕਿ ਸਭ ਤੋਂ ਜ਼ਿਆਦਾ ਵਿਦਿਆਰਥੀ ਕੈਨੇਡਾ ਜਾਣ ਨੂੰ ਹੀ ਤਰਜੀਹ ਦਿੰਦੇ ਹਨ। ਕੈਨੇਡਾ ਨੇ ਭਾਰਤ ਸਣੇ ਕਈ ਦੇਸ਼ਾਂ ਦੇ ਵਿਦਿਆਰਥੀਆਂ ਲਈ ਸਟੂਡੈਂਟ ਡਾਇਰੈਕਟ ਸਟ੍ਰੀਮ ਨੂੰ ਖ਼ਤਮ ਕਰ ਦਿੱਤਾ ਹੈ। ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ.ਡੀ.ਐੱਸ.) ਸਕੀਮ ਨੂੰ 2018 ਵਿੱਚ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਯੋਗ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਅਰਜ਼ੀਆਂ ਉੱਤੇ ਸੁਣਵਾਈ ਦੀ ਪ੍ਰਕਿਰਿਆ ਤੇਜ਼ ਕੀਤੀ ਜਾ ਸਕੇ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ ਆਪਣੀ ਪਰਵਾਸ ਨੀਤੀ 'ਚ ਅਹਿਮ ਬਦਲਾਅ ਕਰਦਿਆਂ ਆਉਂਦੇ ਤਿੰਨ ਸਾਲਾਂ ਲਈ ਪੀ.ਆਰ. ਟੀਚਿਆਂ 'ਚ ਵੱਡੀ ਕਟੌਤੀ ਕੀਤੀ ਹੈ, ਜਿਸ ਨਾਲ ਕੈਨੇਡਾ ਵਿੱਚ ਰਹਿ ਰਹੇ ਕੌਮਾਂਤਰੀ ਵਿਦਿਆਰਥੀਆਂ ਲਈ ਕੈਨੇਡਾ ਦੀ ਪੀ.ਆਰ. ਲੈਣਾ ਹੋਰ ਮੁਸ਼ਕਲ ਹੋ ਜਾਵੇਗਾ। ਉਥੇ ਹੀ ਭਾਰਤ ਵਿੱਚੋਂ ਕੈਨੇਡਾ ਜਾ ਕੇ ਪੜ੍ਹਨ ਦੀ ਚਾਅ ਰੱਖਦੇ ਵਿਦਿਆਰਥੀਆਂ ਦੀਆਂ ਉਮੀਦਾਂ 'ਤੇ ਵੀ ਇਸ ਦਾ ਅਸਰ ਪਵੇਗਾ। ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਅਤੇ ਆਰਜ਼ੀ ਕਾਮਿਆਂ ਦੀ ਗਿਣਤੀ ਨੂੰ ਸੀਮਤ ਕਰਨ ਤੋਂ ਬਾਅਦ ਮਲਟੀਪਲ ਵੀਜ਼ਾ ਐਂਟਰੀ ਦੇ ਨਿਯਮਾਂ ਵਿੱਚ ਵੀ ਪਿਛਲੇ ਬਦਲਾਅ ਕੀਤਾ ਗਿਆ ਸੀ। ਇਹ ਇਮੀਗ੍ਰੇਸ਼ਨ ਅਧਿਕਾਰੀ ਉੱਤੇ ਨਿਰਭਰ ਕਰੇਗਾ ਕਿ ਉਹ ਕਿਸੇ ਨੂੰ ਸਿੰਗਲ ਜਾਂ ਮਲਟੀਪਲ ਐਂਟਰੀ ਦੀ ਇਜਾਜ਼ਤ ਦਿੰਦਾ ਹੈ ਜਾਂ ਨਹੀਂ।

ਕੈਨੇਡਾ ਵਿੱਚ ਪੜ੍ਹਾਈ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ, ਇਸ ਦੌਰਾਨ ਵਿਦਿਆਰਥੀ ਪੀ.ਐੱਨ.ਪੀ. ਜਾਂ ਫਿਰ ਫੈਡਰਲ ਸਕੀਮ ਤਹਿਤ ਪੀ.ਆਰ. (ਸਥਾਈ ਨਾਗਰਿਕਤਾ) ਲਈ ਅਪਲਾਈ ਕਰ ਦਿੰਦੇ ਸਨ। ਪਰ ਹੁਣ ਕੈਨੇਡਾ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀ ਮਿਆਦ ਵਿੱਚ ਇਜ਼ਾਫਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਉੱਥੇ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀਆਂ 'ਤੇ ਉਨ੍ਹਾਂ ਦੇ ਮੁਲਕਾਂ ਵਿੱਚ ਵਾਪਸ ਭੇਜਣ ਦੀ ਤਲਵਾਰ ਲਟਕ ਰਹੀ ਹੈ। ਇਸੇ ਤਰ੍ਹਾਂ, ਹੁਣ ਕੈਨੇਡਾ ਸਿਰਫ਼ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਵੇਗਾ, ਜਿਹੜੇ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨ ਜਾ ਰਹੇ ਹਨ। ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਸ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ; ਜਦਕਿ ਪਹਿਲਾਂ ਡਿਪਲੋਮਾ ਕੋਰਸ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਵੀ ਆਪਣੇ ਪਤੀ-ਪਤਨੀ ਨੂੰ ਆਪਣੇ ਕੋਲ ਬੁਲਾ ਸਕਦੇ ਸਨ।

# ਅਮਰੀਕੀ ਯੂਨੀਵਰਸਿਟੀਆਂ ਦੀ ਕੌਮਾਂਤਰੀ ਵਿਦਿਆਰਥੀਆਂ ਨੂੰ ਕੈਂਪਸ ਮੁੜਨ ਦੀ ਸਲਾਹ

ਅਮਰੀਕੀ ਯੂਨੀਵਰਸਿਟੀਆਂ ਕੌਮਾਂਤਰੀ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਲਾਹ ਦੇਣ ਲਈ ਈਮੇਲ ਕਰ ਰਹੀਆਂ ਹਨ ਕਿ ਉਹ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਦੇ ਜਨਵਰੀ ਵਿੱਚ ਅਹੁਦਾ ਸੰਭਾਲਣ ਤੋਂ ਪਹਿਲਾਂ ਕੈਂਪਸ ਵਿੱਚ ਵਾਪਸ ਆ ਜਾਣ। ਯੂਨੀਵਰਸਿਟੀਆਂ ਦੇ ਇਸ ਸੁਨੇਹੇ ਨੂੰ ਟਰੰਪ ਵੱਲੋਂ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਨਾਲ ਜੁੜੀਆਂ ਚਿੰਤਾਵਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕੋਲੋਰਾਡੋ ਡੈਨਵਰ ਯੂਨੀਵਰਸਿਟੀ ਦੇ ਪ੍ਰੋਫੈਸਰ ਕਲੋਅ ਈਸਟ ਨੇ ਕਿਹਾ ਹੈ ਕਿ ਸਾਰੇ ਕੌਮਾਂਤਰੀ ਵਿਦਿਆਰਥੀ ਇਸ ਸਮੇਂ ਫ਼ਿਕਰਮੰਦ ਹਨ।

ਚੇਤੇ ਰਹੇ, ਟਰੰਪ ਨੇ ਅਮਰੀਕੀ ਇਤਿਹਾਸ ਦੇ ਸਭ ਤੋਂ ਵੱਡੇ ਦੇਸ਼ ਨਿਕਾਲੇ ਦੀ ਕਾਰਵਾਈ ਨੂੰ ਲਾਗੂ ਕਰਨ ਅਤੇ ਇਸ ਵਿੱਚ ਮਦਦ ਲਈ ਅਮਰੀਕੀ ਫ਼ੌਜ ਦੀ ਵਰਤੋਂ ਕਰਨ ਦੀ ਗੱਲ ਕਹੀ ਹੈ। ਹਾਇਰ ਐਡ ਇਮੀਗ੍ਰੇਸ਼ਨ ਪੋਰਟਲ ਮੁਤਾਬਕ, 4 ਲੱਖ ਤੋਂ ਵੱਧ ਗ਼ੈਰ-ਦਸਤਾਵੇਜ਼ੀ ਵਿਦਿਆਰਥੀ ਅਮਰੀਕਾ ਵਿੱਚ ਉੱਚ ਸਿੱਖਿਆ ਲਈ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖਲਾ ਲੈ ਚੁੱਕੇ ਹਨ।

ਟਰੰਪ ਦੇ ਆਉਣ ਵਾਲੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਸੁਝਾਅ ਦਿੱਤਾ ਹੈ ਕਿ ਉਹ ਦੇਸ਼ ਨਿਕਾਲੇ ਦੀ ਸੂਚੀ ਵਿੱਚ ਬਿਨਾ ਦਸਤਾਵੇਜ਼ਾਂ ਵਾਲੇ ਪਰਵਾਸੀਆਂ ਲਈ ਵਿਸ਼ਾਲ ਹੋਲਡਿੰਗ ਸਹੂਲਤਾਂ (ਜਿੱਥੇ ਉਨ੍ਹਾਂ ਨੂੰ ਰੱਖਿਆ ਜਾ ਸਕੇ) ਦਾ ਨਿਰਮਾਣ ਕਰਨਗੇ। ਟਰੰਪ ਪ੍ਰਸ਼ਾਸਨ ਦੇ ਆਉਣ ਵਾਲੇ ਸਰਹੱਦੀ ਜ਼ਾਰ ਟੌਮ ਹੋਮਨ ਨੇ ਕਿਹਾ ਹੈ ਕਿ ਹਿੰਸਕ ਅਪਰਾਧੀਆਂ ਅਤੇ ਕੌਮੀ ਸੁਰੱਖਿਆ ਲਈ ਸੰਭਾਵਿਤ ਖ਼ਤਰਿਆਂ ਨੂੰ ਦੇਸ਼ ਤੋਂ ਹਟਾਉਣਾ ਉਨ੍ਹਾਂ ਦੀ ਪਹਿਲ ਹੋਵੇਗੀ। ਪਰ ਇਸ ਨਾਲ ਉੱਚ ਸਿੱਖਿਆ ਹਾਸਲ ਕਰਨ ਵਾਲੇ ਗ਼ੈਰ-ਦਸਤਾਵੇਜ਼ੀ ਕੌਮਾਂਤਰੀ ਵਿਦਿਆਰਥੀਆਂ ਦੀਆਂ ਚਿੰਤਾਵਾਂ ਦੂਰ ਨਹੀਂ ਹੁੰਦੀਆਂ। ਪਰਵਾਸ ਨਾਲ ਜੁੜੀ ਅਨਿਸ਼ਚਿਤਤਾ ਕਾਰਨ ਕੌਮਾਂਤਰੀ ਵਿਦਿਆਰਥੀ ਅਕਹਿ ਤਣਾਅ ਦਾ ਸਾਹਮਣਾ ਕਰ ਰਹੇ ਹਨ। ਬਹੁਤ ਸਾਰੇ ਵਿਦਿਆਰਥੀਆਂ ਨੂੰ ਆਪਣੇ ਵੀਜ਼ਿਆਂ ਬਾਰੇ ਚਿੰਤਾਵਾਂ ਹਨ ਕਿ ਕੀ ਉਨ੍ਹਾਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾਵੇਗੀ ਜਾਂ ਨਹੀਂ!

ਨਵੰਬਰ ਵਿੱਚ, ਮੈਸੇਚਿਉਸੇਟਸ ਯੂਨੀਵਰਸਿਟੀ ਨੇ ਆਪਣੇ ਕੌਮਾਂਤਰੀ ਵਿਦਿਆਰਥੀਆਂ ਅਤੇ ਮੁਲਾਜ਼ਮਾਂ ਲਈ ਇੱਕ ਯਾਤਰਾ ਐਡਵਾਇਜ਼ਰੀ ਜਾਰੀ ਕੀਤਾ ਹੈ, ਜਿਸ ਵਿੱਚ ਉਨ੍ਹਾਂ ਨੂੰ 20 ਜਨਵਰੀ ਨੂੰ ਟਰੰਪ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਸਰਦੀਆਂ ਦੀਆਂ ਛੁੱਟੀਆਂ ਵਿੱਚ ਹੀ ਕੈਂਪਸ ਵਿੱਚ ਵਾਪਸ ਆਉਣ ਦੇ ਮਸਲੇ ਨੂੰ 'ਗੰਭੀਰਤਾ ਨਾਲ ਵਿਚਾਰਨ' ਲਈ ਉਤਸ਼ਾਹਿਤ ਕੀਤਾ ਗਿਆ ਹੈ। ਯੂਨੀਵਰਸਿਟੀ ਦਾ ਕਹਿਣਾ ਹੈ ਕਿ 2016 ਵਿੱਚ ਪਹਿਲੇ ਟਰੰਪ ਪ੍ਰਸ਼ਾਸਨ ਵਿੱਚ ਲਾਗੂ ਕੀਤੀਆਂ ਗਈਆਂ ਯਾਤਰਾ ਪਾਬੰਦੀਆਂ ਦੇ ਤਜਰਬੇ ਦੇ ਆਧਾਰ 'ਤੇ ਗਲੋਬਲ ਅਫ਼ੇਅਰਜ਼ ਦਾ ਦਫ਼ਤਰ ਬਹੁਤ ਸਾਵਧਾਨੀ ਨਾਲ ਇਹ ਸਲਾਹ ਦੇ ਰਿਹਾ ਹੈ।

ਟਰੰਪ ਨੇ 2017 ਵਿੱਚ ਵ੍ਹਾਈਟ ਹਾਊਸ ਵਿੱਚ ਆਪਣੇ ਪਹਿਲੇ ਹਫ਼ਤੇ ਦੌਰਾਨ ਇੱਕ ਕਾਰਜਕਾਰੀ ਹੁਕਮ ਉੱਤੇ ਹਸਤਾਖ਼ਰ ਕੀਤੇ ਸਨ, ਜਿਸ ਵਿੱਚ ਕਈ ਮੁਸਲਿਮ ਦੇਸ਼ਾਂ ਦੇ ਨਾਲ-ਨਾਲ ਉੱਤਰੀ ਕੋਰੀਆ ਅਤੇ ਵੈਨੇਜ਼ੁਏਲਾ ਦੇ ਨਾਗਰਿਕਾਂ ਨੂੰ ਅਮਰੀਕਾ ਆਉਣ ਤੋਂ ਰੋਕਿਆ ਗਿਆ ਸੀ। ਆਪਣੇ ਪਹਿਲੇ ਰਾਸ਼ਟਰਪਤੀ ਕਾਰਜਕਾਰ ਦੌਰਾਨ ਉਨ੍ਹਾਂ ਨੇ ਵਿਦਿਆਰਥੀ ਵੀਜ਼ਿਆਂ 'ਤੇ ਕੁਝ ਹੱਦਾਂ ਲਾਉਣ ਦਾ ਪ੍ਰਸਤਾਵ ਵੀ ਰੱਖਿਆ ਸੀ। ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਅਤੇ ਵੇਸਲੇਅਨ ਯੂਨੀਵਰਸਿਟੀ ਨੇ ਵੀ ਯਾਤਰਾ ਐਡਵਾਇਜ਼ਰੀ ਜਾਰੀ ਕਰਕੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਰਾਸ਼ਟਰਪਤੀ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਅਮਰੀਕਾ ਵਾਪਸ ਜਾਣ ਦੀ ਅਪੀਲ ਕੀਤੀ ਹੈ।

ਇੱਕ ਰਿਪੋਰਟ ਮੁਤਾਬਕ ਦੁਨੀਆਂ ਭਰ ਦੀਆਂ ਮੰਨੀਆਂ-ਪ੍ਰਮੰਨੀਆਂ ਯੂਨੀਵਰਸਿਟੀਆਂ ਵਿੱਚ ਸ਼ੁਮਾਰ ਯੇਲ ਯੂਨੀਵਰਸਿਟੀ ਵਿੱਚ ਕੌਮਾਂਤਰੀ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਦੇ ਦਫ਼ਤਰ ਨੇ ਇਸ ਮਹੀਨੇ ਇੱਕ ਸੈਮੀਨਰ ਕਰਵਾਇਆ ਸੀ, ਜਿਸ ਵਿੱਚ ਪਰਵਾਸ ਨੀਤੀ ਵਿੱਚ ਸੰਭਾਵੀ ਤਬਦੀਲੀਆਂ ਬਾਰੇ ਵਿਦਿਆਰਥੀਆਂ ਦੀਆਂ ਚਿੰਤਾਵਾਂ ਦੇ ਵਿਸ਼ੇ ਉੱਤੇ ਵੀ ਚਰਚਾ ਕੀਤੀ ਗਈ। ਇਸ ਵਿੱਚ ਵਿਦੇਸ਼ਾਂ ਵਿੱਚ ਜਨਮੇ ਵਿਦਿਆਰਥੀ ਸ਼ਾਮਲ ਹਨ, ਜੋ ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡੀ.ਏ.ਸੀ.ਏ.) ਪ੍ਰੋਗਰਾਮ ਤਹਿਤ ਸੁਰੱਖਿਅਤ ਹਨ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਵਿੱਚ ਇਸ ਪ੍ਰੋਗਰਾਮ ਤਹਿਤ ਬੱਚਿਆਂ ਦੇ ਰੂਪ ਵਿੱਚ ਅਮਰੀਕਾ ਆਏ ਪੰਜ ਲੱਖ ਤੋਂ ਵੱਧ ਪਰਵਾਸੀਆਂ ਨੂੰ ਦੇਸ਼ ਨਿਕਾਲੇ ਤੋਂ ਬਚਾਇਆ ਗਿਆ ਸੀ। ਬਾਅਦ ਵਿੱਚ ਟਰੰਪ ਨੇ ਇਸ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ। ਏਸ਼ਿਆਈ ਵਿਦਿਆਰਥੀ, ਖਾਸ ਤੌਰ 'ਤੇ ਚੀਨ ਤੋਂ ਆਉਣ ਵਾਲੇ, ਟਰੰਪ ਦੇ ਕਾਰਜਕਾਲ ਵਿੱਚ ਅਮਰੀਕਾ-ਚੀਨ ਸਬੰਧਾਂ ਦੇ ਚੱਲਦਿਆਂ ਵਧੇਰੇ 'ਅਨਿਸ਼ਚਿਤਤਾ' ਮਹਿਸੂਸ ਕਰ ਰਹੇ ਹਨ।



# ਕਿਰਤ ਦੀ 'ਚੰਨਣਗੀਰ੍ਹੀ' ਬਨਾਮ ਮੁਹੱਬਤ ਦੀ ਕਿਰਤ

ਪੜਚੋਲ

ਡਾ. ਪਰਮਜੀਤ ਸਿੰਘ ਸੋਹਲ



ਸ਼ਾਇਰ ਕਿਰਤ ਦੀ ਚੰਨਣਗੀਰ੍ਹੀ (2023) ਮੁਹੱਬਤ ਦੀ ਕਿਰਤ ਹੈ। ਬਾਕਲਮ ਖ਼ੁਦ ਕਿਰਤ ਮੁਹੱਬਤ ਦੇ ਨਾਂ ਸਮਰਪਣ ਪਹਿਲੀ ਮੁਹੱਬਤ ਦੇ 'ਸ਼ੁਕਰੀਏ' ਨਾਲ ਮੁਖਬੰਧੀ ਗਈ ਸ਼ਾਇਰੀ ਦੀ ਕਿਰਤ ਹੈ। ਮੁੱਖਬੰਧ ਵਿੱਚ ਕਵੀ ਇਹੀ ਕਹਿੰਦਾ ਹੈ:

''ਸੁਕਰੀਆ ਮੁਹੱਬਤ ਭਰੀ ਹਾਕ ਮਾਰਨ ਵਾਸਤੇ
ਸ਼ੁਕਰੀਆ ਨਵੇਂ ਅਰਥਾਂ ਵਿੱਚ ਲਿਪਟੀ ਜ਼ਿੰਦਗੀ ਦੇਣ ਵਾਸਤੇ
ਸ਼ੁਕਰੀਆ ਮੈਨੂੰ ਮੇਰੇ ਹੋਣ ਦਾ ਅਹਿਸਾਸ ਕਰਵਾਉਣ ਵਾਸਤੇ
ਸ਼ੁਕਰੀਆ ਮੇਰੇ ਪੈਰਾਂ ਵਿੱਚ ਨਵੇਂ ਰਾਹ ਪਵਾਉਣ ਵਾਸਤੇ
ਸ਼ੁਕਰੀਆ ਮੇਰੀ ਚੁੱਪ ਨੂੰ ਗੀਤ ਬਣਾ ਕੇ ਗਾਉਣ ਵਾਸਤੇ
ਸ਼ੁਕਰੀਆ ਅਣਕਹੇ ਬੋਲਾਂ ਨੂੰ ਸਮਝਣ ਵਾਸਤੇ
ਸ਼ੁਕਰੀਆ ਮੇਰੀਆਂ ਅੱਖਾਂ ਨੂੰ ਤਾਰੇ ਹੰਘਾਲਣ ਦੇ ਯੋਗ ਬਣਾਉਣ ਵਾਸਤੇ
ਸ਼ੁਕਰੀਆ ਮੇਰੇ ਅੰਗ-ਸੰਗ ਸਹਾਈ ਰਹਿਣ ਵਾਸਤੇ
ਸ਼ੁਕਰੀਆ ਮੈਨੂੰ ਭਟਕਦੇ ਕਿਣਕੇ ਨੂੰ ਚੁੰਮ ਕੇ ਮਸਤਕ ਲਾਉਣ ਵਾਸਤੇ
ਸ਼ੁਕਰੀਆ ਮੇਰੀਆਂ ਤਿਊੜੀਆਂ ਨੂੰ ਸਰਲ ਕਰਨ ਵਾਸਤੇ
ਸ਼ੁਕਰੀਆ ਮੈਨੂੰ ਪੂਰਾ ਕਰਨ ਵਾਸਤੇ
ਸ਼ੁਕਰੀਆ ਮੁਹੱਬਤੇ ਸ਼ੁਕਰੀਆ...।

ਸੋ ਆਪਣੀ ਕਿਤਾਬ 'ਚੰਨਣਗੀਰ੍ਹੀ' ਦਾ ਕਵੀ ਕਿਰਤ ਅਜਿਹੇ ਕਾਵਿਕ ਭਾਵਭਿੰਨੇ ਬੋਲਾਂ ਨਾਲ 'ਮੁਹੱਬਤ' ਦਾ ਸ਼ੁਕਰੀਆ ਅਦਾ ਕਰਦਾ ਹੈ। ਆਪਣੀ ਪਹਿਲੀ ਮੁਹੱਬਤ ਦੇ ਸ਼ੁਕਰੀਏ ਨਾਲ ਲਬਰੇਜ਼, ਸਪਾਟ, ਸਾਦਾ ਤੇ ਸਪੱਸ਼ਟ ਸ਼ਬਦਾਂ ਵਿੱਚ ਨਿਕਲੀ ਹੋਈ ਇਹ ਸ਼ਾਇਰੀ ਹਿਸਾਬੀ ਫਾਰਮੂਲੇ ਵਾਂਗ ਮੁਹੱਬਤ ਨੂੰ ਆਪਣਾ 'ਫਾਰਮੂਲਾ' ਐਲਾਨਦੀ ਹੈ। ਇਸ ਮੁਹੱਬਤੀ ਨੇੜਤਾ ਨੂੰ 'ਵਰਤ-ਵਰਤਾਉ' ਕਵਿਤਾ ਦੀਆਂ ਅੰਤਲੀਆਂ ਸਤਰਾਂ 'ਚੋਂ ਪ੍ਰਤਿਬਿੰਬਤ ਹੁੰਦਿਆਂ ਵੇਖਿਆ ਜਾ ਸਕਦਾ ਹੈ:

ਮੈਂ ਪਿਆ ਰਹਾਂਗਾ
ਤੇਰੇ ਅੰਦਰ ਚੁੱਪ-ਚਾਪ
ਜਿਵੇਂ ਪਿਆ ਹੈ ਤੇਰੀ ਕਿਤਾਬ ਵਿੱਚ
ਇੱਕ ਗੁਲਾਬ ਦਾ ਫੁੱਲ।

ਕਿਰਤ ਆਪਣੀ ਮੁਹੱਬਤੀ ਸ਼ਾਇਰੀ ਨੂੰ ਇਸੇ ਪ੍ਰਕਾਰ ਪਾਠਕ ਦੇ ਦਿਲ ਅੰਦਰ ਗੁਲਾਬ ਵਾਂਗ ਟਿਕਾਉਣਾ ਜਾਣਦਾ ਹੈ। ਕਿਰਤ ਦੀ ਮੁਹੱਬਤ ਮਹਿਕ ਵਰਗੀ ਹੈ, ਜਿਸਨੂੰ ਕੁੰਡੀ ਨਹੀਂ ਲਗਾਈ ਜਾ ਸਕਦੀ। ਇਸਦੀਆਂ ਪੈੜਾਂ ਬੰਦ ਖਿੜਕੀ ਉਲੰਘ ਕਮਰੇ ਅੰਦਰ ਆ ਸਕਦੀਆਂ ਹਨ। ਇਹ ਮੁਹੱਬਤ ਦੇ ਰੰਗਾਂ 'ਚੋਂ ਹੀ ਇੱਕ ਹੋਰ ਰੰਗ ਹੈ ਕਿ ਚੀਜ਼ਾਂ ਅੰਦਰ ਵੀ ਜੀਵਨ ਤੇ ਆਤਮਾ ਹੁੰਦੀ ਹੈ। ਚੀਜ਼ਾਂ ਵਿਚਾਰੀਆਂ ਤਾਂ ਨਹੀਂ, ਪਰ ਉਨ੍ਹਾਂ ਬੂਹਿਆਂ/ਕੁਰਸੀਆਂ ਪ੍ਰਤੀ ਵਿਚਾਰ ਅਧੀਨ ਸੰਵੇਦਨਾਤਮਕ ਮਨੁੱਖੀ ਭਾਵਨਾ ਦੀ ਤੀਬਰਤਾ ਸਾਡੇ ਅੰਦਰ ਧੂਹ ਪਾਉਂਦੀ ਹੈ। ਮੁਹੱਬਤ ਦੇ ਤੀਬਰ ਅਹਿਸਾਸ ਕਾਰਨ ਹੀ ਵਾਲਾਂ ਦਾ ਖ਼ਾਲੀ ਚੀਰ ਵੀ ਸੋਹਣਾ ਲਗਦਾ ਹੈ- ਖੁੱਲ੍ਹਾ, ਆਜ਼ਾਦ ਜਿਹਾ, ਬਿਲਕੁਲ ਬੱਚੇ ਵਰਗਾ।

ਬਾਬੇ ਨਾਨਕ ਦੇ ਪੈਰ ਜਗਿਆਸਾ ਦੇ ਪੈਰ ਹਨ, ਇੱਕ ਖੋਜੀ ਦੇ ਪੈਰ ਹਨ; ਕਿਸੇ ਰੇਲ ਦਾ ਸਫ਼ਰ ਨਹੀਂ। ਨਾਨਕ ਵਿਚਾਰਧਾਰਾ ਦੇ ਅਧਿਆਤਮਕ ਰਥ 'ਤੇ ਸਵਾਰ ਹੋ ਕੇ ਹੀ ਨਾਨਕ ਨਾਲ ਰਲਿਆ ਜਾ ਸਕਦਾ ਹੈ। ਕਿਰਤ ਬਾਬੇ ਨਾਨਕ ਦੀ ਕੁਦਰਤ ਦੀ ਆਰਤੀ ਨੂੰ ਆਲੋਚਨਾ ਵਿਧੀ ਦਾ ਨਾਂ ਦਿੰਦਾ ਹੈ, ਜਦ ਕਿ ਬਾਬੇ ਨਾਨਕ ਦੀ ਆਰਤੀ ਤਾਂ ਅਰਾਧਨਾ ਦੀ ਸਹਿਜਤਾ ਹੈ, ਜਿਸ ਵਿੱਚ ਪਾਖੰਡ ਦਾ ਸਪਾਟ ਖੰਡਨ ਹੈ।


ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪ੍ਰਸਿੱਧ ਕਥਨ ਹੈ: 'ਪਿਆਰ ਕਬਜ਼ਾ ਨਹੀਂ, ਪਹਿਚਾਨ ਹੈ।' ਕਵੀ ਕਿਰਤ 'ਸੋ ਮੈਂ ਜਾਣ ਦਿੱਤਾ...' ਨਾਮੀ ਕਵਿਤਾ ਵਿੱਚ ਜੋ ਪ੍ਰਾਕ੍ਰਿਤਕ ਦ੍ਰਿਸ਼ ਰੂਪਮਾਨ ਕਰਦਾ ਹੈ, ਉਸ ਪਿੱਛੇ ਇਹੋ ਭਾਵਨਾ ਦ੍ਰਿਸ਼ੀਗੋਚਰ ਹੁੰਦੀ ਹੈ ਕਿ 'ਕੁਝ ਸ਼ੈਆਂ ਨੂੰ ਮਾਣਿਆ ਜਾ ਸਕਦੈ, ਹਥਿਆਇਆ ਨਹੀਂ।' ਨੰਗੇਜ਼ ਦੀ ਪਰਿਭਾਸ਼ਾ ਉਹ ਜਿਸ ਜ਼ਾਵੀਏ ਤੋਂ ਕਰਦਾ ਹੈ, ਉਸ ਵਿੱਚ ਇੱਕ-ਦੂਜੇ ਦੇ ਸੱਚ ਨੂੰ ਕਬੂਲਣ 'ਤੇ ਜ਼ੋਰ ਹੈ।

ਕਿਰਤ ਦੀ 'ਰੱਬ ਦੀਆਂ ਚੱਪਲਾਂ' ਨਜ਼ਮ ਵਿੱਚ ਰੱਬ ਤੇ ਮਨੁੱਖ ਦੇ ਸਬੰਧ ਦੀ ਚਰਚਾ ਹੈ। ਕਵੀ ਦੇ ਰੁਮਾਂਚਿਤ ਕਿਆਸ ਅਨੁਸਾਰ ਰੱਬ ਕਿਤੇ ਉਤਾਂਹ ਰਹਿੰਦਾ ਹੈ, ਉਹ ਮੈਲੀ ਧਰਤੀ 'ਤੇ ਪੈਰ ਭੁੰਞੇ ਲਾਉਣੋਂ ਡਰਦਾ ਹੈ। ਮਨੁੱਖ ਰੱਬ ਦੀ ਮਲਕੀਅਤ ਦੀਆਂ ਚੱਪਲਾਂ ਚੁਰਾ ਲਿਆਇਆ ਹੈ। ਇਸ ਦੇ ਮਨੁੱਖ ਲਈ ਕਵੀ ਦੋ ਹੱਲ ਸੁਝਾਉਂਦਾ ਹੈ ਕਿ ਜਾਂ ਤਾਂ ਮਨੁੱਖ ਮੈਲੀ ਧਰਤੀ ਨੂੰ ਪਿਆਰ ਨਾਲ ਏਕੇ ਦੇ ਰੰਗ ਵਿੱਚ ਸੁੱਚੀ ਕਰੇ ਜਾਂ ਰੱਬ ਦੀਆਂ ਚੱਪਲਾਂ ਮੋੜ ਕੇ ਸਵੈ-ਯੋਗਤਾ ਤੇ ਮੌਲਿਕਤਾ ਅਪਣਾਵੇ।

'ਗੁਰੂ ਕਾ ਬਾਟਾ' ਸਿੱਖ ਮਾਰਗ ਨੂੰ ਸਹੀ ਰੂਪ ਵਿੱਚ ਅਪਣਾਉਣ ਵੱਲ ਸੇਧਿਤ ਹੈ। ਸਿੱਖੀ ਦਾ ਸਹੀ ਮਾਰਗ ਸਿਰਫ਼ 'ਖੰਡੇ ਬਾਟੇ ਦੀ ਪਹੁਲ' ਛਕਣ ਤੱਕ ਮਹਿਦੂਦ ਨਹੀਂ, ਇਸ ਦੇ ਨਾਲ ਸਿੱਖੀ ਫ਼ਲਸਫ਼ਾ ਧਾਰਨ ਕਰਨਾ ਵੀ ਹੈ। ਤਦ ਹੀ ਅਸੀਂ ਸਹੀ ਅਰਥਾਂ ਵਿੱਚ ਗੁਰੂ ਵਾਲੇ ਬਣਦੇ ਹਾਂ। 'ਦਸਤਖ਼ਤ' ਕਵਿਤਾ ਵਿੱਚ ਉਨ੍ਹਾਂ ਕੌਮਾਂ ਦੀ ਭਟਕਣਾ ਦਾ ਇੰਕਸ਼ਾਫ਼ ਦਰਜ ਹੈ, ਜੋ ਗੁਰੂ/ਰਹਿਬਰ ਕੋਲੋਂ ਧਿਆਨ ਦੀ ਉਂਗਲ ਛੁਡਾ ਲੈਂਦੀਆਂ ਹਨ।

'ਛੇਵਾਂ ਤੱਤ' ਕਵੀ ਅਨੁਸਾਰ ਸਿਰਫ਼ ਯੋਧਿਆਂ ਅੰਦਰ ਹੁੰਦਾ ਹੈ, ਜਿਸ ਕਰਕੇ ਉਹ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਆਰਿਆਂ ਨਾਲ ਚੀਰੇ ਗਏ ਤੇ ਚਰਖ਼ੜੀਆਂ 'ਤੇ ਚੜ੍ਹੇ ਸਿੱਖ ਸ਼ਹੀਦ ਕਿਸੇ ਛੇਵੇਂ ਤੱਤ ਦੀ ਬਦੌਲਤ ਹੀ ਸਮੇਂ ਦੀਆਂ ਜਾਬਰ ਸਰਕਾਰਾਂ ਅੱਗੇ ਡਟਦੇ ਰਹੇ।



'ਖਾਲਾ ਜੀ ਦਾ ਵਾੜਾ' ਕਵਿਤਾ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਬਾਬਤ ਸ਼ਰਧਾਂਜਲੀ ਹੈ, ਬੇਸ਼ਕ ਕਵੀ ਨੇ ਇਸ ਦੇ ਬੰਦਾਂ ਨੂੰ ਗ਼ਜ਼ਲ ਦੇ ਸ਼ੇਅਰਾਂ ਵਾਂਗ ਲਿਖਣ ਦੀ ਤਰਤੀਬ ਅਪਣਾਈ ਹੈ। ਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰਨ ਦਾ ਮਤਲਬ ਜਿੱਤ ਕੇ ਅਗਾਂਹ ਵਧਣਾ ਹੈ, ਪਿੱਛੇ ਹਟਣਾ ਨਹੀਂ। 'ਫਾਡੀ ਜੇਤੂ' ਕਵਿਤਾ ਵਿੱਚ ਆਪਣੇ ਸਫ਼ਰ ਨੂੰ ਨੱਚਦੇ, ਗਾਉਂਦੇ ਤੇ ਕੁਦਰਤ ਦੀਆਂ ਫੁੱਲ ਪੱਤੀਆਂ, ਨਦੀਆਂ, ਝਰਨੇ ਆਦਿ ਵੇਖਦੇ ਹੋਏ ਜੀਣ ਦੀ ਤਾਕੀਦ ਹੈ। ਇਸ ਪਿਆਰ ਰਾਹ ਵਿੱਚ ਕਿਤੇ ਪਹੁੰਚਣ ਦੀ ਕਾਹਲ ਨਹੀਂ ਹੈ।

ਕਵੀ ਕਿਰਤ ਨੇ 'ਚੰਡੀਗੜ੍ਹ' ਨਾਮੀ ਕਵਿਤਾ ਵਿੱਚ ਚੰਨਣਗੀਰ੍ਹੀ ਨਾਂ ਦੀ ਕੁੜੀ ਦਾ ਜ਼ਿਕਰ ਕੀਤਾ ਹੈ। ਇਸ ਕਵਿਤਾ ਨੂੰ ਪੜ੍ਹੇ ਬਗ਼ੈਰ ਪਾਠਕ ਦੇ ਮਨ ਵਿੱਚ 'ਚੰਨਣਗੀਰ੍ਹੀ' ਦੇ ਅਰਥ ਰਹੱਸ ਬਣੇ ਰਹਿੰਦੇ ਹਨ। ਆਦਰਸ਼ ਦੇ ਬਣਾਏ ਸਰਵਰਕ ਤੋਂ ਭਾਵੇਂ ਕਲਾਕ੍ਰਿਤੀ ਦੇਖ ਕੇ ਆਭਾਸ ਜਿਹਾ ਵੀ ਹੁੰਦਾ ਹੈ ਕਿ ਫੁੱਲ ਪੱਤੀਆਂ, ਪੰਛੀ, ਸੂਰਜ, ਬਾਰਿਸ਼ ਤੇ ਔਰਤ ਦੀ ਆਕ੍ਰਿਤੀ ਵਿੱਚੋਂ ਸ਼ਿੰਗਾਰਾਤਮਕ ਭਾਵ ਉਜਾਗਰ ਹੁੰਦੇ ਹਨ; ਪਰ 'ਚੰਨਣਗੀਰ੍ਹੀ' ਦੇ ਲਫ਼ਜ਼ੀ ਅਰਥ ਅਸਪਸ਼ਟ ਹੀ ਰਹਿੰਦੇ ਹਨ। ਮੁਹੱਬਤ ਦੀ ਪ੍ਰਤੀਕ 'ਚੰਨਣਗੀਰ੍ਹੀ' ਚੰਡੀਗੜ੍ਹ ਸ਼ਹਿਰ ਵਿੱਚ ਰਹਿੰਦੀ ਕੁੜੀ ਹੈ। ਇਸ ਕਾਰਨ ਚੰਡੀਗੜ੍ਹ ਨਾਲ ਮੁਹੱਬਤ ਕਿਰਤ ਦੀ ਕਵਿਤਾ 'ਚੰਡੀਗੜ੍ਹ' ਵਿੱਚੋਂ ਉਜਾਗਰ ਹੁੰਦੀ ਹੈ। ਕਵੀ ਜਿੱਥੇ 'ਚੰਨਣਗੀਰ੍ਹੀ' ਨੂੰ ਪਿਆਰ ਕਰਦਾ ਹੈ, ਉੱਥੇ ਉਸ ਨੂੰ ਉਸਦਾ ਸ਼ਹਿਰ ਵੀ ਪਿਆਰਾ ਹੈ, ਜੋ ਕਈ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ। ਇਸ ਮੁਹੱਬਤੀ ਸ਼ਹਿਰ ਵਿੱਚ ਪੰਜਾਬ ਯੂਨੀਵਰਸਿਟੀ ਵਰਗਾ ਗਿਆਨ ਦਾ ਚਾਨਣ ਮੁਨਾਰਾ ਹੈ, ਜਿੱਥੇ ਫੁੱਲਾਂ ਵਰਗਾ ਸੁਹੱਪਣ ਕਿਤਾਬਾਂ ਪੜ੍ਹਦਾ ਹੈ।

'ਗੁਰੂ ਕਾ ਬਾਟਾ' ਸਿੱਖ ਮਾਰਗ ਨੂੰ ਸਹੀ ਰੂਪ ਵਿੱਚ ਅਪਣਾਉਣ ਵੱਲ ਸੇਧਿਤ ਹੈ। ਸਿੱਖੀ ਦਾ ਸਹੀ ਮਾਰਗ ਸਿਰਫ਼ 'ਖੰਡੇ ਬਾਟੇ ਦੀ ਪਹੁਲ' ਛਕਣ ਤੱਕ ਮਹਿਦੂਦ ਨਹੀਂ, ਇਸ ਦੇ ਨਾਲ ਸਿੱਖੀ ਫ਼ਲਸਫ਼ਾ ਧਾਰਨ ਕਰਨਾ ਵੀ ਹੈ। ਤਦ ਹੀ ਅਸੀਂ ਸਹੀ ਅਰਥਾਂ ਵਿੱਚ ਗੁਰੂ ਵਾਲੇ ਬਣਦੇ ਹਾਂ।

'ਜਿੰਦੇ ਨੂੰ ਤਾਂ ਕੁੰਜੀ ਮਿਲ ਜਾਂਦੀ, ਪਰ ਕੁੰਜੀ ਨੂੰ ਆਪਣਾ ਜਿੰਦਾ ਨਹੀਂ ਮਿਲਦਾ'- ਲੋਕ ਰਾਇ ਵਰਗੀ ਇਹ ਉਕਤੀ ਆਖ ਕਵੀ ਔਰਤ ਦੇ ਹੱਕ ਦੀ ਆਵਾਜ਼ ਬਣ ਜਾਂਦਾ ਹੈ। ਔਰਤ ਦਾ ਚੁੱਪ ਹੋਣਾ ਘਰ ਦੀ ਹਰ ਸ਼ੈ ਦਾ ਚੁੱਪ ਹੋ ਜਾਣਾ ਹੈ। ਇਸਦਾ ਇਹ ਮਤਲਬ ਵੀ ਨਹੀਂ ਕਿ ਔਰਤ ਮਹਿਜ਼ ਮਸ਼ੀਨ ਵਾਂਗ ਘਰ ਦੇ ਕੰਮਕਾਰ ਕਰਨ ਲਈ ਹੀ ਹੁੰਦੀ ਹੈ। ਦਰਅਸਲ, ਔਰਤ ਦੇ ਔਰਤ ਹੋਣ ਦੇ ਅਰਥਾਂ ਨੂੰ ਉਸਦੇ 'ਬੋਲਣ' ਤੇ ਬੋਲਦਿਆਂ, ਝਗੜਦਿਆਂ, ਕੰਮਕਾਰ ਕਰਦਿਆਂ ਸਮਾਨ ਸਮਾਜਕ ਪੱਧਰ 'ਤੇ ਜੀਣ ਤੇ ਵਿਚਰਣ ਤੋਂ ਉਜਾਗਰ ਹੁੰਦੇ ਹਨ।

'ਆਸਾ-ਪਾਸਾ' ਕਵਿਤਾ ਵਿੱਚ ਵਾਤਸਲੀ ਪਿਆਰ ਦੀ ਝਲਕ ਹੈ। ਮਾਂ ਆਪਣੇ ਸ਼ਿਸ਼ੂ ਨੂੰ 'ਪਵਿੱਤਰ ਗੁੰਬਦ' (ਛਾਤੀਆਂ) 'ਚੋਂ ਦੁੱਧ ਚੁੰਘਾਉਂਦੀ ਆਸੇ-ਪਾਸੇ ਤੋਂ ਬਾਖ਼ਬਰ ਹੁੰਦੀ ਹੋਈ ਵੀ ਬੇਖ਼ਬਰ ਹੋ ਜਾਂਦੀ ਹੈ। ਮਾਂ ਦੇ ਵਾਤਸਲੀ ਪਿਆਰ ਦੀ ਉਦਾਹਰਣ 'ਮਾਂ' ਕਵਿਤਾ ਵਿਚਲੀ ਜਣੇਪੇ ਵਾਲੀ ਮਾਂ ਕੁੱਖ ਦੀ ਅਸਮਾਨੀ ਬਿਜਲੀ ਦੀ ਗਰਜ ਤੋਂ ਬਚਾ ਕੇ ਸੰਭਾਲ ਕਰਦੀ ਮਾਂ ਤੋਂ ਵੀ ਮਿਲਦੀ ਹੈ। ਕਿਰਤ ਦੀ ਮਾਂ ਦੇ ਪਿਆਰ ਬਾਰੇ ਮਾਰਮਿਕ ਕਵਿਤਾ 'ਕੋਲਡ ਕ੍ਰੀਮ' ਹੈ, ਜਿਸ ਵਿੱਚ ਮਾਂ ਪਾਲੇ ਦੇ ਦਿਨਾਂ ਵਿੱਚ ਆਪਣੇ ਬੱਚੇ ਨੂੰ ਸਕੂਲੇ ਭੇਜਦੀ ਪਿੱਛੋਂ ਵਾਜ ਮਾਰ ਕੇ ਅਗੂੰਠੇ 'ਤੇ ਚੁੰਨੀ ਦਾ ਲੜ ਲਪੇਟਦੀ ਥੁੱਕ ਲਾ ਕੇ ਬੱਚੇ ਦੀਆਂ ਗੱਲ੍ਹਾਂ ਦੀ ਖ਼ੁਸ਼ਕੀ ਮੇਟਦੀ ਹੈ। ਇਹ ਵਰਤਾਰਾ ਕੋਲਡ ਕ੍ਰੀਮ ਲਗਾਉਣ ਤੋਂ ਕਿਤੇ ਵੱਧ ਤਰਾਵਟ ਦੇਣ ਵਾਲਾ ਹੈ, ਕਿਉਂਕਿ ਇਸ ਵਿੱਚ ਮਾਂ ਦਾ ਪਿਆਰ ਭਰਿਆ ਹੋਇਆ ਹੈ:

ਪਾਲ਼ੇ ਦੇ ਦਿਨਾਂ ਵਿੱਚ
ਮਾਂ ਮੱਥਾ ਚੁੰਮ ਕੇ
ਸਕੂਲ ਨੂੰ ਤੋਰਦੀ

ਜਾਂਦਿਆਂ ਨੂੰ ਪਿੱਛਿਓਂ ਹਾਕ ਮਾਰਦੀ

ਅੰਗੂਠੇ ਉੱਤੇ ਚੁੰਨੀ ਲਪੇਟਦੀ
ਜੀਭ 'ਤੇ ਘਸਾਉਂਦੀ
ਸਾਡੀਆਂ ਗੱਲ੍ਹਾਂ 'ਤੇ ਆਈ
ਖ਼ੁਸ਼ਕੀ ਢਾਹ ਦਿੰਦੀ

ਬਚਪਨ ਵਿੱਚ
ਮਾਂ ਦਾ ਉਹ ਕੋਸਾ ਥੁੱਕ ਹੀ
ਸਾਡੀ ਕੋਲਡ ਕ੍ਰੀਮ ਸੀ।

ਕਿਰਤ 'ਮੇਰੀ ਟਿਕਟ ਨਹੀਂ ਲਗਦੀ' ਕਵਿਤਾ ਵਿੱਚ ਬੱਸ ਦੇ ਸਫ਼ਰ ਦੌਰਾਨ ਆਪਣੇ ਅੰਦਰ ਚਲ ਰਹੇ ਖ਼ਿਆਲਾਂ ਦੇ ਸਫ਼ਰ ਤੋਂ ਵੀ ਅਵਗਿਤ ਕਰਵਾਉਂਦਾ ਹੈ। ਖੁੱਲ੍ਹੇ ਅਸਮਾਨ ਹੇਠ 'ਕੱਲਾ-ਕਾਰਾ ਚੱਲਦਾ ਟਿਊਬੈੱਲ ਕਵੀ ਕਿਰਤ ਨੂੰ ਉਸਦੇ ਇਕਲਾਪੇ ਦੇ ਨਜ਼ਦੀਕ ਕਰ ਦਿੰਦਾ ਹੈ ਤੇ ਕਵੀ ਦਾ ਦੁੱਖ ਪ੍ਰਕ੍ਰਿਤੀ ਦੇ ਦੁੱਖ ਨਾਲ ਘੁਲ਼ ਜਾਂਦਾ ਹੈ, ਫਿਰ ਉਹ ਸਫ਼ਰ 'ਚ ਹੁੰਦਾ ਹੋਇਆ ਵੀ ਸਫ਼ਰ ਵਿੱਚ ਨਹੀਂ ਹੁੰਦਾ। ਉਸ ਦੀ ਸੁਰਤਿ ਅੰਦਰ ਹਰਿਆਵਲ ਦੇ ਗੱਭੇ ਖੜ੍ਹੇ ਰੁੰਡ-ਮਰੁੰਡ ਰੁੱਖ ਉਪਰ 'ਉਦਾਸ ਗੀਤ ਦਾ ਅੰਤਰਾ ਟੰਗਣ' ਦਾ ਅਮਲ ਵੀ ਉਦਾਸੀ ਹੀ ਫੈਲਾਉਂਦਾ ਹੈ। ਇਸ ਕਵਿਤਾ ਵਿਚਲਾ ਪ੍ਰਾਕ੍ਰਿਤਿਕ ਸੁਹਜ ਆਧੁਨਿਕ ਰਫ਼ਤਾਰ ਭਰੀ ਜ਼ਿੰਦਗੀ 'ਚ ਵਿਚਰਨ ਵਾਲੇ ਮਨੁੱਖ ਕੋਲੋਂ ਗੁਆਚਦਾ ਜਾ ਰਿਹਾ ਹੈ।

ਕਿਰਤ ਲਈ ਮੁਹੱਬਤ ਦੀ ਹੋਂਦ ਬੰਦ ਕਮਰੇ ਲਈ ਰੌਸ਼ਨਦਾਨ ਜਿਹਾ ਸਥਾਨ ਹੀ ਨਹੀਂ ਰੱਖਦੀ, ਉਸ ਦੀ ਸੋਚ ਵਿੱਚ ਅਣਲਿਖੇ, ਅਣਗਾਏ, ਅਣਬਿਆਨੇ ਗੀਤ ਨੂੰ ਗਾਉਣਾ ਵੀ ਸ਼ਾਮਿਲ ਹੈ। 'ਜੜੁੱਤ' ਕਵਿਤਾ ਵਿੱਚ ਕਾਪੀ ਦੇ ਜੁੜੇ ਵਰਕਿਆਂ ਰਾਹੀਂ ਮੁਹੱਬਤ ਦੀ ਸਦੀਵੀ ਸਾਂਝ ਦਾ ਇੰਕਸ਼ਾਫ ਹੋਇਆ ਹੈ।

'ਟਾਇਰ' ਕਵਿਤਾ ਦਿੱਲੀ ਦੰਗਿਆਂ ਵਿੱਚ ਬਲਦੇ ਟਾਇਰ ਗਲਾਂ 'ਚ ਪਾ ਕੇ ਮਾਰੇ ਜਾਣ ਵਾਲੀ ਭਾਰਤ ਵਿੱਚ ਸਿੱਖਾਂ ਦੀ ਨਸਲਕੁਸ਼ੀ ਵੱਲ ਸੰਕੇਤ ਕਰਦੀ ਹੈ। ਬੇਸ਼ੱਕ ਕਵਿਤਾ ਵਿਚਲਾ ਦ੍ਰਿਸ਼ ਬਲਦੇ ਟਾਇਰ ਨੂੰ ਮਜ਼ਦੂਰਾਂ ਵੱਲੋਂ ਅੱਗ ਸੇਕਣ ਦਾ ਜ਼ਰੀਆ ਬਣਾਇਆ ਗਿਆ ਹੈ, ਪਰ ਕਵੀ ਦੇ ਅਵਚੇਤਨ ਵਿੱਚ ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਬਲਦੇ ਟਾਇਰ ਪਾ ਕੇ ਸਿੱਖਾਂ ਦੀ ਨਸ਼ਲਕੁਸ਼ੀ ਦੀ ਤ੍ਰਾਸਦੀ ਦਾ ਚੇਤਾ ਹੈ। ਇਸੇ ਤਰ੍ਹਾਂ '84 ਵਰਗਾ -20-21' ਕਵਿਤਾ ਵਿੱਚ ਵੀ ਅਜਿਹੀ ਸਥਿਤੀ ਦਾ ਪਰਤੌ ਹੈ। 'ਅੱਗ' ਤੇ 'ਟਾਇਰ' ਦੇ ਪ੍ਰਤੀਕ 84 ਦੇ ਦੰਗਿਆਂ ਵੱਲ ਹੀ ਸੰਕੇਤ ਕਰਦੇ ਹਨ।

ਕਿਰਤ ਮੁਹੱਬਤ ਦਾ ਸ਼ਾਇਰ ਹੈ, ਉਹ ਮੁਹੱਬਤ ਲਈ ਆਜ਼ਾਦੀ ਦਾ ਪੱਖੀ ਹੈ। ਫੁੱਲਾਂ ਦੀ ਛੋਹ 'ਚੋਂ ਮੁਹੱਬਤ ਦੀ ਯਾਦ ਆ ਜਾਂਦੀ ਹੈ। ਕਿਸੇ ਦਾ ਮੁਹੱਬਤੀ ਸਾਥ ਫੁੱਲ ਖਿੜਾ ਦੇਣ ਦੀ ਜੁਸਤਜੂ ਹੈ। ਉਹ ਮੁਹੱਬਤ ਦੇ ਆਉਣ ਜਾਣ ਨੂੰ ਰੇਲਵੇ ਸਟੇਸ਼ਨ ਦੇ ਦ੍ਰਿਸ਼ ਵੱਤ ਚਿਤਰਦਾ ਹੈ।

ਕਿਰਤ ਦੀ 'ਸਿੰਨਰੀ' ਇੱਕ ਖ਼ੂਬਸੂਰਤ ਕਵਿਤਾ ਹੈ, ਜਿਸ ਵਿੱਚ ਪੰਜਾਬੀਆਂ ਦੇ ਪਰਦੇਸੀ ਹੋਣ ਦੀ ਤ੍ਰਾਸਦੀ ਦਾ ਵਰਨਣ ਹੈ। ਪੰਜਾਬ ਦੀ ਚਿੜੀ ਨੌਜਵਾਨੀ ਪਰਦੇਸੀ ਹੋ ਰਹੀ ਹੈ ਤੇ ਪੰਜਾਬ ਸਿੰਨਰੀ ਦੇ ਖ਼ਾਲੀਪਣ ਅੰਦਰ ਚੜ੍ਹਦੇ-ਲਹਿੰਦੇ ਜਹਾਜ਼ ਵੇਖ ਰਿਹਾ ਹੈ। ਇਸੇ ਤਰ੍ਹਾਂ ਯਾਦਗਾਰ ਕਵਿਤਾ ਵੀ ਪਰਦੇਸ ਦੇ ਦੁੱਖ ਨੂੰ ਮੌਤ ਜਿੱਡੇ ਲੰਮੇ ਹੋ ਜਾਣ ਆਖ ਗਹਿਰੀ ਟੀਸ ਨੂੰ ਬਿਆਨ ਦਿੰਦੀ ਹੈ।

'ਗੈਰ-ਹਾਜ਼ਰੀ' ਵਿੱਚ ਆਭਾਸੀ ਬਿੰਬ ਰਾਹੀਂ ਮੁਹੱਬਤ ਦੀ ਪੁਨਰ-ਯਾਦ ਚਿਤਰਿਤ ਹੋ ਰਹੀ ਹੈ, ਪਰ ਇਹ ਕਵਿਤਾ ਕਿਤਾਬ ਦੀ ਤਰਤੀਬ ਵਿੱਚੋਂ 'ਗੈਰ-ਹਾਜ਼ਰ' ਹੈ। ਖ਼ੈਰ! ਮੁਹੱਬਤ ਵਿੱਚ ਪਿਆਰੇ ਦੀ ਯਾਦ ਉਸਦੀ ਹਾਜ਼ਰੀ ਦਾ ਅਹਿਸਾਸ ਹੁੰਦੀ ਹੈ। 'ਹਾਜ਼ਰੀ ਰਜਿਸਟਰ' ਵਿੱਚ ਮਹਿਬੂਬ ਦੇ ਚਲੇ ਜਾਣ ਬਾਅਦ ਵੀ ਖ਼ਾਲੀ ਥਾਂ 'ਤੇ 'ਗ਼ੈਰ-ਹਾਜ਼ਰ' ਨਹੀਂ ਲਿਖਿਆ ਜਾਂਦਾ। ਇਸ ਪ੍ਰਕਾਰ ਮਹਿਬੂਬ ਗ਼ੈਰ-ਹਾਜ਼ਰ ਹੋ ਕੇ ਵੀ ਗ਼ੈਰ-ਹਾਜ਼ਰ ਨਹੀਂ ਰਹਿੰਦਾ। ਕਵੀ ਦੇ ਮਨ ਦੇ ਹਾਜ਼ਰੀ ਰਜਿਸਟਰ ਵਿੱਚ ਉਸਦੀ ਬਾਕਾਇਦਾ ਹਾਜ਼ਰੀ ਲਗ ਰਹੀ ਹੈ। 'ਮਿਲਣੀ ਦਾ ਮੌਸਮ' ਕਵਿਤਾ ਵਿੱਚ ਇਕਪਾਸੜ ਮੁਹੱਬਤ ਦੀ ਗੱਲ ਕੀਤੀ ਗਈ ਹੈ। ਕਈ ਵਾਰ ਮੁਹੱਬਤ ਦੂਰੋਂ ਦੂਰੋਂ ਹੀ ਕੀਤੀ ਜਾਂਦੀ ਹੈ। ਨਦੀ/ਜੰਗਲ ਦੇ ਲਾਗੇ ਲਾਗੇ ਹੋਣ ਦੇ ਪ੍ਰਾਕ੍ਰਿਤਕ ਪ੍ਰਤੀਕਾਂ ਰਾਹੀਂ ਮਿਲਾਪ ਦੇ ਮੌਸਮ ਨਾ ਆਉਣ ਦੀ ਅਭਿਵਿਅਕਤੀ ਹੋਈ ਹੈ। ਕਵੀ ਮੁਹੱਬਤ ਨੂੰ ਪ੍ਰਾਪਤ ਕਰਨਾ 'ਪਾਣੀ ਨੂੰ ਮੁੱਠੀ 'ਚ ਘੁੱਟਣ' ਵਰਗਾ ਅਮਲ ਆਖਦਾ ਹੈ। ਮੁਹੱਬਤ ਜਾਂ ਇਸ਼ਕ ਸਿਆਣਪਾਂ ਨਹੀਂ ਵੇਖਦਾ। ਇਸ ਵਿੱਚ ਤਿਤਲੀ ਤੇ ਫੁੱਲ ਦੇ ਪਿਆਰ ਵਰਗੀ ਚੋਰੀ ਹੈ ਤੇ ਪਾਣੀ ਵਿੱਚੋਂ ਪਾਣੀ ਨੂੰ ਪੁਣਨ ਜਿਹੀ ਘਾਲਣਾ ਹੈ। 'ਪੋਣੀ' ਵੀ ਇੱਕ ਹੋਰ ਮਾਰਮਿਕ ਕਵਿਤਾ ਹੈ, ਜਿਸ ਵਿੱਚ ਨਦੀ ਦਾ ਵਜੂਦ ਸਮੁੰਦਰ ਪੁਣਦਾ ਹੈ। ਨਦੀ ਦੀ ਅੱਡਰਤਾ ਜਾਂ ਪਛਾਣ ਸਮੁੰਦਰ ਹੋ ਜਾਣ 'ਚ ਨਹੀਂ ਹੈ। ਇਸੇ ਲਈ ਕਵੀ ਨਦੀ ਦੁਆਰਾ ਸਮੁੰਦਰ ਪੁਣਨ ਦੀ ਗੱਲ ਕਰਦਾ ਹੈ। ਕਵੀ ਕਿਰਤ ਜ਼ਿੰਦਗੀ ਦੇ ਪਾਣੀਆਂ ਵਿੱਚ ਡੁੱਬ ਕੇ ਤਰਨਾ ਚਾਹੁੰਦਾ ਹੈ। ਉਹਦੀ 'ਹੰਸਾਂ ਦੇ ਜੋੜੇ' ਕਵਿਤਾ ਵਿੱਚ ਜੁੱਤੇ ਵੀ ਪ੍ਰੇਮਿਕਾ ਲਈ ਹੰਸਾਂ ਦੇ ਜੋੜੇ ਬਣ ਜਾਂਦੇ ਹਨ, ਜਿਨ੍ਹਾਂ ਦੇ ਪਤਾਵਿਆਂ 'ਚੋਂ ਉਸ ਨੂੰ ਮਹਿਬੂਬ ਦੇ ਪੈਰਾਂ ਦੀ ਛੋਹ ਮਹਿਸੂਸ ਹੁੰਦੀ ਹੈ ਅਤੇ ਉਨ੍ਹਾਂ ਮਹਿਬੂਬ ਦੇ ਜੁੱਤਿਆਂ ਨੂੰ ਬੁੱਕਲ ਨਾਲ ਲਾ ਕੇ ਤੁਰਨ ਦਾ ਮਜ਼ਾ ਹੀ ਅਲਹਿਦਾ ਹੈ।

ਵਸਲ ਦੇ ਪਲਾਂ ਵਿੱਚ ਹੀ ਮੁਹੱਬਤ ਵਿੱਚ ਸਕੂਨ ਹੁੰਦਾ ਹੈ। ਪਿਆਰੇ ਦੇ ਕੇਸਾਂ ਵਿੱਚ ਤੇਲ ਝੱਸਣ ਵੇਲੇ ਦਾ ਸਕੂਨ ਵਿਛੋੜੇ ਦੇ ਪਲਾਂ 'ਚ ਆਪਣੇ ਕੇਸਾਂ 'ਚ ਤੇਲ ਝੱਸਣ ਵੇਲੇ ਨੀਰਸ ਜਿਹਾ ਜਾਪਣ ਲਗ ਜਾਂਦਾ ਹੈ। ਇਸ 'ਤੇ ਯਾਦ ਬਿੰਬ ਦੀ ਸਿਮਰਤੀ ਭਾਰੂ ਰਹਿੰਦੀ ਹੈ। ਪਿਆਰੇ ਦੇ ਕੇਸਾਂ 'ਚ ਝੱਸਿਆ ਸਕੂਨ ਹੀ ਆਪਣੇ ਕੇਸ ਸੰਵਾਰਨ ਲਗਿਆਂ ਸਕੂਨ ਵਿਹੂਣੇ ਅਸਹਿ ਆਪੇ ਵਰਗਾ ਹੋ ਜਾਂਦਾ ਹੈ।

'ਇਕੱਲਤਾ' ਹਰ ਕਿਸੇ ਲਈ ਮਾਰੂ ਹੁੰਦੀ ਹੈ। ਕਵੀ ਉਸ ਅਭਾਗੀ ਰਾਤ ਦੀ ਇਕੱਲਤਾ ਤੋਂ ਬਚਣਾ ਚਾਹੁੰਦਾ ਹੈ, ਪਰ ਜੀਵਨ ਨੂੰ ਇਕੱਲਤਾ ਦਾ ਨਾਗ ਲੜਦਾ ਹੈ। 'ਚੁੱਪ' ਬਾਰੇ ਤਕਰੀਬਨ ਹਰ ਕਵੀ ਸੋਚਦਾ/ਲਿਖਦਾ ਹੈ। ਕਿਰਤ ਅਨੁਸਾਰ ਹਰ ਚੁੱਪ ਪੂਰੀ ਤਰ੍ਹਾਂ ਚੁੱਪ ਨਹੀਂ ਹੁੰਦੀ, ਉਸ ਵਿੱਚ ਹੁੰਗਾਰੇ ਦੀ ਖੁੱਲ੍ਹੀ ਖਿੜਕੀ ਵਾਂਗ ਗੁੰਜਾਇਸ਼ ਹੁੰਦੀ ਹੈ। ਇੱਕ ਸਿੱਲ੍ਹੇ, ਸਲ੍ਹਾਬੇ ਤੇ ਜਾਲ਼ੇ ਲੱਗੇ ਕਮਰੇ ਦੇ ਬਿੰਬ ਰਾਹੀਂ ਉਦਾਸੀ ਨੂੰ ਜ਼ਾਹਿਰ ਕੀਤਾ ਗਿਆ ਹੈ। ਕਵੀ ਅਨੁਸਾਰ 'ਖੋਟੇ ਸਿੱਕੇ' ਵੀ ਕਿਸੇ ਦੀ ਜੇਬ ਦੀ ਰੌਣਕ ਬਣ ਸਕਦੇ ਹਨ, ਉਹ ਵੀ ਸੁੱਟਣਯੋਗ ਨਹੀਂ ਹੁੰਦੇ।

'ਬੁੱਲ੍ਹੇ ਸ਼ਾਹ ਦੇ ਨਾਲ ਤੁਰਦਿਆਂ' ਕਵਿਤਾ ਵਿੱਚ ਕਿਰਤ 'ਉਥੇ ਜਾਣ' ਦੇ ਖਿਆਲ ਨਾਲ ਅਜਿਹਾ ਮੁਹੱਬਤੀ ਮਾਹੌਲ ਉਸਾਰਦਾ ਹੈ, ਜਿਥੇ 'ਸਭ ਸਹੀ ਹੋਵੇ' ਦੀ ਕਾਮਨਾ ਹੈ। ਕੀ ਇਹ ਸੰਭਵ ਹੋ ਸਕਦਾ ਹੈ? ਪਿਆਰ ਵਿੱਚ ਇਸ ਦੇ ਹੋਣ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

**ਚਰਚਾ**

**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫੋਨ: 1-604-369-2371**



## ਸੁਖਿੰਦਰ ਦਾ ਸੰਪਾਦਿਤ .ਗ਼ਜ਼ਲ ਸੰਗ੍ਰਹਿ

# 'ਪੰਜਾਬੀ .ਗ਼ਜ਼ਲ ਦੇ ਨਕਸ਼'

ਕੈਨੇਡਾ ਨੂੰ ਆਪਣੀ ਕਰਮ ਭੂਮੀ ਬਣਾ ਚੁੱਕਿਆ ਸੁਖਿੰਦਰ ਪੰਜਾਬੀ ਦਾ ਇੱਕ ਚਰਚਿਤ ਸਾਹਿਤਕਾਰ ਹੈ। ਵਿਗਿਆਨਕ ਵਿਸ਼ਿਆਂ, 24 ਕਾਵਿ ਪੁਸਤਕਾਂ, ਆਲੋਚਨਾ, ਵਾਰਤਕ, ਸੰਪਾਦਨ, ਨਾਵਲ, ਬੱਚਿਆਂ ਆਦਿ ਤੋਂ ਇਲਾਵਾ ਉਸ ਦੀਆਂ ਅੰਗਰੇਜ਼ੀ ਦੀਆਂ ਕਵਿਤਾਵਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਅੰਗਰੇਜ਼ੀ ਵਿੱਚ ਉਸਦਾ ਇੱਕ ਨਾਵਲ ਵੀ ਹੁਣੇ ਜਿਹੇ ਐਮੇਜ਼ੋਨ ਵਾਲਿਆਂ ਨੇ ਪ੍ਰਕਾਸ਼ਿਤ ਕੀਤਾ ਹੈ। ਪ੍ਰਸਤੁਤ ਪੁਸਤਕ 'ਪੰਜਾਬੀ ਗ਼ਜ਼ਲ ਦੇ ਨਕਸ਼' ਉਸਦਾ ਸੰਪਾਦਿਤ ਕੀਤਾ ਗ਼ਜ਼ਲ ਸੰਗ੍ਰਹਿ ਹੈ, ਜਿਸ ਵਿੱਚ ਪੰਜਾਬੀ ਦੇ ਕੁਝ ਨਾਮਵਰ ਗ਼ਜ਼ਲਗੋਆਂ ਅਤੇ ਕੁਝ ਨਵੇਂ ਲੇਖਕਾਂ ਦੀਆਂ ਗ਼ਜ਼ਲਾਂ ਦਰਜ ਕੀਤੀਆਂ ਹਨ। ਕਿਤਾਬ ਦੀ ਭੂਮਿਕਾ ਵਿੱਚ ਸੰਪਾਦਕ ਨੇ ਸਪੱਸ਼ਟ ਲਿਖਿਆ ਹੈ ਕਿ ਉਹ ਆਪ ਗ਼ਜ਼ਲ ਨਹੀਂ ਲਿਖਦਾ, ਪਰ ਪੜ੍ਹਦਾ ਅਤੇ ਸੁਣਦਾ ਹੈ, ਤੇ ਉਹ ਗ਼ਜ਼ਲ ਕਾਵਿ-ਵਿਧਾ ਦਾ ਵਿਦਵਾਨ ਨਹੀਂ ਹੈ। ਇਸ ਦੇ ਨਾਲ ਹੀ ਉਸ ਨੇ ਇਹ ਵੀ ਲਿਖਿਆ ਹੈ ਕਿ 'ਉਸ ਕੋਲ ਗ਼ਜ਼ਲ ਨੂੰ ਤਕਨੀਕੀ ਪੱਖ ਤੋਂ ਪਰਖਣ ਵਾਲਾ ਗਿਆਨ ਵੀ ਨਹੀਂ ਹੈ।' ਬਕੌਲ ਸੁਖਿੰਦਰ ਉਸ ਨੂੰ ਸਮਾਜਿਕ, ਨੈਤਿਕ, ਸਭਿਆਚਾਰਕ, ਨੈਤਿਕ, ਰਾਜਨੀਤਿਕ ਪੱਖ ਤੋਂ ਚੰਗੀ ਸ਼ਬਦਾਵਲੀ ਦੀ ਵਰਤੋਂ ਕਰਕੇ ਸਮਾਜ ਨੂੰ ਨਰੋਈ ਸੇਧ ਦੇਣ ਵਾਲੀ ਗੱਲ ਕਰਦੀਆਂ ਗ਼ਜ਼ਲਾਂ ਪੜ੍ਹਨੀਆਂ ਅਤੇ ਸੁਣਨੀਆਂ ਚੰਗੀਆਂ ਲੱਗਦੀਆਂ ਹਨ। ਉਸ ਨੂੰ ਤਕਨੀਕੀ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਲਿਖੀਆਂ ਹੋਈਆਂ ਗ਼ਜ਼ਲਾਂ, ਪਰ ਵਿਚਾਰ ਪੱਖੋਂ ਖੋਖਲੀਆਂ ਗ਼ਜ਼ਲਾਂ ਪਸੰਦ ਨਹੀਂ।

ਪ੍ਰਸਤੁਤ ਗ਼ਜ਼ਲ ਸੰਗ੍ਰਹਿ ਵਿੱਚ ਗ਼ਜ਼ਲਾਂ ਦੀ ਚੋਣ ਵੇਲੇ ਤਕਨੀਕੀ ਨੁਕਤਿਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਇੱਕ ਗੱਲ ਉਸ ਨੇ ਹੋਰ ਵਧੀਆ ਕੀਤੀ ਹੈ ਕਿ ਗ਼ਜ਼ਲਾਂ ਨੂੰ ਨਾਮਵਰ ਗ਼ਜ਼ਲਗੋਆਂ ਅਨੁਸਾਰ ਦਰਜ ਨਾ ਕਰ ਕੇ ਪੰਜਾਬੀ ਵਰਣਮਾਲਾ ਦੇ ਕ੍ਰਮ ਅਨੁਸਾਰ ਦਰਜ ਕੀਤਾ ਹੈ, ਜਿਸ ਨਾਲ ਹੇਠਲੇ ਕ੍ਰਮ ਵਿੱਚ ਦਿੱਤੀਆਂ ਗ਼ਜ਼ਲਾਂ ਦੇ ਲੇਖਕਾਂ ਨੂੰ ਕਿਸੇ ਹੀਣ ਭਾਵਨਾ ਦਾ ਸ਼ਿਕਾਰ ਨਹੀਂ ਹੋਣ ਦਿੱਤਾ।

ਚਰਚਾ ਅਧੀਨ ਪੁਸਤਕ 'ਪੰਜਾਬੀ ਗ਼ਜ਼ਲ ਦੇ ਨਕਸ਼' ਵਿੱਚ 73 ਪੰਜਾਬੀ ਗ਼ਜ਼ਲਕਾਰਾਂ ਦੀਆਂ ਸੌ ਗ਼ਜ਼ਲਾਂ ਸ਼ਾਮਿਲ ਹਨ। ਰੁਖ਼ਸਤ ਹੋ ਚੁੱਕੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਦੀ ਚੋਣ ਉਸਨੇ ਆਪ ਕੀਤੀ ਹੈ ਜਾਂ ਆਪਣੇ ਸਾਹਿਤਕ ਮਿੱਤਰਾਂ ਦੀ ਸਲਾਹ ਨਾਲ। ਬਾਕੀ ਗ਼ਜ਼ਲਕਾਰਾਂ (ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਰਹਿੰਦੇ) ਨੂੰ ਉਸਨੇ ਖੁੱਲ੍ਹਾ ਸੱਦਾ ਦਿੱਤਾ ਸੀ ਕਿ ਆਪਣੀਆਂ ਗ਼ਜ਼ਲਾਂ ਭੇਜਣ। ਸ਼ਰਤ ਇਹ ਰੱਖੀ ਸੀ ਕਿ ਪੁਸਤਕ ਵਿੱਚ ਕਿਸੇ ਵੀ ਲੇਖਕ ਦੀਆਂ ਦੋ ਤੋਂ ਵੱਧ ਗ਼ਜ਼ਲਾਂ ਸ਼ਾਮਿਲ ਨਹੀਂ ਕੀਤੀਆਂ ਜਾਣਗੀਆਂ। ਕੁਝ ਕੁ ਲੇਖਕਾਂ ਦੀਆਂ ਦੋ ਗ਼ਜ਼ਲਾਂ ਹਨ, ਬਾਕੀ ਸਭ ਦੀ ਇੱਕ-ਇੱਕ। ਇਸਦਾ ਇਹ ਫਾਇਦਾ ਹੋਇਆ ਹੈ ਕਿ ਪਾਠਕਾਂ ਨੂੰ ਇੱਕ ਹੀ ਪੁਸਤਕ ਵਿੱਚੋਂ ਨਾਮਵਰ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਦੀਆਂ ਵਧੀਆ ਗ਼ਜ਼ਲਾਂ ਪੜ੍ਹਨ ਦਾ ਮੌਕਾ ਮਿਲਿਆ ਹੈ।

ਇਸ ਪੁਸਤਕ ਵਿੱਚ ਉਲਫ਼ਤ ਬਾਜਵਾ, ਅਫ਼ਜ਼ਲ ਸਾਹਿਰ, ਅਰਤਿੰਦਰ ਸੰਧੂ, ਇਰਸ਼ਾਦ ਸੰਧੂ, ਸੁਰਜੀਤ ਪਾਤਰ, ਸੰਤ ਰਾਮ ਉਦਾਸੀ, ਸੁਖਵਿੰਦਰ ਅੰਮ੍ਰਿਤ, ਸੋਹਣ ਸਿੰਘ ਮੀਸ਼ਾ, ਸੁਰਿੰਦਰ ਗੀਤ, ਡਾ. ਸੁਖਪਾਲ ਸੰਘੇੜਾ, ਡਾ. ਹਰਭਜਨ ਸਿੰਘ, ਕ੍ਰਿਸ਼ਨ ਭਨੋਟ, ਗੁਰਭਜਨ ਗਿੱਲ, ਗੁਰਦਿਆਲ ਰੌਸ਼ਨ, ਜਗਤਾਰ, ਜਸਪਾਲ ਘਈ, ਤ੍ਰੈਲੋਚਨ ਲੋਚੀ, ਤਖ਼ਤ ਸਿੰਘ, ਤਾਹਿਰਾ ਸਰਾ, ਦੀਪਕ ਜੈਤੋਈ, ਨਵ ਸੰਗੀਤ, ਨਿਰੰਜਣ ਬੋਹਾ, ਪਾਸ਼, ਬਾਬਾ ਨਜ਼ਮੀ, ਮਹਿੰਦਰ ਸਾਥੀ, ਰਵਿੰਦਰ ਸਿੰਘ ਸੋਢੀ, ਲਾਲ ਸਿੰਘ ਦਿਲ, ਵਿਜੇ ਵਿਵੇਕ ਅਤੇ ਸ਼ਿਵ ਕੁਮਾਰ ਬਟਾਲਵੀ ਆਦਿ ਦੀਆਂ ਗ਼ਜ਼ਲਾਂ ਹਨ। ਇਹ ਸਾਰੇ ਲੇਖਕ ਇੰਡੀਆ, ਪਾਕਿਸਤਾਨ, ਕੈਨੇਡਾ, ਅਮਰੀਕਾ, ਯੂ.ਕੇ., ਆਸਟ੍ਰੇਲੀਆ, ਇਟਲੀ ਆਦਿ ਵਿੱਚ ਰਹਿਣ ਵਾਲੇ ਹਨ।




ਇਸ ਸੰਪਾਦਿਤ ਗ਼ਜ਼ਲ ਸੰਗ੍ਰਹਿ ਨੂੰ ਪੜ੍ਹਨ ਬਾਅਦ ਪਤਾ ਲੱਗਦਾ ਹੈ ਕਿ ਸੰਪਾਦਕ ਨੇ ਗ਼ਜ਼ਲਾਂ ਦੀ ਚੋਣ ਵੇਲੇ ਗ਼ਜ਼ਲਾਂ ਦੇ ਵਿਸ਼ੇ ਪੱਖ ਨੂੰ ਧਿਆਨ ਵਿੱਚ ਤਾਂ ਰੱਖਿਆ ਹੀ ਹੈ, ਇਸ ਦੇ ਨਾਲ-ਨਾਲ ਇਹ ਵੀ ਦੇਖਿਆ ਹੈ ਕਿ ਗ਼ਜ਼ਲ ਦਾ ਸਮੁੱਚਾ ਪ੍ਰਭਾਵ ਕੀ ਹੈ, ਗ਼ਜ਼ਲਾਂ ਦੇ ਸ਼ੇਅਰ ਪੜ੍ਹਨ ਵਾਲਿਆਂ ਨੂੰ ਆਪਣੇ ਰੰਗ ਵਿੱਚ ਵੀ ਰੰਗ ਜਾਣ ਅਤੇ ਲੰਮੇ ਸਮੇਂ ਤੱਕ ਯਾਦ ਵੀ ਰਹਿਣ। ਗ਼ਜ਼ਲਾਂ ਵੱਖ-ਵੱਖ ਬਹਿਰ ਵਾਲੀਆਂ ਹਨ। ਛੋਟੇ ਬਹਿਰ ਦੀ ਗ਼ਜ਼ਲ ਲਿਖਣੀ ਕੁਝ ਮੁਸ਼ਕਿਲ ਹੁੰਦੀ ਹੈ, ਪਰ ਪਾਕਿਸਤਾਨ ਦੇ ਜ਼ਿਆਦਾ ਗ਼ਜ਼ਲਗੋ ਛੋਟੇ ਬਹਿਰ ਦੀ ਗ਼ਜ਼ਲ ਹੀ ਲਿਖਦੇ ਹਨ। ਓਂਕਾਰਪ੍ਰੀਤ, ਡਾ. ਹਰਭਜਨ ਸਿੰਘ, ਸੋਹਣ ਸਿੰਘ ਮੀਸ਼ਾ, ਕੁਲਵਿੰਦਰ ਚਾਂਦ, ਖਿਤਾਬ ਖਜੂਰੀਆ, ਜੈਮਲ ਪੱਡਾ, ਤਰਲੋਚਨ ਮੀਰ ਆਦਿ ਦੀਆਂ ਛੋਟੇ ਬਹਿਰ ਦੀਆਂ ਗ਼ਜ਼ਲਾਂ ਵੀ ਪ੍ਰਭਾਵਿਤ ਕਰਦੀਆਂ ਹਨ।

ਗਲਤ ਸਮਾਜਿਕ ਵਰਤਾਰਿਆਂ ਨੂੰ ਵੀ ਕਵੀਆਂ ਨੇ ਆਪਣੀਆਂ ਗ਼ਜ਼ਲਾਂ ਵਿੱਚ ਖ਼ੂਬਸੂਰਤੀ ਨਾਲ ਪ੍ਰਗਟਾਇਆ ਹੈ, ਪਰਵਾਸੀਆਂ ਦੀਆਂ ਮੁਸ਼ਕਿਲਾਂ ਨੂੰ ਪੇਸ਼ ਕੀਤਾ ਗਿਆ ਹੈ, ਮਾਂ ਬੋਲੀ ਲਈ ਵੀ ਹਅ ਦਾ ਨਾਹਰਾ ਮਾਰਿਆ ਹੈ, ਨਸ਼ਿਆਂ ਦੀ ਦਲਦਲ ਦੀ ਵੀ ਗੱਲ ਕੀਤੀ ਗਈ ਹੈ, ਜ਼ੁਲਮਾਂ ਅਤੇ ਘਪਲਿਆਂ ਦੀ ਵੀ ਚਰਚਾ ਕੀਤੀ ਹੈ। ਕਹਿਣ ਤੋਂ ਭਾਵ ਤਕਰੀਬਨ ਹਰ ਰਚਨਾ ਵਿੱਚ ਹੀ ਅਲੱਗ-ਅਲੱਗ ਵਿਸ਼ਿਆਂ ਦੀ ਭਰਮਾਰ ਹੈ। ਕੁਝ ਵਿਸ਼ੇ ਸਥਾਨਕ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ ਦੇ ਵੀ ਹਨ। ਸੁਖਿੰਦਰ ਨੇ ਉਰਦੂ, ਫਾਰਸੀ ਦੀ ਪਿਆਰ-ਮੁਹੱਬਤ, ਜਾਮ-ਸੁਰਾਹੀ ਦੀ ਪਰੰਪਰਾਗਤ ਗ਼ਜ਼ਲ ਨਾਲੋਂ ਅਜੋਕੇ ਜੀਵਨ ਦੇ ਅਨੇਕ ਪੱਖਾਂ ਨੂੰ ਪੇਸ਼ ਕਰਦੀਆਂ ਗ਼ਜ਼ਲਾਂ ਦੀ ਚੋਣ ਕੀਤੀ ਹੈ।

ਨਾਮਵਾਰ ਗ਼ਜ਼ਲ ਲੇਖਕ ਗੁਰਦਿਆਲ ਰੌਸ਼ਨ ਦਾ ਇਹ ਸ਼ੇਅਰ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ:

ਫ਼ੈਸਲਾ ਮੁਸ਼ਕਿਲ ਬੜਾ ਹੈ ਇੱਕ ਗ਼ਜ਼ਲ ਹੁਣ ਕੀ ਕਰੇ
ਓਸ ਦੇ ਬੂਹੇ ਦੇ ਉੱਤੇ ਮਤਲਿਆਂ ਦੀ ਭੀੜ ਹੈ।

ਹੇਠ ਲਿਖੇ ਕੁਝ ਸ਼ੇਅਰਾਂ ਤੋਂ ਇਸ ਗ਼ਜ਼ਲ ਸੰਗ੍ਰਹਿ ਦੀ ਸਾਹਿਤਕ ਕਸਵੱਟੀ ਦਾ ਵੀ ਪਤਾ ਲੱਗਦਾ ਹੈ:

*ਲੈ ਪਾਨ ਤੇ ਸੁਪਾਰੀ ਨਨਕਾਣਾ ਜਾਣ ਵਾਲੇ
ਕਰਤਾਰਪੁਰ ਨੂੰ ਮੁੜਦੇ ਕਾਜੂ-ਬਦਾਮ ਲੈ ਕੇ।
-ਓਂਕਾਰਪ੍ਰੀਤ

*ਸੂਰਜ ਦੇ ਸੇਕ 'ਚ ਕੀ ਕੀ ਟੰਗ ਲਵਾਂ
ਚੀਸਾਂ ਹੀ ਬਹੁਤ ਨੇ ਦੁਖੜੇ ਸੁਕਾਣ ਲਈ।
-ਅਮਰਜੀਤ ਟਾਂਡਾ

*ਸਤਲੁਜ ਉਦਾਸ ਅੱਜਕੱਲ੍ਹ
ਗੁਮਸੁਮ ਚਨਾਬ ਅੱਜਕੱਲ੍ਹ
ਲਹਿਰਾਂ 'ਚ ਘਿਰ ਗਏ ਨੇ,
ਪੰਜੇ ਹੀ ਆਬ ਅੱਜਕੱਲ੍ਹ। -ਅਮਰੀਕ ਡੋਗਰਾ

*ਅਕਸਰ ਧੋਖਾ ਦੇ ਜਾਂਦੇ ਨੇ ਜਾਣੇ ਵੇਖੇ ਜਾਚੇ ਲੋਕ
ਸਾਨੂੰ ਆ ਕੇ ਰਾਹਵਾਂ ਦੱਸਣ ਆਪਣੇ ਘਰੋਂ ਗੁਆਚੇ ਲੋਕ।
-ਸਾਇਮਾ ਅਲਮਾਸ ਮਸਰੂਰ

*ਪੰਜਾਬੀ ਮਾਤਾ ਕਿੰਨੀ ਕਰਮਾਂ ਵਾਲੀ ਹੋ ਗਈ ਹੈ
ਕਿ ਰਾਂਝੇ ਪੁੱਤਾਂ ਦੀ ਵੰਝਲੀ ਦੁਨਾਲੀ ਹੋ ਗਈ ਹੈ।
-ਸੁਰਿੰਦਰਪ੍ਰੀਤ ਘਣੀਆ

*ਹਵਾ ਨੂੰ ਗੱਲ ਨਾ ਆਈ, ਹਵਾ ਤੋਂ ਮੈਂ ਜਦੋਂ ਪੁੱਛਿਆ
ਕਿ ਕਿਹੜੀ ਗੱਲ ਤੋਂ ਰੁੱਖਾਂ ਤੋਂ ਹਰ ਇੱਕ ਆਲ੍ਹਣਾ ਡਿੱਗਿਆ।
-ਸੁਰਿੰਦਰ ਗੀਤ

*ਘਸਦੇ-ਘਸਾਉਂਦੇ ਕਲਮਾਂ, ਬੀਤੇ ਨੇ ਸਾਲ ਸੱਤਰ
ਲੈ-ਦੇ ਕੇ ਬੱਸ ਮਿਲੇ ਨੇ, ਕੁਝ ਮੈਨੂੰ ਮਾਣ-ਪੱਤਰ।
-ਨਵ ਸੰਗੀਤ

*ਹੈ ਅਫ਼ਸੋਸ ਕਿ ਕੁੱਖ 'ਚ ਸੂਲੀ,
ਚੜ੍ਹ ਜਾਵਣ ਉਹ ਧੀਆਂ
ਅੰਬਰ ਦੀ ਛਾਤੀ 'ਤੇ ਜਿਨ੍ਹਾਂ, ਲਿਖਣਾ ਸੀ ਸਿਰਨਾਵਾਂ।
-ਨਿਰੰਜਣ ਬੋਹਾ

*ਸ਼ੀਸ਼ੇ ਉੱਤੇ ਧੂੜਾ ਜੰਮੀਆਂ, ਕੰਧਾਂ ਝਾੜੀ ਜਾਂਦੇ ਨੇ
ਜਿਲਦਾਂ ਸਾਂਭ ਰਹੇ ਨੇ ਝੱਲੇ, ਵਰਕੇ ਪਾੜੀ ਜਾਂਦੇ ਨੇ।
-ਬਾਬਾ ਨਜਮੀ

*ਸੁੰਨੀ ਕੁੱਖ ਤੋਂ ਜਾ ਕੇ ਪੁੱਛੋ,
ਬਾਲ ਦੀ ਚਾਹਤ ਕੀ ਹੁੰਦੀ ਹੈ
ਮਤ੍ਰੇਈ ਦੇ ਵੱਸ ਪਿਆਂ ਲਈ,
ਮਾਂ ਦੀ ਚਾਹਤ ਕੀ ਹੁੰਦੀ ਹੈ। -ਰਵਿੰਦਰ ਸਿੰਘ ਸੋਢੀ

ਸੁਖਿੰਦਰ ਵੱਲੋਂ ਸੰਪਾਦਿਤ 'ਪੰਜਾਬੀ ਗ਼ਜ਼ਲ ਦੇ ਨਕਸ਼' ਪੜ੍ਹ ਕੇ ਵਿਸ਼ਵ ਪੱਧਰ 'ਤੇ ਰਚੀ ਜਾ ਰਹੀ ਪੰਜਾਬੀ ਗ਼ਜ਼ਲ ਦੇ ਨਕਸ਼ ਹੀ ਨਹੀਂ, ਪੂਰਾ ਮੁਹਾਂਦਰਾ ਝਲਕਦਾ ਹੈ।

# ਕਿਰਤ ਦੀ 'ਚੰਨਣਗੀਰੀ' ਬਨਾਮ ਮੁਹੱਬਤ ਦੀ ਕਿਰਤ

ਦੀ ਕਿਆਸਅਰਾਈ ਹੈ, 'ਜੋ ਨਹੀਂ ਹੋਣਾ ਚਾਹੀਦਾ' ਦੇ ਵੇਰਵਿਆਂ ਨਾਲ ਤੇ ਪ੍ਰਾਕ੍ਰਿਤਕ ਸੁਹਜ ਨਾਲ ਸਿਰਜਿਆ ਸਰੋਦੀ ਵਾਤਾਵਰਣ ਇਸ ਕਵਿਤਾ ਦੀ ਸਾਰਥਕਤਾ ਦਰਸਾ ਦਿੰਦਾ ਹੈ।

ਅਪਾਹਿਜਤਾ ਨੂੰ ਨਵੀਨ ਅਰਥ ਦਿੰਦਾ ਕਿਰਤ 'ਭੱਦੇ ਦਾਗ' ਕਵਿਤਾ ਵਿੱਚ ਆਖਦਾ ਹੈ ਕਿ ਜੋ ਵਿਅਕਤੀ ਮਾਨਸਿਕ ਪੱਧਰ ਉਤੇ ਨਜ਼ਰੀਏ ਤੇ ਸਪਰਸ਼ ਦੇ ਸਲੀਕੇ ਤੋਂ ਵੰਚਿਤ ਹਨ, ਦਰਅਸਲ ਉਹ ਅਪਾਹਜ ਹਨ ਤੇ ਸਮਾਜ 'ਤੇ ਕਲੰਕ ਹਨ।

'ਮੈਨੂੰ ਵਰਤ ਲਵੋ' ਇੱਕ ਹੋਰ ਮਾਰਮਿਕ ਕਵਿਤਾ ਹੈ, ਜਿਸ ਵਿੱਚ ਮਨੁੱਖੀ ਜੀਵਨ ਦੇ ਸਹਿਜ ਅਮਲਾਂ ਨੂੰ ਦਰਸਾ ਕੇ ਮਨੁੱਖ ਦੀ ਬ੍ਰਹਿਮੰਡ ਨਾਲ ਸਾਂਝ ਨੂੰ ਉਜਾਗਰ ਕੀਤਾ ਗਿਆ ਹੈ। ਸਾਡਾ ਮਨੁੱਖੀ ਜੀਵਨ 'ਪਰ' ਵਾਸਤੇ ਹੈ, ਨਿੱਜੀ ਪੱਧਰ ਤੋਂ ਉਪਰ ਉਠ ਕੇ ਮਨੁੱਖ ਆਪਣੇ ਅਸਤਿਤਵ ਨੂੰ ਮਹਿਸੂਸ ਕੇ ਇਸ ਗੱਲ ਨੂੰ ਅਪਣਾ ਸਕਦਾ ਹੈ। ਜਦੋਂ ਅਸੀਂ ਇੱਕ ਦਿਸ਼ਾ ਵੱਲ ਚੱਲ ਕੇ ਸਭ ਧਰਮਾਂ ਦੇ ਉੱਚ ਗੁੰਬਦਾਂ ਨੂੰ ਮੱਥਾ ਟੇਕ ਦੇਈਏ ਤੇ ਦੂਜਿਆਂ ਪ੍ਰਤੀ ਪੁੰਨ ਅਰਥੀ ਦਇਆ ਧਰਮ ਅਪਣਾ ਲਈਏ ਤਾਂ ਹੀ ਸਭ ਮੁਮਕਿਨ ਹੈ।

'ਚਾਂਦੀ ਦੀਆਂ ਕਣੀਆਂ' ਪ੍ਰਗੀਤਕ ਰਚਨਾ ਵਿੱਚ ਕਵੀ ਉਸ ਕੁੜੀ ਦੇ ਨਕਸ਼ ਉਭਾਰਦਾ ਹੈ, ਜੋ ਲਟਬਾਉਰੇ ਚਾਵਾਂ ਨੂੰ ਯਥਾਰਥ ਦੀ ਤਲਖ਼ ਧਰਤੀ 'ਤੇ ਟੁੱਟਦਿਆਂ ਵਿਖਾਉਂਦਾ ਹੈ। ਕੁੜੀ ਚਾਂਦੀ ਦੀਆਂ ਕਣੀਆਂ ਵਰਗੀ ਹੋਣ ਦੇ ਬਾਵਜੂਦ ਥਲਾਂ ਬਾਰੇ ਸੋਚਣ ਲਈ ਮਜਬੂਰ ਹੈ। ਕਵਿਤਾ ਵਿਚਲੇ ਸ਼ਿੰਗਾਰਕ ਵੇਰਵਿਆਂ ਨੂੰ ਉਦਾਸੀ ਦੀ ਬੁੱਕਲ ਢਕ ਲੈਂਦੀ ਹੈ। ਸੋ ਇਹ ਕਵਿਤਾ ਬਿਖਰਦੇ ਸੁਪਨਿਆਂ ਦੀ ਕਹਾਣੀ ਹੈ।

'ਹਰਖ਼' ਕਵੀ ਦੀ ਸਰੋਦੀ ਕਵਿਤਾ ਹੈ, ਜਿਸ ਵਿੱਚ ਉਸਨੇ ਮੌਲਿਕ ਬਿੰਬਾਂ ਰਾਹੀਂ ਦਰਸਾਇਆ ਹੈ ਕਿ ਜਦੋਂ ਪਿਆਰਾ ਹਰਖ ਕਰਦਾ ਹੈ ਤਾਂ ਉਸ ਦੀ ਹਰ ਕਿਰਿਆ ਕ੍ਰੋਧਿਤ ਹੋ ਜਾਂਦੀ ਹੈ। ਉਹ ਸੂਰਜ ਨੂੰ ਠੁੱਡਾ ਮਾਰਦੀ, ਤਾਰੇ ਧਰਤੀ 'ਤੇ ਖਿਲਾਰਦੀ, ਧੁੱਪ ਨੂੰ ਤਿਊੜੀਆਂ 'ਚ ਭੋਰਦੀ ਹੈ। ਉਸਦਾ ਹਰ ਪ੍ਰਤੀਕਰਮ ਗੁੱਸੇ ਭਰਿਆ ਤੇ ਤਬਾਹਕੁਨ ਬਣ ਜਾਂਦਾ ਹੈ। ਪਿਆਰ ਦੇ ਤਿੱਖੇ ਵੇਗ ਦੀ ਕਵਿਤਾ ਹੈ 'ਹਰਖ਼'।

'ਭਿਆਂ' ਕਵਿਤਾ ਵਿੱਚ ਮਹਿਬੂਬ ਦੀਆਂ ਪੈੜਾਂ ਦਾ ਰੇਤਾ ਅੱਖਾਂ ਵਿੱਚ ਸੰਭਾਲ ਰੱਖਣ ਦੀ ਇੰਤਹਾ ਵਜੋਂ ਦਰਸਾਇਆ ਗਿਆ ਹੈ, ਇਸ ਤੋਂ ਅੱਗੇ ਹੋਰ ਕਿੰਨੀ ਕੁ ਸੰਭਾਲ ਕਰ ਸਕਦਾ ਹੈ ਕੋਈ। ਮੌਤ ਉਪਰੰਤ ਮਨੁੱਖੀ ਸਰੀਰ ਰੂੜੀ ਵਾਂਗ ਕੰਮ ਨਹੀਂ ਆਉਂਦਾ, ਇਸੇ ਲਈ ਕਵੀ ਕਹਿੰਦਾ ਹੈ, 'ਦੇਹ ਨਾਲੋਂ ਰੂੜੀ ਚੰਗੀ।' ਕਿਰਤ ਜੀਵਨ ਨੂੰ ਬਹੁਰੰਗੇ 'ਰੂਬਿਕ ਕਿਊਬ' ਵਾਂਗ ਵੇਖਦਾ ਹੈ, ਜਿਸਦੇ ਰੰਗਾਂ ਨੂੰ ਅਸੀਂ ਬੇਤਰਤੀਬ ਕਰਕੇ ਉਸਨੂੰ ਫਿਰ ਤੋਂ ਤਰਤੀਬ ਦੇਣ ਲੱਗੇ ਰਹਿੰਦੇ ਹਾਂ।

ਲੋਕ ਕਹਾਣੀਆਂ ਦੇ ਸਿੱਟਿਆਂ ਆਧਾਰਿਤ 'ਕਹਾਣੀ' ਕਵਿਤਾ ਵਿੱਚ ਮੁਹੱਬਤ ਦੇ ਰੰਗ ਵਿੱਚ ਨਵੀਨ ਅਰਥ ਸਿਰਜੇ ਗਏ। 'ਚਲਾਕ ਲੂੰਬੜੀ' ਤੇ 'ਪਿਆਸਾ ਕਾਂ' ਲੋਕ ਕਹਾਣੀਆਂ ਦੇ ਸੰਦਰਭ ਵਿੱਚ ਮੁਹੱਬਤੀ ਸ਼ਿੱਦਤ ਨੂੰ ਬਿਆਨਿਆ ਹੈ। 'ਅੱਜ ਅਸੀਂ ਇਸ਼ਕ 'ਚ ਹਾਂ' ਦੇ ਸੰਦਰਭ ਵਿੱਚ ਅਸੰਭਵ ਨੂੰ ਸੰਭਵ ਕਰਨ ਦੀ ਸਮਰੱਥਾ ਦਰਸਾਈ ਹੈ। ਕਾਵਿਕ ਵੇਰਵੇ ਅੰਬਰਾਂ ਦੇ ਤਾਰੇ ਤੋੜਨੇ, ਸ਼ਗਨਾਂ ਦੀ ਚੂਰੀ, ਚੁੰਨੀਆਂ ਦੇ ਗੋਟੇ, ਖੰਮਣੀ, ਅੰਬਰੀ ਪੀਂਘ, ਵੰਗਾਂ ਚੜ੍ਹਾਉਣੀਆਂ, ਗੱਲ ਮਨਵਾਉਣੀ, ਨੰਦ (ਅਨੰਦ ਕਾਰਜ) ਪੜ੍ਹਵਾਉਣੇ ਆਦਿ ਸਭਿਆਚਾਰਕ ਮੁੱਲਾਂ ਨੂੰ ਪ੍ਰਸਾਰਿਤ ਕਰਦੇ ਹਨ।

'ਮੁਲਾਂਕਣ' ਪਿੰਡ ਨੂੰ ਸ਼ਹਿਰ, ਜਿੱਥੇ ਭੀੜ-ਭਾੜ ਹੈ, ਦੀ ਬਨਿਸਬਤ ਖੁੱਲ੍ਹਾ-ਡੁੱਲ੍ਹਾ, ਭੋਲ਼ਾ ਤੇ ਸਹਿਜ ਦਰਸਾਉਂਦਿਆਂ ਪਿੰਡ ਨੂੰ ਪਿਆਰ ਕਰਨ ਲਈ ਪ੍ਰੇਰਿਤ ਕਰਦੀ ਕਵਿਤਾ ਹੈ। ਕਵਿਤਾ ਦੇ ਪਹਿਲੇ ਦੋ ਪੈਰ੍ਹਿਆਂ ਦੀਆਂ ਸਤਰਾਂ ਨੂੰ ਇੱਕ ਦੂਜੀ ਦੇ ਸਮਾਂਨੰਤਰ ਰੱਖ ਕੇ ਸਮੁੱਚੀ ਕਵਿਤਾ ਨੂੰ ਵਿਸ਼ਲੇਸ਼ਿਤ ਕੀਤਾ ਜਾ ਸਕਦਾ ਹੈ। 'ਕਿਰਸਾਨੀਅਤ' ਕਵਿਤਾ ਕਿਸਾਨ ਦੀ ਖੇਤਾਂ ਦੀ ਮਿੱਟੀ ਨਾਲ ਅਟੁੱਟ ਸਾਂਝ ਦੀ ਤਸਦੀਕ ਕਰਦੀ ਹੈ।

ਸਹੀ ਮਿੱਤਰਤਾ ਦੀ ਕਸੌਟੀ 'ਤੇ ਗ਼ਰੀਬੀ ਹੰਢਾਅ ਰਿਹਾ ਵਿਅਕਤੀ ਪੂਰਾ ਉਤਰਦਾ ਹੈ, ਕਿਉਂਕਿ ਉਹ ਤਨੋ, ਮਨੋਂ ਸੇਵਾ ਭਾਵ ਪ੍ਰਗਟਾਉਂਦਾ ਹੈ। ਇਸ ਦੇ ਉਲਟ ਅਮੀਰੀ ਹੰਢਾਅ ਰਿਹਾ ਵਿਅਕਤੀ ਹੱਥੀਂ ਸੇਵਾ ਕਰਨ ਦੀ ਥਾਂ ਨੌਕਰਾਂ ਚਾਕਰਾਂ ਤੋਂ ਕੰਮ ਲੈਂਦਾ ਹੈ। ਇਸ ਕਵਿਤਾ ਤੋਂ ਪੰਜਾਬ ਦੇ ਸਕੂਲੀ ਸਿਲੇਬਸ ਵਿੱਚ ਲੱਗੀ ਗੁਰਦੇਵ ਸਿੰਘ ਪੰਨੂ ਦੀ ਕਹਾਣੀ 'ਉੱਚੀ ਥਾਂ ਦਾ ਸਾਕ' ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਸੇ ਪ੍ਰਕਾਰ 'ਸਰਕਾਰੀ ਦਸਤਾਵੇਜ਼' ਕਵਿਤਾ ਵਿੱਚ ਕਵੀ ਸਰਕਾਰੀ ਦਸਤਾਵੇਜ਼ ਤੇ ਰੱਦੀ ਕਾਗਜ਼ ਰਾਹੀਂ ਕਿਰਤ ਵੰਡ ਦੇ ਲਕਸ਼ ਨੂੰ ਉਭਾਰਦਾ ਹੈ। ਸਰਕਾਰੀ ਦਸਤਾਵੇਜ਼ਾਂ ਨੂੰ ਲਾਕਰਾਂ ਵਿੱਚ ਸਾਂਭ ਕੇ ਰੱਖਿਆ ਜਾਂਦਾ ਹੈ, ਜਦ ਕਿ ਰੱਦੀ ਦਾ ਕਾਗਜ਼ ਰੂੜੀਆਂ ਦਾ ਕੂੜਾ ਸਮਝਿਆ ਜਾਂਦਾ ਹੈ ਤੇ ਦੁਰਗਤੀ ਭੋਗਦਾ ਹੈ।

'ਤੁਸੀਂ ਖੇਡੋ ਪੁੱਤ' ਜੀਵਨ ਅਨੁਭਵ ਦੇ ਆਧਾਰ 'ਤੇ ਲਿਖੀ ਕਵਿਤਾ ਵਿੱਚ ਵੱਡੇ ਹੋਣ ਦੇ ਸੰਤਾਪ ਨੂੰ ਉਲੀਕਿਆ ਹੈ। ਵੱਡੇ ਹੋਣ ਦੇ ਨੁਕਸਾਨ ਹਨ- ਲੁਕ ਨਾ ਸਕਣਾ ਤੇ ਖੇਡਣਾ ਭੁੱਲ ਜਾਣਾ। ਜ਼ਿੰਦਗੀ ਦਾ ਤਲਖ਼ ਯਥਾਰਥ ਸਾਡੇ ਕੋਲੋਂ ਖੇਡਦੇ ਬੱਚੇ ਵਾਂਗ ਖੇਡਣ ਦੇ ਅਰਥ ਖੋਹ ਲੈਂਦਾ ਹੈ। 'ਸ਼ੌਕੀਆ ਚੂਹੇ' ਦਾ ਕਥਾਨਕ ਭੁੱਖ ਦੇ ਤਰਸੇਵੇਂ ਤੇ ਰੱਜ ਦੇ ਡਕਾਰ ਜਿਹਾ ਵਿਰੋਧੀ ਜੁੱਟ ਉਸਾਰ ਕੇ ਮਨੁੱਖ ਅੰਦਰੋਂ ਮਰੇ ਚੂਹੇ ਜਿਹੀ ਹਵਾੜ ਦਾ ਅਹਿਸਾਸ ਕਰਵਾ ਕੇ ਬੀਭਤਸੀ ਪ੍ਰਭਾਵ ਸਿਰਜਦਾ ਹੈ।

'ਮੋਹਰ' ਕਵਿਤਾ ਘਰ ਦੀ ਦਾਲ ਰੋਟੀ ਦੀ ਮਹੱਤਤਾ ਦਰਸਾਉਂਦੀ ਹੈ। ਬਾਜ਼ਾਰੀ ਫਾਸਟ ਫੂਡ ਦੀ ਵਧ ਰਹੀ ਮੰਗ ਦਾ ਰੁਝਾਨ ਵੀ ਪਤਾ ਲਗਦਾ ਹੈ। ਬਰਗਰਾਂ, ਪੀਜ਼ਿਆਂ ਨਾਲ ਪੇਟ ਭਰ ਜਾਂਦਾ ਹੈ, ਪਰ ਆਤਮਾ ਤੇ ਇੰਦਰੀਆਂ ਭੁੱਖੀਆਂ ਰਹਿੰਦੀਆਂ ਹਨ। ਜੋ ਰੱਜ ਜਾਂ ਤ੍ਰਿਪਤੀ ਮਾਂ, ਭੈਣ ਜਾਂ ਪਤਨੀ ਦੇ ਹੱਥ ਦੀ ਬਣੀ ਦਾਲ ਰੋਟੀ ਖਾ ਕੇ ਨਸੀਬ ਹੁੰਦੀ ਹੈ, ਉਹਦੇ ਵਰਗੀ ਕਿਤੇ ਰੀਸ ਨਹੀਂ।

ਰਾਮਾਨੰਦ ਸਾਗਰ ਦੇ ਮਸ਼ਹੂਰ ਸੀਰੀਅਲ 'ਮਹਾਂਭਾਰਤ' ਦੇ ਸ਼ੁਰੂਆਤੀ ਬੋਲ 'ਮੈਂ ਸਮਯ ਹੂੰ' ਵਾਂਗ 'ਮੈਂ ਵਕਤ ਹਾਂ' ਵਿਚਲਾ ਉਚਾਰ ਨਜ਼ਰ ਆਉਂਦਾ ਹੈ। ਵਕਤ ਨੂੰ ਵਾਹਨ ਵਾਂਗ ਹੱਥ ਦੇ ਕੇ ਰੋਕਿਆ ਨਹੀਂ ਜਾ ਸਕਦਾ।

'ਮੇਰੀ ਥਾਂ 'ਤੇ ਕੌਣ ਬੈਠਾ ਹੈ' ਕਵਿਤਾ ਵਿੱਚ ਸਮੁੰਦਰ ਕਿਨਾਰੇ ਬੈਠੇ ਪਾਤਰ ਦੀ ਸਮੁੰਦਰ ਨਾਲ ਇਕਮਿਕਤਾ ਦੀ ਦਸ਼ਾ ਮਹਿਸੂਸ ਹੁੰਦੀ ਹੈ। ਅੱਖਾਂ, ਪਲਕਾਂ, ਦਿਲ, ਪੈਰ, ਮਨ ਸਭ ਸਮੁੰਦਰ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਕਿਰਿਆਮਾਨ ਹਨ, ਪਰ ਨਾਇਕ ਸਮੁੰਦਰ ਕੰਢੇ ਆਪਣੀ ਹੋਂਦ 'ਤੇ ਪ੍ਰਸ਼ਨਚਿੰਨ੍ਹ ਲਾ ਰਿਹਾ ਹੈ। ਉਹ ਮੌਤ ਦੇ ਬਾਅਦ ਦੇ ਛਿਣਾਂ ਦੀ ਵਿਥਿਆ ਬਿਆਨਦਿਆਂ ਆਖਦਾ ਹੈ ਕਿ ਲਾਸ਼ ਮੱਚਣ ਪਿਛੋਂ ਕੌਣ ਪੁੱਛੇਗਾ/ਦੱਸੇਗਾ ਕਿ ਜੀਵਨ ਕੀ ਕਰਨ ਲਈ ਹੁੰਦੈ:

ਸੱਥਰ ਉੱਪਰ ਭਿਣਕਣਗੀਆਂ
ਵੰਨ-ਸੁਵੰਨੀਆਂ ਗੱਲਾਂ
ਹੋਰ ਦੀਆਂ ਹੋਰ ਗੱਲਾਂ
ਗੱਲਾਂ ਤੇ ਬੱਸ ਗੱਲਾਂ

ਕੀ ਕਰਦਾ ਸੀ

ਕੋਈ ਦੱਸੇਗਾ
ਕੁਝ ਨਹੀਂ
ਕੋਈ ਦੱਸੇਗਾ
ਪੜ੍ਹਦਾ ਸੀ
ਕਵਿਤਾ ਲਿਖਦਾ ਸੀ
ਸ਼ਾਇਦ

ਪ੍ਰਸ਼ਨ ਚਿੰਨ੍ਹ ਓੜ ਕੇ
ਲਾਸ਼ ਨੇ ਮੱਚ ਜਾਣਾ
ਥੱਕ ਹਾਰ ਕੇ
ਚੁੱਪ ਖਿਲਾਰ ਕੇ

ਕੌਣ ਪੁੱਛੇਗਾ
ਕੌਣ ਦੱਸੇਗਾ
ਜੀਵਨ, ਕੀ ਕਰਨ ਲਈ ਹੁੰਦੈ?

ਆਖ਼ਰੀ ਕਵਿਤਾ 'ਹਾਲੇ ਕਿੱਥੇ ਬੱਸ', ਕਵੀ ਦੀ ਪੇਸ਼ੀਨਗੋਈ ਹੈ। ਕੁਦਰਤੀ ਬਿੰਬਾਂ, ਦ੍ਰਿਸ਼ਟਾਂਤਾਂ ਨਾਲ ਭਰੀ ਕਵਿਤਾ ਖਲਾਅ ਤੇ ਸਮੇਂ ਤੋਂ ਪਾਰ ਜਾਣ ਦੀ ਬਾਤ ਪਾਉਂਦੀ ਹੈ। ਹਾਲੇ ਬਹੁਤ ਕੁਝ ਕਰਨ ਦੇ ਇਕਰਾਰ ਨਾਲ ਇਹ ਕਿਤਾਬ 'ਚੰਨਣਗੀਰ੍ਹੀ' ਮੁਕੰਮਲ ਹੁੰਦੀ ਹੈ।

ਕਿਤਾਬ ਦੀਆਂ ਸਮੁੱਚੀਆਂ ਕਵਿਤਾਵਾਂ ਦੇ ਪਾਠ ਤੋਂ ਮਾਲੂਮ ਹੁੰਦਾ ਹੈ ਕਿ ਕਵੀ ਮੁਹੱਬਤ ਦੇ ਘਣੇ ਬੱਦਲਾਂ ਵਿੱਚ ਬਣਦੀਆਂ ਮਿਟਦੀਆਂ ਮੂਰਤਾਂ ਦੇ ਸਨਮੁਖ ਰਹਿੰਦਾ ਹੈ। ਇਸ ਦੇ ਨਾਲ ਨਾਲ ਸਾਡੀ ਸਮਾਜਿਕ ਤਰਜ਼ੇ-ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਨੂੰ ਕਿਰਤ ਨੇ ਜਦੀਦ ਤੇ ਜੀਵੰਤ ਕਾਵਿ-ਭਾਸ਼ਾ ਰਾਹੀਂ ਸੰਜੋਇਆ ਹੈ। ਉਮੀਦ ਹੈ ਕਿ ਅਗਲੇਰੀਆਂ ਰਚਨਾਵਾਂ ਵਿੱਚ ਉਹ ਹੋਰ ਮਾਰਮਿਕ ਤੇ ਪਰਪੱਕ ਕਵਿਤਾਵਾਂ ਦੀ ਸਿਰਜਣਾ ਕਰੇਗਾ।

# ਆਲਮੀ ਹਾਕੀ ਚੈਂਪੀਅਨ ਕਪਤਾਨ ਅਜੀਤ ਪਾਲ ਸਿੰਘ

ਖਿਡਾਰੀ ਪੰਜ-ਆਬ ਦੇ (31)

ਨਵਦੀਪ ਸਿੰਘ ਗਿੱਲ
ਫੋਨ: +91-9780036216



*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਹਾਕੀ ਦੇ ਆਲਮੀ ਚੈਂਪੀਅਨ ਕਪਤਾਨ ਅਜੀਤ ਪਾਲ ਸਿੰਘ ਬਾਰੇ ਸੰਖੇਪ ਵੇਰਵਾ ਹੈ। ਅਜੀਤ ਪਾਲ ਸਿੰਘ ਨੂੰ ਆਪਣੀ ਖੇਡ ਕਾਬਲੀਅਤ ਸਦਕਾ ਭਾਰਤੀ ਹਾਕੀ ਦਾ ਧੁਰਾ ਆਖਿਆ ਜਾਂਦਾ ਸੀ, ਜਿਸ ਦੇ ਦੁਆਲੇ ਪੂਰੀ ਟੀਮ ਘੁੰਮਦੀ ਸੀ। ਅਜੀਤ ਪਾਲ ਸਿੰਘ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ 1970 ਵਿੱਚ ਅਰਜੁਨਾ ਐਵਾਰਡ ਅਤੇ 1992 ਵਿੱਚ ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਿਆ। ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ।*

ਭਾਰਤੀ ਹਾਕੀ ਵਿੱਚ ਓਲੰਪਿਕ ਖੇਡਾਂ ਦੀਆਂ ਪ੍ਰਾਪਤੀਆਂ ਦੇ ਮਾਮਲੇ ਵਿੱਚ ਜੋ ਮਾਣ ਧਿਆਨ ਚੰਦ, ਬਲਬੀਰ ਸਿੰਘ ਸੀਨੀਅਰ, ਊਧਮ ਸਿੰਘ, ਚਰਨਜੀਤ ਸਿੰਘ ਤੇ ਪ੍ਰਿਥੀਪਾਲ ਸਿੰਘ ਨੂੰ ਮਿਲਿਆ ਹੈ, ਵਿਸ਼ਵ ਕੱਪ ਮੁਕਾਬਲੇ ਵਿੱਚ ਇਹੋ ਮਾਣ ਅਜੀਤ ਪਾਲ ਸਿੰਘ ਨੂੰ ਮਿਲਿਆ ਹੈ। ਹਾਕੀ ਵਿੱਚ ਭਾਰਤ ਨੇ ਸਿਰਫ ਇੱਕੋ ਵਾਰ 1975 ਵਿੱਚ ਵਿਸ਼ਵ ਕੱਪ ਜਿੱਤਿਆ ਸੀ, ਜੋ ਕਿ ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ ਕੁਆਲਾ ਲੰਪੁਰ ਵਿਖੇ ਜਿੱਤਿਆ ਸੀ। ਭਾਰਤ ਨੇ ਤਿੰਨ ਵਾਰ ਵਿਸ਼ਵ ਕੱਪ ਵਿੱਚ ਤਮਗ਼ੇ ਜਿੱਤੇ ਹਨ- 1975 ਵਿੱਚ ਸੋਨੇ ਦਾ, 1973 ਵਿੱਚ ਚਾਂਦੀ ਅਤੇ 1971 ਵਿੱਚ ਕਾਂਸੀ ਦਾ ਤਮਗ਼ਾ। ਅਜੀਤ ਪਾਲ ਸਿੰਘ ਉਨ੍ਹਾਂ ਚਾਰ ਖਿਡਾਰੀਆਂ ਵਿੱਚੋਂ ਇੱਕ ਹੈ, ਜਿਸ ਨੇ ਤਿੰਨੋਂ ਤਮਗ਼ੇ ਜਿੱਤੇ ਹਨ। ਪੰਜਾਬ ਦਾ ਹੀ ਬ੍ਰਿਗੇਡੀਅਰ ਹਰਚਰਨ ਸਿੰਘ ਵੀ ਉਨ੍ਹਾਂ ਵਿੱਚੋਂ ਇੱਕ ਹੈ।

ਅਜੀਤ ਪਾਲ ਸਿੰਘ ਨੂੰ 1976 ਦੀਆਂ ਮਾਂਟਰੀਅਲ ਓਲੰਪਿਕ ਖੇਡਾਂ ਵਿੱਚ ਭਾਰਤ ਦੀ ਕਪਤਾਨੀ ਕਰਨ ਦਾ ਵੀ ਮਾਣ ਮਿਲਿਆ, ਜਦੋਂ ਪਹਿਲੀ ਵਾਰ ਹਾਕੀ ਮੁਕਾਬਲੇ ਘਾਹ ਵਾਲੇ ਮੈਦਾਨ ਦੀ ਬਜਾਏ ਐਸਟੋਟਰਫ ਉਪਰ ਕਰਵਾਏ ਗਏ। ਅਜੀਤ ਪਾਲ ਸਿੰਘ ਨੇ ਤਿੰਨ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਦੋ ਵਾਰ ਮੈਕਸੀਕੋ 1968 ਅਤੇ ਮਿਊਨਿਖ 1972 ਵਿੱਚ ਕਾਂਸੀ ਦੇ ਤਮਗ਼ੇ ਵੀ ਜਿੱਤੇ। ਅਜੀਤ ਪਾਲ ਸਿੰਘ ਭਾਰਤ ਦੇ ਉਨ੍ਹਾਂ ਗਿਣੇ-ਚੁਣੇ ਖਿਡਾਰੀਆਂ ਵਿੱਚੋਂ ਇੱਕ ਹੈ, ਜਿਸ ਨੂੰ ਏਸ਼ੀਅਨ ਆਲ ਸਟਾਰ ਟੀਮ ਦੀ ਕਪਤਾਨੀ ਕਰਨ ਦਾ ਵੀ ਮਾਣ ਹਾਸਲ ਹੋਇਆ। ਅਜੀਤ ਪਾਲ ਸਿੰਘ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ ਪਦਮਸ਼੍ਰੀ ਤੇ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ। 2012 ਦੀਆਂ ਲੰਡਨ ਓਲੰਪਿਕ ਖੇਡਾਂ ਵਿੱਚ ਅਜੀਤ ਪਾਲ ਸਿੰਘ ਭਾਰਤੀ ਖੇਡ ਦਲ ਦੇ ਮੁਖੀ ਸਨ।

ਧਿਆਨ ਚੰਦ ਤੇ ਬਲਬੀਰ ਸਿੰਘ ਸੀਨੀਅਰ ਦਾ ਨਾਮ ਦੁਨੀਆਂ ਦੇ ਚੋਟੀ ਦੇ ਸੈਂਟਰ ਫਾਰਵਰਡਾਂ ਅਤੇ ਪ੍ਰਿਥੀਪਾਲ ਸਿੰਘ ਤੇ ਸੁਰਜੀਤ ਸਿੰਘ ਦਾ ਨਾਮ ਚੋਟੀ ਦੇ ਡਿਫੈਂਡਰਾਂ ਵਿੱਚ ਆਉਂਦਾ ਹੈ। ਹਾਕੀ ਖੇਡ ਵਿੱਚ ਸਭ ਤੋਂ ਅਹਿਮ ਮੰਨੀ ਜਾਂਦੀ ਸਾਈਡ ਸੈਂਟਰ ਹਾਫ਼ ਦੀ ਪੁਜੀਸ਼ਨ ਉਤੇ ਅਜੀਤ ਖੇਡ ਪ੍ਰੇਮੀਆਂ ਦੇ ਦਿਲ ਜਿੱਤੇ ਹਨ। ਅਜੀਤ ਪਾਲ ਸਿੰਘ ਤੋਂ ਪਹਿਲਾਂ ਸੰਸਾਰਪੁਰੀਆ ਨੇ ਓਲੰਪਿਕ ਖੇਡਾਂ ਵਿੱਚ ਝੰਡੇ ਗੱਡੇ ਸਨ ਅਤੇ ਇਸ ਸੰਸਾਰਪੁਰੀਏ ਨੇ ਸੰਸਾਰ ਕੱਪ ਵਿੱਚ ਧੁੰਮਾਂ ਪਾਈਆਂ।

ਅਜੀਤ ਪਾਲ ਸਿੰਘ ਨੇ ਸੱਤ-ਅੱਠ ਵਰ੍ਹਿਆਂ ਦੀ ਬਾਲਤੀ ਉਮਰੇ ਆਪਣੇ ਚਾਚਾ ਨੂੰ ਦੇਖ ਕੇ ਹਾਕੀ ਖੇਡਣੀ ਸ਼ੁਰੂ ਕਰ ਦਿੱਤੀ ਸੀ। ਸੰਸਾਰਪੁਰ ਦੇ ਹਾਕੀ ਮੈਦਾਨ ਵਿੱਚ ਨਿੱਕੇ ਅਜੀਤ ਪਾਲ ਨੂੰ ਹਾਕੀ ਦੇ ਵੱਡੇ ਗੁਰ ਸਿੱਖਣ ਨੂੰ ਮਿਲੇ। ਕੈਂਟ ਬੋਰਡ ਸਕੂਲ ਵਿੱਚ ਪੜ੍ਹਦਿਆਂ ਅਜੀਤ ਪਾਲ ਸਿੰਘ ਨੂੰ ਹਾਕੀ ਵਿੱਚ ਹੋਰ ਵੀ ਮੁਹਾਰਤ ਹਾਸਲ ਹੋਈ। 1963 ਵਿੱਚ 16 ਵਰ੍ਹਿਆਂ ਦੇ ਅਜੀਤ ਪਾਲ ਸਿੰਘ ਨੇ ਕੌਮੀ ਸਕੂਲ ਖੇਡਾਂ ਵਿੱਚ ਪੰਜਾਬ ਸਕੂਲਾਂ ਦੀ ਟੀਮ ਵੱਲੋਂ ਹਿੱਸਾ ਲਿਆ। ਸ਼ੁਰੂਆਤੀ ਦਿਨਾਂ ਵਿੱਚ ਉਹ ਫੁੱਲਬੈਕ ਦੀ ਪੁਜੀਸ਼ਨ ਉਤੇ ਖੇਡਦਾ ਸੀ।



1964 ਵਿੱਚ ਖੇਡਾਂ ਦੇ ਮੱਕੇ ਵਜੋਂ ਜਾਣੇ ਜਾਂਦੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਦਾਖਲਾ ਲੈਂਦਿਆਂ ਅਜੀਤ ਪਾਲ ਸਿੰਘ ਨੂੰ ਉਸ ਦੇ ਕੋਚ ਨੇ ਸਲਾਹ ਦਿੱਤੀ ਕਿ ਜੇਕਰ ਉਹ ਭਾਰਤੀ ਟੀਮ ਲਈ ਜਲਦੀ ਖੇਡਣਾ ਚਾਹੁੰਦਾ ਹੈ ਤਾਂ ਡਿਫੈਂਡਰ ਦੀ ਬਜਾਏ ਸੈਂਟਰ ਹਾਫ਼ ਦੀ ਭੂਮਿਕਾ ਉਪਰ ਖੇਡਿਆ ਕਰੇ। ਕਿਉਂਕਿ ਉਸ ਵੇਲੇ ਭਾਰਤੀ ਹਾਕੀ ਵਿੱਚ ਪ੍ਰਿਥੀਪਾਲ ਸਿੰਘ ਸਣੇ ਕਈ ਵੱਡੇ ਡਿਫੈਂਡਰ ਸਨ ਅਤੇ ਸੈਂਟਰ ਹਾਫ਼ ਪੁਜੀਸ਼ਨ ਲਈ ਚੰਗੇ ਖਿਡਾਰੀ ਦੀ ਭਾਲ ਸੀ। ਅਜੀਤ ਪਾਲ ਸਿੰਘ ਨੇ ਆਪਣੀ ਕਪਤਾਨੀ ਹੇਠ ਲਾਇਲਪੁਰ ਖਾਲਸਾ ਕਾਲਜ ਨੂੰ ਤਿੰਨ ਵਾਰ ਪੰਜਾਬ ਯੂਨੀਵਰਸਿਟੀ ਦਾ ਚੈਂਪੀਅਨ ਬਣਾਇਆ। ਉਸ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਹੀਂ ਬਣੀ ਸੀ ਅਤੇ ਸਾਂਝਾ ਪੰਜਾਬ ਹੋਣ ਕਰਕੇ ਪੰਜਾਬ ਯੂਨੀਵਰਸਿਟੀ ਹੋਈਆਂ ਓਲੰਪਿਕ ਖੇਡਾਂ ਵਿੱਚ ਸੱਤ ਸੰਸਾਰਪੁਰੀਆ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਚਾਰ ਹਾਕੀ ਖਿਡਾਰੀਆਂ ਨੇ ਭਾਰਤ ਵੱਲੋਂ ਅਤੇ ਚਾਰ ਹਾਕੀ ਖਿਡਾਰੀਆਂ ਨੇ ਕੀਨੀਆ ਵੱਲੋਂ ਹਿੱਸਾ ਲਿਆ। ਸੱਤੇ ਹਾਕੀ ਖਿਡਾਰੀ ਸੰਸਾਰਪੁਰ ਦੀ ਇੱਕੋ ਗਲੀ ਦੇ ਕੁਲਾਰ ਪਰਿਵਾਰਾਂ ਵਿੱਚ ਜਨਮੇ ਸਨ। ਮੈਕਸੀਕੋ ਵਿਖੇ ਭਾਰਤ ਨੇ ਆਪਣੇ ਗਰੁੱਪ ਵਿੱਚ ਸੱਤ ਵਿੱਚੋਂ ਛੇ ਮੈਚ ਜਿੱਤ ਕੇ ਸਿਖਰਲਾ ਸਥਾਨ ਹਾਸਲ ਕੀਤਾ। ਸੈਮੀ ਫ਼ਾਈਨਲ ਵਿੱਚ ਆਸਟਰੇਲੀਆ ਹੱਥੋਂ ਵਾਧੂ ਸਮੇਂ ਵਿੱਚ 1-2 ਨਾਲ ਹਾਰਨ ਤੋਂ ਬਾਅਦ ਤੀਜੇ ਸਥਾਨ ਵਾਲੇ ਮੈਚ ਵਿੱਚ ਪੱਛਮੀ ਜਰਮਨੀ ਨੂੰ 2-1 ਨਾਲ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਅਜੀਤ ਪਾਲ ਸਿੰਘ ਦੀ ਖੇਡ ਬਹੁਤ ਸਲਾਹੀ ਗਈ। ਸੰਸਾਰਪੁਰ ਦੇ ਚਾਰ ਖਿਡਾਰੀਆਂ- ਅਜੀਤ ਪਾਲ ਸਿੰਘ, ਬਲਬੀਰ ਸਿੰਘ ਫੌਜੀ, ਤਰਸੇਮ ਸਿੰਘ ਤੇ ਜਗਜੀਤ ਸਿੰਘ ਨੇ ਕਾਂਸੀ ਦੇ ਤਮਗ਼ੇ ਜਿੱਤੇ।


ਅਜੀਤ ਪਾਲ ਸਿੰਘ ਨੇ 1970 ਵਿੱਚ ਬੈਂਕਾਕ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲਿਆ, ਜਿੱਥੇ ਭਾਰਤੀ ਟੀਮ ਨੇ ਚਾਂਦੀ ਦਾ ਤਮਗ਼ਾ ਜਿੱਤਿਆ। 1971 ਵਿੱਚ ਬਾਰਸੀਲੋਨਾ ਵਿਖੇ ਪਹਿਲੀ ਵਾਰ ਵਿਸ਼ਵ ਕੱਪ ਖੇਡਿਆ ਗਿਆ। ਭਾਰਤੀ ਟੀਮ ਪੂਲ ਵਿੱਚ ਸਿਖਰ ਉਤੇ ਰਹੀ, ਪਰ ਸੈਮੀ ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ 1-2 ਨਾਲ ਹਾਰ ਕੇ ਫ਼ਾਈਨਲ ਦੀ ਦੌੜ ਵਿੱਚੋਂ ਬਾਹਰ ਹੋ ਗਈ। ਤੀਜੇ ਸਥਾਨ ਲਈ ਹੋਏ ਮੈਚ ਵਿੱਚ ਭਾਰਤ ਨੇ ਕੀਨੀਆ ਨੂੰ ਵਾਧੂ ਸਮੇਂ ਵਿੱਚ 2-1 ਨਾਲ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਅਜੀਤ ਪਾਲ ਸਿੰਘ ਇਸ ਟੀਮ ਦਾ ਹਿੱਸਾ ਸੀ, ਜਿਸ ਨੇ ਕਾਂਸੀ ਦਾ ਤਮਗ਼ਾ ਜਿੱਤਿਆ।

1972 ਵਿੱਚ ਮਿਊਨਿਖ ਵਿਖੇ ਹਰਮੀਕ ਸਿੰਘ ਦੀ ਬਰਾਬਰੀ ਕਰ ਲਈ ਅਤੇ ਅੰਤ ਪੈਨਲਟੀ ਸਟਰੋਕਾਂ ਵਿੱਚ ਭਾਰਤੀ ਟੀਮ ਨੂੰ 2-4 ਨਾਲ ਹਾਰ ਕੇ ਚਾਂਦੀ ਦੇ ਤਮਗ਼ੇ ਉਤੇ ਸਬਰ ਕਰਨਾ ਪਿਆ।

ਅਜੀਤ ਪਾਲ ਸਿੰਘ ਨੂੰ 1971 ਵਿੱਚ ਸਿੰਗਾਪੁਰ ਵਿਖੇ ਹੋਏ ਇੱਕ ਕੌਮਾਂਤਰੀ ਟੂਰਨਾਮੈਂਟ ਵਿੱਚ ਪਹਿਲੀ ਵਾਰ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮੌਕਾ ਮਿਲਿਆ ਸੀ। ਫੇਰ ਬਤੌਰ ਖਿਡਾਰੀ ਉਸ ਨੇ ਹਰ ਟੂਰਨਾਮੈਂਟ ਚੰਗੀ ਖੇਡ ਦਿਖਾਈ, ਜਿਸ ਕਰਕੇ 1974 ਵਿੱਚ ਤਹਿਰਾਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਉਸ ਨੂੰ ਭਾਰਤੀ ਟੀਮ ਦੀ ਪੱਕੀ ਕਪਤਾਨੀ ਮਿਲੀ। ਲੀਗ ਮੈਚਾਂ ਵਿੱਚ ਪਾਕਿਸਤਾਨ ਨਾਲ 1-1 ਦੀ ਬਰਾਬਰੀ ਵਾਲੇ ਮੈਚ ਵਿੱਚ ਸੈਂਟਰ ਹਾਫ਼ ਦੀ ਪੁਜੀਸ਼ਨ ਉਤੇ ਖੇਡਦੇ ਕਪਤਾਨ ਅਜੀਤ ਪਾਲ ਸਿੰਘ ਨੇ ਅੱਗੇ ਵਧ ਕੇ ਇੱਕ ਅਹਿਮ ਗੋਲ ਵੀ ਕੀਤਾ। ਫੇਰ ਫ਼ਾਈਨਲ ਵਿੱਚ ਪਾਕਿਸਤਾਨ ਨਾਲ ਮੁਕਾਬਲਾ ਸੀ, ਜਿੱਥੇ ਮਨਜ਼ੂਰ ਸੀਨੀਅਰ ਤੇ ਮੁਨੱਵਰ ਦੇ ਗੋਲਾਂ ਕਾਰਨ ਭਾਰਤ ਨੂੰ 0-2 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਭਾਰਤ ਨੇ ਚਾਂਦੀ ਦਾ ਕੱਪ ਜਿੱਤਿਆ। ਏਸ਼ਿਆਈ ਖੇਡਾਂ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੇ ਖਿਡਾਰੀਆਂ ਨੂੰ ਮਿਲਾ ਕੇ ਏਸ਼ੀਅਨ ਆਲ ਸਟਾਰ ਟੀਮ ਬਣਾਈ, ਜਿਸ ਦੀ ਕਪਤਾਨੀ ਕਰਨ ਦਾ ਮਾਣ ਵੀ ਅਜੀਤ ਪਾਲ ਸਿੰਘ ਨੂੰ ਮਿਲਿਆ। ਇਸ ਟੀਮ ਨੇ ਪਹਿਲਾਂ ਬਰੱਸਲਜ਼ ਵਿਖੇ ਯੂਰਪੀਅਨ ਆਲ ਸਟਾਰ ਟੀਮ ਨਾਲ ਮੈਚ ਖੇਡਿਆ ਅਤੇ ਫੇਰ ਭਾਰਤ ਵਿੱਚ ਭਾਰਤੀ ਹਾਕੀ ਟੀਮ ਤੇ ਪਾਕਿਸਤਾਨ ਵਿੱਚ ਪਾਕਿਸਤਾਨੀ ਹਾਕੀ ਟੀਮ ਵਿਰੁੱਧ ਮੈਚ ਖੇਡਿਆ।

1975 ਵਿੱਚ ਮਲੇਸ਼ੀਆ ਦੀ ਰਾਜਧਾਨੀ ਵਿਖੇ ਖੇਡੇ ਗਏ ਹਾਕੀ ਵਿਸ਼ਵ ਕੱਪ ਵਿੱਚ ਭਾਰਤੀ ਟੀਮ ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ ਖੇਡਣ ਪੁੱਜੀ। ਟੀਮ ਦੇ ਮੈਨੇਜਰ ਬਲਬੀਰ ਸਿੰਘ ਸੀਨੀਅਰ ਅਤੇ ਕੋਚ ਜੀ.ਐਸ. ਬੋਧੀ ਸਨ। ਟੀਮ ਦਾ ਕਪਤਾਨ ਪੰਜਾਬ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਲਗਾਇਆ ਗਿਆ। ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ ਭਾਰਤੀ ਹਾਕੀ ਟੀਮ ਕੁਆਲਾ ਲੰਪੁਰ ਵਿਖੇ ਪੂਰੇ ਜਲੌਅ ਵਿੱਚ ਹਾਕੀ ਫੀਲਡ ਵਿੱਚ ਉਤਰੀ। ਭਾਰਤ ਪੂਲ ਬੀ ਵਿੱਚ ਚੋਟੀ ਉਤੇ ਰਿਹਾ। ਸੈਮੀ ਫ਼ਾਈਨਲ ਮੁਕਾਬਲਾ ਮੇਜ਼ਬਾਨ ਮਲੇਸ਼ੀਆ ਨਾਲ ਸੀ। ਅਸਲਮ ਸ਼ੇਰ







■ ਖੇਡ ਮੈਦਾਨ ਵਿੱਚ ਜੂਝਦਾ ਹੋਇਆ ਅਜੀਤ ਪਾਲ ਸਿੰਘ ਅਤੇ ਸੱਜੇ ਦੋਵੇਂ ਤਸਵੀਰਾਂ ਵਿੱਚ ਜੇਤੂ ਟਰਾਫੀਆਂ ਨਾਲ ਖੁਸ਼ੀ ਦੇ ਰਉਂ 'ਚ

ਪਾਲ ਸਿੰਘ ਦਾ ਨਾਮ ਨਾ ਸਿਰਫ ਭਾਰਤ ਬਲਕਿ ਦੁਨੀਆਂ ਦੇ ਸਿਖਰਲੇ ਖਿਡਾਰੀਆਂ ਵਿੱਚ ਆਉਂਦਾ ਹੈ। ਅਜੀਤ ਪਾਲ ਸਿੰਘ ਨੂੰ ਆਪਣੀ ਖੇਡ ਕਾਬਲੀਅਤ ਸਦਕਾ ਭਾਰਤੀ ਹਾਕੀ ਦਾ ਧੁਰਾ ਆਖਿਆ ਜਾਂਦਾ ਸੀ, ਜਿਸ ਦੇ ਦੁਆਲੇ ਪੂਰੀ ਟੀਮ ਘੁੰਮਦੀ ਸੀ। ਅਜੀਤ ਪਾਲ ਸਿੰਘ ਨੇ ਬੀ.ਐਸ.ਐਫ਼. ਵਿੱਚੋਂ ਬਤੌਰ ਅਸਿਸਟੈਂਟ ਕਮਾਂਡੈਂਟ ਰਿਟਾਇਰਮੈਂਟ ਲੈਣ ਤੋਂ ਬਾਅਦ ਨਵੀਂ ਦਿੱਲੀ ਵਿਖੇ ਆਪਣਾ ਪੈਟਰੋਲ ਪੰਪ ਖੋਲ੍ਹਿਆ, ਜਿਸ ਦਾ ਨਾਂ ਵੀ ਉਸ ਨੇ 'ਸੈਂਟਰ ਹਾਫ਼' ਰੱਖਿਆ।

ਅਜੀਤ ਪਾਲ ਸਿੰਘ ਦਾ ਜਨਮ ਜਲੰਧਰ ਛਾਉਣੀ ਦੀ ਬੁੱਕਲ ਵਿੱਚ ਵਸੇ ਹਾਕੀ ਦੇ ਮੱਕੇ ਪਿੰਡ ਸੰਸਾਰਪੁਰ ਵਿੱਚ ਪਹਿਲੀ ਅਪਰੈਲ 1947 ਨੂੰ ਹੋਇਆ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਉਹ ਸਾਢੇ ਚਾਰ ਮਹੀਨਿਆਂ ਦਾ ਸੀ। ਸੰਸਾਰਪੁਰ ਪਿੰਡ ਨੇ ਵਿਸ਼ਵ ਹਾਕੀ ਨੂੰ 14 ਓਲੰਪੀਅਨਾਂ ਸਮੇਤ ਸੈਂਕੜੇ ਖਿਡਾਰੀ ਦਿੱਤੇ ਹਨ। ਕੁਲਾਰ ਪਰਿਵਾਰ ਦੇ ਜੰਮਪਲ ਅਜੀਤ ਪਾਲ ਸਿੰਘ ਦੀ ਗਿਣਤੀ ਭਾਰਤੀ ਖੇਡ ਜਗਤ ਵਿੱਚ ਨਫੀਸ ਖਿਡਾਰੀਆਂ ਵਿੱਚ ਕੀਤੀ ਜਾਂਦੀ ਹੈ, ਜਿਸ ਨੇ ਆਪਣੀ ਖੇਡ ਦੇ ਨਾਲ ਆਪਣੇ ਸਾਊ ਤੇ ਸਲੀਕੇ ਵਾਲੇ ਸੁਭਾਅ ਨਾਲ ਵੀ ਦਾ ਦਾਇਰਾ ਬਹੁਤ ਵੱਡਾ ਸੀ।

1966 ਵਿੱਚ ਅਜੀਤ ਪਾਲ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਕਪਤਾਨੀ ਕੀਤੀ। ਅਜੀਤ ਪਾਲ ਸਿੰਘ 1966 ਵਿੱਚ ਜਪਾਨ ਦੌਰੇ ਉਤੇ ਜਾਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ ਅਤੇ 1967 ਵਿੱਚ ਲੰਡਨ ਵਿਖੇ ਹੋਈਆਂ ਪ੍ਰੀ ਓਲੰਪਿਕ ਖੇਡਾਂ ਲਈ ਭਾਰਤੀ ਟੀਮ ਵਿੱਚ ਚੁਣਿਆ ਗਿਆ। 1968 ਵਿੱਚ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਮਿਲਾ ਕੇ ਬਣਾਈ ਜਾਂਦੀ ਕੰਬਾਈਂਡ ਯੂਨੀਵਰਸਿਟੀ ਟੀਮ ਦਾ ਕਪਤਾਨ ਥਾਪਿਆ ਗਿਆ। ਉਸ ਵੇਲੇ ਕੰਬਾਈਂਡ ਯੂਨੀਵਰਸਿਟੀ ਟੀਮ ਵਿੱਚ ਚੁਣੇ ਜਾਣਾ ਭਾਰਤੀ ਹਾਕੀ ਟੀਮ ਵਿੱਚ ਚੁਣੇ ਜਾਣ ਦੇ ਬਰਾਬਰ ਸੀ। ਇਸੇ ਲਈ ਅਜੀਤ ਪਾਲ ਸਿੰਘ ਨੂੰ ਕੰਬਾਈਂਡ ਯੂਨੀਵਰਸਿਟੀ ਦੀ ਕਪਤਾਨੀ ਕਰਨ ਤੋਂ ਪਹਿਲਾਂ ਭਾਰਤੀ ਟੀਮ ਵਿੱਚ ਚੁਣਿਆ ਗਿਆ ਸੀ।

1968 ਵਿੱਚ 21 ਵਰ੍ਹਿਆਂ ਦੀ ਉਮਰੇ ਅਜੀਤ ਪਾਲ ਸਿੰਘ ਨੂੰ ਖੇਡਾਂ ਦੇ ਸਭ ਤੋਂ ਵੱਡੇ ਮੰਚ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ ਸੀ। ਮੈਕਸੀਕੋ ਵਿਖੇ ਕਪਤਾਨੀ ਹੇਠ ਭਾਰਤ ਨੇ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਅਤੇ ਅਜੀਤ ਪਾਲ ਸਿੰਘ ਦੀ ਇਹ ਦੂਜੀ ਓਲੰਪਿਕਸ ਸੀ। ਮਿਊਨਿਖ ਵਿਖੇ ਗਰੁੱਪ ਬੀ ਵਿੱਚ ਭਾਰਤ ਟੀਮ ਚੋਟੀ ਉਤੇ ਰਹੀ। ਸੈਮੀ ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ 0-2 ਦੀ ਹਾਰ ਤੋਂ ਬਾਅਦ ਭਾਰਤ ਨੇ ਹਾਲੈਂਡ ਨੂੰ 2-1 ਨਾਲ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਅਜੀਤ ਪਾਲ ਸਿੰਘ ਦਾ ਇਹ ਦੂਜਾ ਓਲੰਪਿਕਸ ਤਮਗ਼ਾ ਸੀ।

1973 ਵਿੱਚ ਹਾਲੈਂਡ ਦੇ ਸ਼ਹਿਰ ਐਮਸਟਲਵੀਨ ਵਿਖੇ ਦੂਜਾ ਵਿਸ਼ਵ ਕੱਪ ਖੇਡਿਆ ਗਿਆ, ਜਿਸ ਵਿੱਚ ਅਜੀਤ ਪਾਲ ਸਿੰਘ ਦੂਜੀ ਵਾਰ ਵਿਸ਼ਵ ਕੱਪ ਖੇਡ ਰਿਹਾ ਸੀ। ਪਿਛਲੇ ਵਿਸ਼ਵ ਕੱਪ ਅਤੇ ਓਲੰਪਿਕ ਖੇਡਾਂ ਵਿੱਚ ਪਾਕਿਸਤਾਨ ਹੱਥੋਂ ਹਾਰਨ ਤੋਂ ਬਾਅਦ ਭਾਰਤੀ ਟੀਮ ਨੇ ਹਾਲੈਂਡ ਵਿਖੇ ਪਾਕਿਸਤਾਨ ਨੂੰ ਸੈਮੀ ਫ਼ਾਈਨਲ ਵਿੱਚ 1-0 ਨਾਲ ਹਰਾ ਕੇ ਪਹਿਲੀ ਵਾਰ ਵਿਸ਼ਵ ਕੱਪ ਦੇ ਫ਼ਾਈਨਲ ਵਿੱਚ ਦਾਖਲਾ ਪਾਇਆ। ਫ਼ਾਈਨਲ ਵਿੱਚ ਮੇਜ਼ਬਾਨ ਹਾਲੈਂਡ ਖ਼ਿਲਾਫ਼ ਭਾਰਤ ਨੇ ਇੱਕ ਵਾਰ ਸੁਰਜੀਤ ਸਿੰਘ ਦੇ ਦੋ ਗੋਲਾਂ ਬਦੌਲਤ 2-0 ਦੀ ਲੀਡ ਲੈ ਲਈ ਸੀ, ਪਰ ਫੇਰ ਡੱਚ ਟੀਮ ਨੇ ਦੋ ਗੋਲ ਕਰਕੇ

ਖ਼ਾਨ ਦੇ ਕਰਾਮਾਤੀ ਗੋਲ ਸਦਕਾ ਭਾਰਤ ਨੇ ਨਿਰਧਾਰਤ ਸਮੇਂ ਵਿੱਚ ਸਕੋਰ 2-2 ਨਾਲ ਬਰਾਬਰ ਕੀਤਾ ਅਤੇ ਫੇਰ ਹਰਚਰਨ ਸਿੰਘ ਦੇ ਗੋਲਡਨ ਗੋਲ ਨਾਲ 3-2 ਨਾਲ ਜਿੱਤ ਹਾਸਲ ਕਰਕੇ ਲਗਾਤਾਰ ਦੂਜੀ ਵਾਰ ਵਿਸ਼ਵ ਕੱਪ ਦੇ ਫ਼ਾਈਨਲ ਵਿੱਚ ਦਾਖਲਾ ਪਾਇਆ। ਫ਼ਾਈਨਲ ਮੁਕਾਬਲਾ ਰਵਾਇਤੀ ਵਿਰੋਧੀ ਪਾਕਿਸਤਾਨ ਨਾਲ ਸੀ। ਫ਼ਾਈਨਲ ਮੁਕਾਬਲੇ ਵਿੱਚ ਪਾਕਿਸਤਾਨ ਨੇ ਜ਼ਾਹਿਦ ਦੇ ਗੋਲ ਨਾਲ ਜਲਦੀ ਲੀਡ ਲੈ ਲਈ, ਜਿਸ ਨੂੰ ਦੂਜੇ ਅੱਧ ਵਿੱਚ ਸੁਰਜੀਤ ਸਿੰਘ ਦੇ ਗੋਲ ਨਾਲ ਬਰਾਬਰ ਕੀਤਾ ਅਤੇ ਫੇਰ ਅਸ਼ੋਕ ਕੁਮਾਰ ਨੇ ਗੋਲ ਕੀਤਾ, ਜੋ ਕਿ ਫੈਸਲਾਕੁੰਨ ਸਾਬਤ ਹੋਇਆ। ਅਜੀਤ ਪਾਲ ਸਿੰਘ ਤੇ ਉਸ ਦੇ ਸਾਥੀ ਪੂਰੇ ਮੁਲਕ ਵਿੱਚ ਛਾ ਗਏ। ਟੀਮ ਦਾ ਸ਼ਾਹਾਨਾ ਸਵਾਗਤ ਹੋਇਆ। ਅਜੀਤ ਪਾਲ ਸਿੰਘ ਤੇ ਉਸ ਦੇ ਸਾਥੀ ਖਿਡਾਰੀਆਂ ਨੂੰ ਜਗ੍ਹਾ ਜਗ੍ਹਾ ਕਾਰਾਂ ਉਪਰ ਬਿਠਾ ਕੇ ਜੇਤੂ ਮਾਰਚ ਕੱਢੇ ਗਏ। ਲੁਧਿਆਣੇ ਵਿਖੇ ਉਸ ਸਮੇਂ ਬਣੇ ਨਵੇਂ ਜਗਰਾਓਂ ਪੁਲ ਉਪਰੋਂ ਇਨ੍ਹਾਂ ਖਿਡਾਰੀਆਂ ਦੀ ਕਾਰ ਨੂੰ ਲੰਘਾ ਕੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

**ਪਿੰਡ ਵਸਿਆ (17)**

**ਵਿਜੈ ਬੰਬੇਲੀ**
ਫੋਨ: +91-9463439075



# ਵਜ਼ੀਦ ਖਾਨ ਨੇ ਗੱਡੀ ਸੀ ਗ਼ਦਰੀ ਰਹਿਮਤ ਅਲੀ ਦੇ ਪਿੰਡ ਵਜੀਦਕੇ ਦੀ ਮੌੜ੍ਹੀ

***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡ ਵਜੀਦਕੇ ਦੀ ਮੌੜ੍ਹੀ ਗੱਡੇ ਜਾਣ ਦਾ ਸੰਖੇਪ ਵੇਰਵਾ...***

ਸਥਿਤੀਆਂ-ਪ੍ਰਸਥਿਤੀਆਂ ਵੱਸ, ਧੜਵੈਲ ਰਾਜਪੂਤ ਤੋਂ ਮੁਸਲਿਮ ਹੋਏ ਵਜੀਦ ਖਾਨ ਨੇ 'ਆਪਣਿਆਂ' ਤੋਂ ਤੋੜ-ਵਿਛੋੜਾ ਕਰ ਜੰਮਣ-ਭੋਇੰ ਹਠੂਰ ਨੂੰ ਛੱਡ ਸੰਗਰੂਰ ਦੇ ਪਰਗਨੇ ਬਰਨਾਲਾ ਵਿੱਚ ਨਵਾਂ ਪਿੰਡ ਬੰਨ੍ਹਿਆ, ਜਿਸਦਾ ਨਾਂ ਵੀ ਉਸੇ ਦੇ ਨਾਂ 'ਤੇ 'ਵਜੀਦਕੇ' ਰੜ੍ਹ-ਪੱਕ ਗਿਆ। ਜ਼ਮੀਨ ਦੀ ਪੇਸ਼ਕਸ਼ ਦੇ ਬਾਵਜੂਦ ਵਜ਼ੀਦ ਖਾਨ ਨਾਲ ਉਸਦੇ ਕੁਨਬਾ-ਹਮਸਾਏ ਨਹੀਂ ਸੀ ਤੁਰੇ, ਪਰ ਅਲੀਪੁਰ (ਮਲੇਰਕੋਟਲਾ) ਤੋਂ ਇੱਕ ਵੱਡਾ 'ਸਮਰਾ ਜੱਟ' ਪਰਿਵਾਰ ਅਤੇ ਦੂਜਾ ਖੁੱਡੀ ਕਲਾਂ (ਸੰਗਰੂਰ) ਤੋਂ 'ਸਰਾਂ ਗੋਤਰੀ' ਟੱਬਰ ਉਸਦੀ ਅਰਜ਼ 'ਤੇ ਇੱਥੇ ਆ ਟਿਕਿਆ। ਵਗਲੀ ਜ਼ਮੀਨ ਦੇ ਦੋ ਹਿੱਸੇ ਕੀਤੇ ਗਏ। ਅੱਧ ਦੇ ਮਾਲਕ ਮੁਸਲਮਾਨ ਰਾਜਪੂਤ ਟਿੱਕੇ ਗਏ ਅਤੇ ਬਾਕੀ ਦੇ ਤਿੰਨ ਹਿੱਸੇ ਕਰਕੇ ਦੋ ਹਿੱਸੇ ਸਮਰਿਆਂ ਨੂੰ ਅਤੇ ਇੱਕ ਹਿੱਸਾ ਸਰਾਂਵਿਆਂ ਦੇ ਸਪੁਰਦ ਕਰ ਦਿੱਤਾ ਗਿਆ। ਸਮਾਂ ਬੀਤਿਆ, ਅੰਗਰੇਜ਼ੀ ਰਾਜ ਦੇ ਸਤਾਏ ਸੰਦੋੜ ਪਿੰਡ ਦੇ ਜੁਮਨ ਖਾਂ-ਦਸੌਂਦੀ ਖਾਂ ਦੇ ਟੱਬਰਾਂ ਨੇ ਰਾਏਕੋਟ ਦੇ ਹਾਕਮਾਂ ਦੀ ਰਜ਼ਾਮੰਦੀ ਨਾਲ ਇੱਥੇ ਆ ਆਸਰਾ ਲਿਆ। ਠੰਡ-ਮੱਠ ਉਪਰੰਤ ਰਾਏਕਿਆਂ ਦੇ ਹੁਕਮ ਨਾਲ ਜ਼ਮੀਨ ਦੀ ਮੁੜ ਵੰਡ ਕੀਤੀ ਗਈ। ਕੁੱਲ ਭੋਇੰ ਨੂੰ 100 ਹਲਾਂ ਦੀ ਤਕਸੀਮ ਮੰਨਦਿਆਂ 40 ਹਲਾਂ ਦਾ ਰਕਬਾ ਆਪਣੇ ਚਹੇਤਿਆਂ- ਜੁਮਨ ਅਤੇ ਦਸੌਂਦੀ ਦੇ ਟੱਬਰਾਂ ਨੂੰ ਦਿੱਤਾ ਗਿਆ; 30 ਹਲ ਦੀ ਜ਼ਮੀਨ ਵਜੀਦ ਖਾਨ ਦੇ ਕੁਨਬੇ ਨੂੰ ਅਤੇ ਕ੍ਰਮਵਾਰ 20 ਅਤੇ 10 ਹਲ ਦੀ ਖੇਤੀ ਸਮਰਿਆਂ ਅਤੇ ਸਰਾਂ ਨੂੰ ਦਿੱਤੀ ਗਈ। ਫੇਰ ਸਮਾਂ ਉਪਰੰਤ ਈਸਵੀ ਸੰਨ 1825, ਸੰਮਤ 1882 'ਚ ਹਟਵੇਂ ਰਕਬੇ 'ਚ ਜੈਮਲ ਸਮਰਾ ਤੇ ਵੀਰ ਸਿੰਘ ਦੇ ਉੱਦਮ ਨਾਲ ਵੱਖਰਾ ਪਿੰਡ ਵਜੀਦਕੇ ਖੁਰਦ ਆਬਾਦ ਕੀਤਾ ਗਿਆ ਅਤੇ ਹਿੱਸੇ ਮੁਜ਼ਬ 40 ਹਿੱਸੇ ਦੋਵੇਂ ਖੁਦ, 50 ਹਿੱਸੇ ਮੁਸਲਿਮ ਰਾਜਪੂਤ ਤੇ 10 ਹਿੱਸੇ ਸਰਾਂ ਨਿਯੁਕਤ ਹੋਏ।

ਹਾਂ, 1809 ਦੀ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸੰਧੀ ਉਪਰੰਤ ਭਾਵੇਂ ਸਤਲੁਜ ਪਾਰ ਦੇ ਇਲਾਕੇ 'ਗੋਰਾਸ਼ਾਹੀ ਅਧੀਨ' ਮੁਤਾਬਿਕ ਇਹ ਖਿੱਤਾ ਅੰਗਰੇਜ਼ਾਂ ਦੇ ਅਧੀਨ ਹੋਇਆ। ਇਸਤੋਂ ਪਹਿਲਾਂ 1806 'ਚ, ਜਦ ਮਹਾਰਾਜਾ ਦੀਆਂ ਕੁਮਕਾਂ ਇੱਧਰ ਆਈਆਂ ਸਨ, ਤਦ ਇਹ ਖੇਤਰ ਰਾਏਕਿਆਂ ਤੋਂ ਖੋਹ ਕੇ ਸ. ਸ਼ਾਮ ਸਿੰਘ ਦੇ ਸਪੁਰਦ ਕਰ ਦਿੱਤਾ ਗਿਆ ਸੀ, ਜਿਸ ਨਾਲ ਸਿੱਖ ਕੁਨਬਿਆਂ ਦੀ ਮੁਸਲਮਾਨਾਂ 'ਤੇ ਚੜ੍ਹਤ ਹੋ ਗਈ ਸੀ। ਸੰਮਤ 1911, ਈਸਵੀ 1854 ਵਿੱਚ ਇਸ ਇਲਾਕੇ ਦੀ ਮੁੜ ਸਫਬੰਦੀ ਉਪਰੰਤ ਇਹ ਖਿੱਤਾ ਰਿਆਸਤ ਪਟਿਆਲਾ ਨੇ 'ਮੱਲ' ਲਿਆ। ਭਾਵੇਂ ਮਾਰਚ 1956 ਦੇ ਪਰਵਾਨੇ ਅਨੁਸਾਰ ਇਹ ਪਿੰਡ ਵੀ ਸਾਲਮ ਤੌਰ 'ਤੇ ਪਟਿਆਲੇ ਦਾ ਮੰਨਿਆ ਗਿਆ ਸੀ, ਪ੍ਰੰਤੂ 'ਖਾਸ ਕਾਰਨਾਂ' ਤਹਿਤ 1900 ਦੇ ਬੰਦੋਬਸਤ ਸਮੇਂ ਇਹ ਖਿੱਤਾ ਭਦੌੜੀਏ ਸਰਦਾਰਾਂ, ਜਿਹੜੇ ਅੰਗਰੇਜ਼ਾਂ ਨਾਲ ਸੁਰ ਰੱਖਦੇ ਸਨ, ਹੇਠ ਕਰ ਦਿੱਤਾ ਗਿਆ। ਇਸ ਤੋਂ ਕਿਤੇ ਪਹਿਲਾਂ ਸੰਨ 1818 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਇੱਛਾ 'ਤੇ ਅੰਗਰੇਜ਼ਾਂ ਨੇ ਇਸ ਖੇਤਰ ਦੇ ਕੁੱਝ ਪਿੰਡ ਕਾਲਸਾਂ, ਧਨੇਰ, ਜਲਾਲਦੀਵਾਲ, ਮਹਿਲ ਕਲਾਂ ਸਮੇਤ ਦੋਵੇਂ ਵਜੀਦਕੇ ਭਦੌੜੀਏ ਸਰਦਾਰਾਂ ਤੋਂ ਲੈ ਕੇ ਮੁੜ ਕੁਨਬਾ ਸ਼ਾਮ ਸਿੰਘ ਦੇ ਸਪੁਰਦ ਕਰ ਦਿੱਤੇ ਗਏ ਸਨ। ਸਮਾਂ ਪਾ ਸ਼ਾਮ ਸਿੰਘ ਦੇ ਵਾਰਸ ਇਲਾਕੇ ਪ੍ਰਤੀ ਸੁਸਤ ਪੈ ਗਏ, ਜਿਹੜੇ ਘਰੇ ਬੈਠੇ ਹੀ ਜਿਣਸ-ਮਾਮਲਾ ਉਗਰਾਹ 'ਲੁਤਫ' ਮਾਨਣ ਲੱਗੇ। ਉਪਰੰਤ 1902 ਨੂੰ ਅੰਗਰੇਜ਼ ਅਹਿਲਕਾਰ ਮੁੜ ਕਾਬਜ਼ ਆ ਹੋਏ ਅਤੇ 1904 ਦੀ ਉਥਲ-ਪੁਥਲ ਸਮੇਂ ਰਿਆਸਤ ਪਟਿਆਲਾ ਦੀ ਸ਼ਹਿ 'ਤੇ ਭਦੌੜੀਏ ਮੁੜ ਮਾਲਕ ਬਣ ਬੈਠੇ ਅਤੇ ਇਹ ਪਿੰਡ ਪਟਿਆਲੀਆਂ ਤੇ ਭਦੌੜੀਆਂ ਵਿੱਚ 'ਨਿਸਫ ਅੱਧ' ਹੋ ਗਏ।

ਜੰਗ-ਏ-ਆਜ਼ਾਦੀ ਦਰਮਿਆਨ 1914 ਤੋਂ 1947 ਤੱਕ ਇਸ ਖੈੜੇ ਨੇ ਬੜੀ ਕੁਰਬਾਨੀ ਕੀਤੀ। ਵੱਡੀ ਕੁਰਬਾਨੀ ਗ਼ਦਰ ਪਾਰਟੀ ਦੇ ਆਹਲਾ ਕਾਰਕੁੰਨ ਰਹਿਮਤ ਅਲੀ ਵਜੀਦਕੇ ਦੀ ਸੀ, ਜਿਸਨੂੰ 'ਫੇਰੂ ਸ਼ਹਿਰ' ਦੇ ਸਾਕੇ ਦਾ ਕਲਗੀ ਸ਼ਹੀਦ ਮੰਨਿਆ ਜਾਂਦਾ ਹੈ। ਉਸਦੀ ਸ਼ਹੀਦੀ ਉਪਰੰਤ ਇਹ ਪਿੰਡ ਡਰਿਆ ਨਹੀਂ, ਹੋਰ ਸਰਗਰਮ ਹੋ ਗਿਆ। ਵਜੀਦਕਿਆਂ ਅਤੇ ਠੀਕਰੀਵਾਲ ਦੀ ਹੱਦ 'ਤੇ ਇੱਕ ਖੂਹੀ ਹੁੰਦੀ ਸੀ, ਜਿਸਦੀ ਤਿੰਨ ਕਿੱਲੇ ਦੀ ਮਾਲਕੀ ਸ. ਸੇਵਾ ਸਿੰਘ ਠੀਕਰੀਵਾਲ 'ਪਰਜਾਮੰਡਲੀਏ' ਦੀ ਹੁੰਦੀ ਸੀ, ਜਿਹੜੀ ਉਸ 'ਨੇਕ ਮਕਸਦਾਂ' ਤਹਿਤ ਇਸ ਖੂਹੇ ਨਾਂ ਲੁਆ ਦਿੱਤੀ। ਇਸ ਰਮਣੀਕ ਥਾਵੇਂ ਹਾਲ਼ੀ-ਪਾਲ਼ੀ, ਰਾਹੀਂ-ਮੁਸਾਫਰ ਆਰਾਮ ਫਰਮਾਉਂਦੇ, ਪਰ ਵੱਡਾ ਪੁੰਨ ਦੇਸ਼-ਭਗਤਾਂ ਵੱਲੋਂ ਇੱਥੇ ਲਈ ਜਾਂਦੀ ਠਾਹਰ ਅਤੇ ਗੁਫਤਗੂ ਦਾ ਸੀ। ਦੇਸ਼ ਭਗਤਾਂ ਵੱਲੋਂ ਇੱਥੇ ਕੀਤੀਆਂ ਜਾਂਦੀਆਂ ਰਹੀਆਂ 'ਗੁਫਤਗੂਆਂ' ਦਾ ਹਾਲ ਕਿਤੇ ਫੇਰ ਦੱਸਾਂਗੇ, ਪਰ ਬਕੌਲ ਇਤਿਹਾਸਕਾਰ ਜਰਨੈਲ ਸਿੰਘ ਅੱਚਰਵਾਲ, "ਅਫਸੋਸ! ਇਹ ਦੱਸਦਿਆਂ ਬੇਹੱਦ ਸ਼ਰਮ ਮਹਿਸੂਸ ਹੁੰਦੀ ਹੈ, ਕਿ ਇਸ ਦਾ ਸਿਰਲੇਖ ਜਿਸ ਗ਼ਦਰੀ ਸ਼ਹੀਦ ਦੇ ਨਾਂਅ ਰੱਖਿਆ ਗਿਆ ਹੈ, ਉਸਨੇ ਸਾਡਾ ਘਰ ਵਸਾਉਣ, ਅਰਥਾਤ ਮੁਲਕ ਆਜ਼ਾਦ ਕਰਵਾਉਣ ਹਿੱਤ ਸਾਡੀ ਖਾਤਿਰ ਜਾਮ-ਇ-ਸ਼ਹਾਦਤ ਪੀ ਲਿਆ। ਪਰ: '47 ਦੀ ਤ੍ਰਾਸਦੀ ਵਕਤ ਉਸਦਾ ਬਾਪ ਮੌਲੇ ਸ਼ਾਹ ਫਕੀਰ ਨੂੰ ਆਪਣਾ ਜੱਦੀ-ਪੁਸ਼ਤੀ ਘਰ ਆਪਣੇ ਪੋਤਰੇ ਫਤਿਹ ਸ਼ਾਹ, ਜਿਹੜਾ ਗ਼ਦਰੀ ਸ਼ਹੀਦ ਰਹਿਮਤ ਅਲੀ ਦਾ ਇੱਕੋ-ਇੱਕ ਜੀਵਤ ਵਾਰਸ ਸੀ, ਨੂੰ ਕੰਧੇੜੀ ਚੁੱਕ ਪਰਾਈ ਧਰਤੀ ਪਾਕਿਸਤਾਨ ਨੂੰ ਜਲਾਵਤਨ ਹੋਣਾ ਪਿਆ। ਕਿਉਂਕਿ; ਫਿਰਕਾਪ੍ਰਸਤੀਆਂ ਦੀਆਂ ਨਜ਼ਰਾਂ ਵਿੱਚ ਉਹ ਵਤਨ ਲਈ ਮਾਰਮਿਕ ਸ਼ਹੀਦ ਹੋਣ ਵਾਲੇ ਗ਼ਦਰੀ ਰਹਿਮਤ ਅਲੀ ਵਜੀਦਕੇ ਦੇ ਬਾਪ ਅਤੇ ਪੁੱਤ ਨਹੀਂ ਸਨ, ਮੁਸਲਮਾਨ ਸਨ।"

# 14 ਭਾਸ਼ਾਵਾਂ 'ਚ ਗਾਉਣ ਵਾਲਾ ਅੰਮ੍ਰਿਤਪਾਲ ਸਿੰਘ ਨਕੋਦਰ

ਐਡਮਿੰਟਨ (ਕੈਨੇਡਾ) ਦੀ ਪ੍ਰਸਿੱਧ ਆਲੀਸ਼ਾਨ ਐਡਮਿੰਟਨ ਪਬਲਿਕ ਲਾਇਬ੍ਰੇਰੀ 17 ਸਟਰੀਟ ਵਿਖੇ ਗਾਇਕ ਅੰਮ੍ਰਿਤਪਾਲ ਸਿੰਘ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਤਿੱਖੇ ਨੈਣ ਨਕਸ਼, ਹਸਮੁੱਖ ਚਿਹਰਾ, ਡੋਰੀ ਪਾ ਕੇ ਬੰਨੀ ਹੋਈ ਗੁੱਝਵੀਂ ਦਾੜ੍ਹੀ, ਤੀਰ-ਕਮਾਨੀ ਅੰਗੜਾਈ ਲੈਂਦੀਆਂ ਫੈਲਾਅ ਵਿੱਚ ਬੁਰਸ਼ਦਾਰ ਮੁੱਛਾਂ, ਭਵਾਂ ਚੜ੍ਹਾਅ ਕੇ ਬੰਨ੍ਹੀ ਹੋਈ ਸਲੀਕੇਦਾਰ ਲੜਾਂ ਵਾਲੀ ਪੋਚਵੀਂ ਪੱਗ, ਆਖਰੀ ਲੜ੍ਹ ਦੀ ਮਰੋੜੀ ਇਸ ਤਰ੍ਹਾਂ ਜਿਵੇਂ ਕਿਸੇ ਸੱਪਣੀ ਨੇ ਵਲੇਵਾਂ ਮਾਰਿਆ ਹੋਵੇ। ਸਾਧਾਰਣ ਆਕਰਸ਼ਕ ਪਹਿਰਾਵਾ, ਦਰਮਿਆਨੇ ਤੋਂ ਉਪਰ ਕੱਦ, ਫਕੀਰਾਂ ਵਰਗੀ ਮੱਧਮ ਚਾਲ, ਬੋਲ ਚਾਲ 'ਚ ਹਲੀਮੀ, ਫਬੀਲੀ ਤੇ ਛਬੀਲੀ ਸ਼ਰਲ ਸਪਸ਼ਟ ਕੂਣੀ-ਬਾਣੀ, ਅੰਦਰੋਂ-ਬਾਹਰੀ ਪਾਰਦਰਸ਼ੀ, ਜੋ ਆਪਣਿਆਂ ਦਾ ਤਾਂ ਹੈ ਹੀ, ਬਿਗਾਨਿਆਂ ਦਾ ਵੀ, ਯਾਰੀ ਦੋਸਤੀ ਵਿੱਚ ਨਿਸ ਸਵਾਰਥ ਕਿਰਿਆਵਾਂ ਦਾ ਸਿਰਜਕ, ਜ਼ਰੂਰਤਮੰਦਾਂ ਦਾ ਮਦਦਗਾਰ, ਵਾਕਫ਼ੀਅਤ ਦਾ ਇਨਸਾਈਕਲੋਪੀਡੀਆ ਅਤੇ ਸੰਗੀਤ ਤੇ ਗਾਇਨ ਕਲਾ ਵਿੱਚ ਪਰਪੱਕ ਨਿਪੁੰਨ; ਕਈ ਸਾਜ ਵਜਾਉਣ ਵਿੱਚ ਮੁਹਾਰਤ ਰੱਖਣ ਵਾਲਾ।

ਜ਼ਿੰਦਗੀ ਦੇ ਲਗਭਗ 71 ਸਾਲ ਗੁਜ਼ਾਰ ਚੁੱਕੇ ਗਾਇਕ ਅੰਮ੍ਰਿਤਪਾਲ ਸਿੰਘ ਰੇਡੀਓ, ਟੀ.ਵੀ. ਤੋਂ ਮਾਨਤਾ ਪ੍ਰਾਪਤ ਕਲਾਕਾਰ ਹੈ। ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਐਮ.ਏ. ਸੰਗੀਤ ਦੀ ਵਿਦਿਆ ਹਾਸਿਲ ਕੀਤੀ ਅਤੇ ਵੱਖ-ਵੱਖ ਸਕੂਲਾਂ-ਕਾਲਜਾਂ 'ਚ ਪੜ੍ਹਾਉਣ ਤੋਂ ਬਾਅਦ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਤੋਂ ਸੇਵਾ ਮੁਕਤ ਹੋਏ। ਮੁਢਲੀ ਸੰਗੀਤ ਦੀ ਸਿਖਿਆ ਉਨ੍ਹਾਂ ਨੇ ਆਪਣੇ ਤਾਇਆ ਜੀ ਕੀਰਤਨੀਏ ਗਿਆਨੀ ਦਲੀਪ ਸਿੰਘ ਤੋਂ ਹਾਸਿਲ ਕੀਤੀ। ਬਲਦੇਵ ਨਾਰੰਗ ਡੀ.ਏ.ਵੀ. ਕਾਲਿਜ ਜਾਲੰਧਰ ਅਤੇ ਪ੍ਰੋ. ਕ੍ਰਿਪਾਲ ਸਿੰਘ ਜੰਡੂ ਤੇ ਰਮੇਸ਼ ਪੁਸ਼ਕਰਨਾਂ (ਦੋਵੇਂ ਉਸਤਾਦ) ਤੋਂ ਸੰਗੀਤ ਅਤੇ ਗਾਇਨ ਦੀਆਂ ਬਾਰੀਕੀਆਂ ਸਿੱਖੀਆਂ।

ਅੰਮ੍ਰਿਤਪਾਲ ਨੇ ਭਾਰਤ ਦੀਆਂ 14 ਭਾਸ਼ਾਵਾਂ ਵਿੱਚ ਗਾਇਆ ਹੈ। ਨੌਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਰਾਸ਼ਟਰਪਤੀ ਐਵਾਰਡ ਲੈ ਲਿਆ ਸੀ। ਭੰਗੜੇ-ਗਿੱਧੇ ਵਿੱਚ ਨਿਪੁੰਨ ਪ੍ਰਸਿਖਿਅਕ। ਕਈ ਮਾਨ-ਸਨਮਾਨ ਹਾਸਿਲ ਕਰ ਚੁਕੇ ਹਨ। ਐਨ.ਸੀ.ਈ.ਆਰ.ਟੀ. ਵੱਲੋਂ ਸਮੂਹ ਗਾਇਨ ਵਿੱਚ ਭਾਗ ਲੈ ਕੇ ਲਾਲ ਕਿਲਾ ਭਾਰਤ ਵਿਖੇ 90 ਅਧਿਆਪਕਾਂ ਸਣੇ ਗਾਇਨ ਦੇ ਜੌਹਰ ਵਿਖਾਏ। 'ਭਾਰਤ ਛੱਡੋ ਅੰਦੋਲਨ' ਦੀ 42ਵੀਂ ਵਰ੍ਹੇਗੰਢ ਉਪਰ ਮੁੰਬਈ ਵਿੱਚ 3500 ਬੱਚਿਆਂ ਨੂੰ ਦੇਸ਼-ਭਗਤੀ ਦੇ ਗੀਤ ਤਿਆਰ ਕਰਵਾਏ। ਜਿਹੜੇ ਗੀਤ ਭਾਰਤ-ਪਾਕਿ ਵੰਡ ਤੋਂ ਪਹਿਲਾਂ ਅੰਡਰ ਗਰਾਊਂਡ ਰੇਡੀਓ ਸਟੇਸ਼ਨ ਤੋਂ ਵਜਦੇ ਸਨ, ਉਹ ਗੀਤ ਬੱਚਿਆਂ ਨੂੰ ਲਾਲ ਕਿਲੇ ਲਈ ਤਿਆਰ ਕਰਵਾਏ। ਇਸ ਦੀ ਕੁਮੈਂਟਰੀ ਪ੍ਰਸਿੱਧ ਅਭਿਨੇਤਾ ਨਸੀਰੂ-ਉਦ-ਦੀਨ ਸ਼ਾਹ ਨੇ ਕੀਤੀ ਅਤੇ ਡਾ. ਮੋਹਨ ਆਗਾਸੇ ਨੇ ਕੋਰੀਓਗ੍ਰਾਫੀ ਕੀਤੀ।

ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੋਂ ਸਨਮਾਨਿਤ ਹੋਏ। ਉਨ੍ਹਾਂ ਦੇ ਅਨੇਕਾਂ ਹੀ ਵਿਦਿਆਰਥੀ ਪੀਐਚ.ਡੀ. ਕਰਕੇ ਉਚ ਪਦਵੀਆਂ 'ਤੇ ਹਨ। ਚਿਲਡਰਨ ਕੌਂਸਲ ਵੱਲੋਂ ਕਰਵਾਏ ਗਏ ਸਟੇਟ ਪੱਧਰ ਦੇ ਮੁਕਾਬਲਿਆਂ ਵਿੱਚ ਰਾਜ ਪੱਧਰੀ ਪੁਰਸਕਾਰ ਪ੍ਰਾਪਤ ਕੀਤੇ। ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਕਰਵਾਏ ਗਏ ਵਿਦਿਅਕ ਮੁਕਾਬਲਿਆਂ ਵਿੱਚ ਸਟੇਟ ਪੱਧਰ ਤੱਕ ਦੇ ਬੱਚਿਆਂ ਨੇ ਭਾਗ ਲਿਆ। ਸੈਨਿਕ ਭਲਾਈ ਬੋਰਡ ਵੱਲੋਂ ਵਿਸ਼ੇਸ ਤੌਰ 'ਤੇ ਸਨਮਾਨਿਤ ਹੋਏ। ਯੂਥ ਵੈਲਫ਼ੇਅਰ ਕਲੱਬ (ਰਜਿ.) ਨਕੋਦਰ ਤੇ ਕਨਵੀਨਰ, ਜੇਸੀਜ ਇੰਟਰਨੈਸ਼ਨਲ ਨਕੋਦਰ ਦੇ ਪ੍ਰਧਾਨ ਵਜੋਂ ਆਊਟ ਸਟੈਂਡਿੰਗ ਜੇਸੀਜ ਆਫ਼ ਪੰਜਾਬ ਦਾ ਐਵਾਰਡ ਪ੍ਰਾਪਤ ਕੀਤਾ।



■ (ਖੱਬੇ) ਸੰਗੀਤ ਪ੍ਰੇਮੀ ਅੰਮ੍ਰਿਤਪਾਲ ਸਿੰਘ ਇੱਕ ਮੁਲਾਕਾਤ ਦੌਰਾਨ ਲੇਖਕ ਬਲਵਿੰਦਰ ਬਾਲਮ (ਗੁਰਦਾਸਪੁਰ) ਨਾਲ

ਸੰਗੀਤ ਗਾਇਨ ਪ੍ਰਾਪਤੀਆਂ ਤੋਂ ਇਲਾਵਾ ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ ਦੇਣਾ ਸ਼ੁਰੂ ਕੀਤਾ ਹੋਇਆ ਹੈ, ਜੋ ਚਾਰ ਸਾਲਾਂ ਤੋਂ ਲਗਾਤਾਰ ਜਾਰੀ ਹੈ। ਅੱਖਾਂ ਦੇ ਕੈਂਪ, ਮੈਡੀਕਲ ਕੈਂਪ, ਖੂਨ ਦਾਨ ਕੈਂਪ, ਸਕੂਲ-ਕਾਲਜ ਦੀਆਂ ਜ਼ਰੂਰਤਮੰਦ ਲੜਕੀਆਂ ਦੀਆਂ ਫੀਸਾਂ, ਵਰਦੀਆਂ ਆਦਿ ਦੇਣਾ। ਸੀਨੀਅਰ ਸਿਟੀਜਨ ਵੈਲ਼ਫੇਅਰ ਕੌਂਸਲ ਨਕੋਦਰ ਦੇ ਮੁੱਖ ਅਹੁਦੇਦਾਰ, ਹਸਪਤਾਲ ਵੈਲਫ਼ੇਅਰ ਕਮੇਟੀ ਦੇ ਅਹੁਦੇਦਾਰ, ਸ਼ਮਸ਼ਾਨਘਾਟ ਸੁਧਾਰ ਸਭਾ ਕਮੇਟੀ ਦੇ ਸੈਕਟਰੀ ਰਹੇ। ਉਨ੍ਹਾਂ ਨੇ ਗੰਧਰਵ ਮਹਾਂ ਵਿਦਿਆਲੇ ਦੇ ਚੇਅਰਮੈਨ ਵਿਨੋਦ ਚੰਦਰ ਮੌਦਗਿਲ, ਸਾਧਨ ਇੰਡੀਆ ਫਿਲਮ ਇੰਡਸਟਰੀ ਦੇ ਸੰਗੀਤ ਡਾਇਰੈਕਟਰ ਐਮ.ਬੀ. ਸ੍ਰੀ ਨਿਵਾਸਨ, ਡਾ. ਪ੍ਰੇਮ ਭਾਟੀਆ ਆਲ ਇੰਡੀਆ ਰੇਡੀਓ ਤੋਂ ਸੰਗੀਤ ਕਲਾ ਦੇ ਗੁਣ ਅਤੇ ਬਾਰੀਕੀਆਂ ਸਿਖੀਆਂ।

ਅੰਮ੍ਰਿਤਪਾਲ ਐਨ.ਸੀ.ਈ.ਆਰ.ਟੀ. ਦੇ ਸਹਾਇਕ ਰਿਸੋਰਸ ਪਰਸਨ ਰਹੇ ਅਤੇ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਸੰਗੀਤ ਸਿਖਲਾਈ ਕੈਂਪ ਵੀ ਲਗਾਏ। ਉਹ ਵਧੀਆ ਪ੍ਰਬੰਧ ਕਰਮੀ ਵੀ ਹਨ। ਉਹ ਸ਼ਬਦ ਕੀਰਤਨ ਕਰਨ ਵਿੱਚ ਰਸ ਭਿੰਨਾ ਕੀਰਤਨ ਕਰਨ ਵਿੱਚ ਮਾਹਿਰ ਹਨ। ਇੱਕ ਵਧੀਆ ਇਨਸਾਨ ਹੋਣ ਦੇ ਨਾਤੇ, ਸੱਚਾਈ ਈਮਾਨਦਾਰੀ ਅਤੇ ਆਪਣੀ ਹੋਂਦ ਦੀ ਸਾਮਾਜਿਕ ਤੇ ਸਭਿਆਚਾਰਕ ਵਾਸਤਵਿਕਤਾਵਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਆਤਰਿਕ ਸੰਘਰਸ਼ ਕੀਤਾ ਅਤੇ ਆਪਣੀਆਂ ਜੜਾਂ ਨੂੰ ਪਰੰਪਰਾਵਾਂ ਨਾਲ ਜੋੜੀ ਰੱਖਿਆ। ਉਹ ਸੰਗੀਤ ਗਾਇਨ ਕਲਾ ਵਿੱਚ ਆਪਣੀ ਸ਼ੈਲੀ ਆਪ ਨਿਰਧਾਰਿਤ ਕਰਦੇ ਹਨ। ਗਾਇਨ ਪ੍ਰਸਤੂਤੀ ਵਿਲੱਖਣ ਅਤੇ ਪ੍ਰਭਾਵਸ਼ਾਲੀ ਹੈ। ਦਿਲਚਸਪ ਹੈ ਕਿ ਉਹ ਸੰਵੇਦਨਸ਼ੀਲ ਵਿਅਕਤੀਤਵ ਦੇ ਧਨੀ ਹਨ।

ਅੰਮ੍ਰਿਤਪਾਲ ਸਿੰਘ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸੰਗੀਤ ਵਿੱਚ ਅਲਾਪ ਦੀ ਸਮਝ ਹੋਣੀ ਚਾਹੀਦੀ ਹੈ। ਧੁਨੀ ਵਿਵੇਕ, ਹੋਠਾਂ ਦੀ ਗਤੀ, ਸੰਗੀਤ ਵਿੱਚ ਅਤੇ ਗਾਇਨ ਵਿੱਚ ਮਹੱਤਵਪੂਰਨ ਹਨ। ਸੰਗੀਤ ਵਿੱਚ ਸਭ ਤੋਂ ਮਹੱਤਵਪੂਰਨ ਹੈ ਸੁਰ। ਸੁਰੀਲਾਪਨ ਦੇ ਸਿਵਾ ਸੰਗੀਤ ਕੁਝ ਵੀ ਨਹੀਂ। ਮਨੋਦਸ਼ਾ ਅਤੇ ਭਾਵਾਂ ਨੂੰ ਗੀਤ ਵਿੱਚ ਸੰਭਾਲਣਾ ਇੱਕ ਬਿਹਤਰੀਨ ਗੁਣ ਹੈ। ਦਿਲ ਤੇ ਦਿਮਾਗ ਵਿੱਚ ਵੰਡਿਆ ਹੋਇਆ ਮਨੁੱਖ ਇੱਕ ਦੀ ਸਰਵਉਚਤਾ ਅਤੇ ਦੂਸਰੇ ਦੇ ਆਕਰਸ਼ਣ ਦੇ ਕਾਰਨ ਸਪਰਧਾ ਵਿੱਚ ਆਪਣੀ ਪਹਿਚਾਣ ਖੋਹ ਬਹਿੰਦਾ ਹੈ। ਮਨੁੱਖ ਨੂੰ ਨਾ ਕੇਵਲ ਆਪਣੇ ਨਾਲ ਬਲਕਿ ਆਪਣੇ ਸਮੇਂ ਨਾਲ ਵੀ ਸੰਘਰਸ਼ ਕਰਨਾ ਪੈਂਦਾ ਹੈ ਅਤੇ ਆਪਣੇ ਪਿੱਛੇ ਉਹ ਇੱਕ ਐਸੀ ਪਰੰਪਰਾ ਛੱਡ ਜਾਂਦਾ ਹੈ, ਜਿਸ ਨੂੰ ਦੂਸਰੇ ਸਮਝਣ ਤੇ ਉਸ ਉਪਰ ਵਿਚਾਰ ਚਿੰਤਨ ਕਰਨ।

ਅੰਮ੍ਰਿਤਪਾਲ ਸਿੰਘ ਦਾ ਮੋਬਾਇਲ ਨੰਬਰ +91-9814225425 (ਭਾਰਤ) ਹੈ।

## ਆਲਮੀ ਹਾਕੀ ਚੈਂਪੀਅਨ ਕਪਤਾਨ ਅਜੀਤ ਪਾਲ ਸਿੰਘ

ਪੁਲ ਦਾ ਉਦਘਾਟਨ ਕੀਤਾ ਗਿਆ। ਭਾਰਤੀ ਹਾਕੀ ਟੀਮ ਵੱਲੋਂ ਜਿੱਤਿਆ ਇਹ ਹੁਣ ਤੱਕ ਦਾ ਇਕਲੌਤਾ ਅਤੇ ਪਲੇਠਾ ਵਿਸ਼ਵ ਕੱਪ ਖਿਤਾਬ ਹੈ। ਅਜੀਤ ਪਾਲ ਸਿੰਘ ਕਿਸੇ ਵੀ ਖੇਡ ਵਿੱਚ ਭਾਰਤ ਨੂੰ ਕਿਸੇ ਟੀਮ ਖੇਡ ਦਾ ਵਿਸ਼ਵ ਕੱਪ ਜਿਤਾਉਣ ਵਾਲਾ ਵੀ ਪਹਿਲਾ ਕਪਤਾਨ ਹੈ।

1976 ਵਿੱਚ ਮਾਂਟਰੀਅਲ ਓਲੰਪਿਕ ਖੇਡਾਂ ਵਿੱਚ ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ ਭਾਰਤ ਨੇ ਹਿੱਸਾ ਲਿਆ। ਉਸ ਵੇਲੇ ਪਹਿਲੀ ਵਾਰ ਐਸਟੋਟਰਫ ਉਪਰ ਹਾਕੀ ਮੈਚ ਖੇਡੇ ਗਏ। ਟੀਮ ਦੀ ਤਿਆਰੀ ਵੀ ਉਸ ਪੱਧਰ ਦੀ ਨਹੀਂ ਸੀ। ਭਾਰਤੀ ਟੀਮ ਸੈਮੀ ਫ਼ਾਈਨਲ ਵਿੱਚ ਨਾ ਪੁੱਜ ਸਕੀ। ਇਸ ਤੋਂ ਬਾਅਦ ਅਜੀਤ ਪਾਲ ਸਿੰਘ ਕੌਮਾਂਤਰੀ ਹਾਕੀ ਕਰੀਅਰ ਤੋਂ ਸੰਨਿਆਸ ਲੈ ਲਿਆ। ਅਜੀਤ ਪਾਲ ਸਿੰਘ ਨੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ਼.) ਜੁਆਇਨ ਕੀਤੀ ਹੋਣ ਕਰਕੇ ਉਹ ਘਰੇਲੂ ਹਾਕੀ ਵਿੱਚ ਬੀ.ਐਸ.ਐਫ਼. ਵੱਲੋਂ ਮੁਕਾਬਲਿਆਂ ਵਿੱਚ ਲੰਬਾ ਸਮਾਂ ਹਿੱਸਾ ਲੈਂਦਾ ਰਿਹਾ। ਬੀ.ਐਸ.ਐਫ਼. ਨੇ ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ 1975 ਵਿੱਚ ਨਹਿਰੂ ਹਾਕੀ ਕੱਪ ਜਿੱਤ ਕੇ ਘਰੇਲੂ ਹਾਕੀ ਵਿੱਚ ਆਪਣਾ ਸਿੱਕਾ ਜਮਾਇਆ। ਇਹ ਉਹ ਦੌਰ ਸੀ, ਜਦੋਂ ਅਸ਼ਵਨੀ ਕੁਮਾਰ ਦੀ ਅਗਵਾਈ ਹੇਠ ਬੀ.ਐਸ.ਐਫ਼. ਖੇਡਾਂ ਵਿੱਚ ਬਹੁਤ ਚੰਗਾ ਕਰ ਰਹੀ ਸੀ। ਬੀ.ਐਸ.ਐਫ਼. ਨੇ ਭਾਰਤੀ ਖੇਡਾਂ ਨੂੰ ਅਜੀਤ ਪਾਲ ਸਿੰਘ, ਬਲਦੇਵ ਸਿੰਘ, ਪਰਵੀਨ ਕੁਮਾਰ, ਕੁਲਦੀਪ ਸਿੰਘ ਭੁੱਲਰ ਜਿਹੇ ਵੱਡੇ ਖਿਡਾਰੀ ਵੀ ਦਿੱਤੇ।

ਅਜੀਤ ਪਾਲ ਸਿੰਘ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ 1970 ਵਿੱਚ ਅਰਜੁਨਾ ਐਵਾਰਡ ਅਤੇ 1992 ਵਿੱਚ ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਿਆ। ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ। 'ਸਪੋਰਟਸ ਵੀਕ' ਵੱਲੋਂ 1975 ਵਿੱਚ ਅਜੀਤ ਪਾਲ ਸਿੰਘ ਨੂੰ ਪਲੇਅਰ ਆਫ਼ ਦਾ ਯੀਅਰ ਐਲਾਨਿਆ ਗਿਆ। ਅਜੀਤ ਪਾਲ ਸਿੰਘ ਨੇ ਸਰਗਰਮ ਹਾਕੀ ਖੇਡਣੀ ਛੱਡਣ ਤੋਂ ਬਾਅਦ ਹਾਕੀ ਲਈ ਆਪਣਾ ਯੋਗਦਾਨ ਜਾਰੀ ਰੱਖਿਆ। ਉਹ ਭਾਰਤੀ ਹਾਕੀ ਦੇ ਚੋਣਕਾਰ ਅਤੇ ਨਿਗਰਾਨ ਵਜੋਂ ਸੇਵਾਵਾਂ ਨਿਭਾਉਂਦੇ ਰਹੇ। ਉਹ ਗਾਹੇ-ਬਗਾਹੇ ਕਿਧਰੇ ਵੀ ਹੋਣ ਵਾਲੇ ਹਾਕੀ ਮੁਕਾਬਲਿਆਂ ਵਿੱਚ ਸ਼ਮੂਲੀਅਤ ਕਰਕੇ ਨਵੀਂ ਉਮਰ ਦੇ ਖਿਡਾਰੀਆਂ ਦਾ ਹੌਸਲਾ ਵਧਾਉਂਦੇ ਹਨ। ਨਰਮ ਸੁਭਾਅ ਅਤੇ ਹਲੀਮੀ ਨਾਲ ਗੱਲ ਕਰਨ ਵਾਲੇ ਅਜੀਤ ਪਾਲ ਸਿੰਘ ਦੀ ਸ਼ਖਸੀਅਤ ਬਹੁਤ ਪ੍ਰਭਾਵਸ਼ਾਲੀ ਹੈ, ਜਿਸ ਨੂੰ ਹਰ ਨਵੀਂ ਉਮਰ ਦਾ ਖਿਡਾਰੀ ਆਪਣਾ ਪ੍ਰੇਰਨਾ ਸ੍ਰੋਤ ਮੰਨਦਾ ਹੈ। ਉਨ੍ਹਾਂ ਦੀ ਪਤਨੀ ਕਿਰਨ ਗਰੇਵਾਲ, ਜਿਨ੍ਹਾਂ ਦਾ ਜੱਦੀ ਪਿੰਡ ਲੁਧਿਆਣੇ ਜ਼ਿਲੇ ਵਿੱਚ ਲਲਤੋਂ ਸੀ, ਬਾਸਕਟਬਾਲ ਦੇ ਕੌਮਾਂਤਰੀ ਖਿਡਾਰਨ ਰਹੇ ਹਨ।

# ਨਾਗਾਲੈਂਡ ਦੇ ਅਮੀਰ ਸੱਭਿਆਚਾਰ ਦਾ ਜਸ਼ਨ 'ਹੌਰਨਬਿਲ ਫੈਸਟੀਵਲ'





ਧੀਰਜ ਬਸਕ

ਨਾਗਾਲੈਂਡ ਦੇ ਹਾਰਨਬਿਲ ਫੈਸਟੀਵਲ, ਜੋ ਹਰ ਸਾਲ 1 ਤੋਂ 10 ਦਸੰਬਰ ਤੱਕ ਮਨਾਇਆ ਜਾਂਦਾ ਹੈ, ਨੂੰ 'ਤਿਉਹਾਰਾਂ ਦਾ ਤਿਉਹਾਰ' ਜਾਂ 'ਮਹਾਉਤਸਵ' ਕਿਹਾ ਜਾਂਦਾ ਹੈ; ਕਿਉਂਕਿ ਇਹ ਨਾਗਾਲੈਂਡ ਦੀ ਕਿਸੇ ਵਿਸ਼ੇਸ਼ ਜਾਤੀ ਦਾ ਤਿਉਹਾਰ ਨਹੀਂ ਹੈ, ਬਲਕਿ ਨਾਗਾਲੈਂਡ ਵਿੱਚ ਰਹਿਣ ਵਾਲੇ ਸਾਰੇ ਜਾਤੀ ਸਮੂਹਾਂ ਦਾ ਸਾਲਾਨਾ ਤਿਉਹਾਰ ਹੈ। ਇਸ ਵਿੱਚ ਪੂਰਾ ਨਾਗਾਲੈਂਡ ਹਿੱਸਾ ਲੈਂਦਾ ਹੈ। ਇਹ ਨਾਗਾ ਕਬੀਲੇ ਦਾ ਸਭ ਤੋਂ ਵੱਡਾ ਸਾਲਾਨਾ ਤਿਉਹਾਰ ਹੈ। ਇਸ ਸੱਭਿਆਚਾਰਕ ਤਿਉਹਾਰ ਵਿੱਚ ਹਿੱਸਾ ਲੈ ਕੇ ਸਾਰੇ ਨਾਗਾ ਕਬੀਲੇ ਆਪਸੀ ਏਕਤਾ ਅਤੇ ਸਦਭਾਵਨਾ ਦੀ ਭਾਵਨਾ ਪੇਸ਼ ਕਰਦੇ ਹਨ। ਇਹ ਤਿਉਹਾਰ ਕੋਹਿਮਾ ਤੋਂ ਕਰੀਬ 12 ਕਿਲੋਮੀਟਰ ਦੂਰ ਕਿਸਾਮਾ ਹੈਰੀਟੇਜ ਪਿੰਡ ਵਿੱਚ ਮਨਾਇਆ ਜਾਂਦਾ ਹੈ। ਇਸ ਪਿੰਡ ਨੂੰ ਸਾਰੇ ਨਾਗਾ ਕਬੀਲਿਆਂ ਦਾ ਮੂਲ ਮੰਨਿਆ ਜਾਂਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਨਾਗਾਲੈਂਡ ਵਿੱਚ ਸਿਰਫ਼ ਇੱਕ ਜਾਂ ਦੋ ਨਹੀਂ, ਬਲਕਿ ਲਗਭਗ 38 ਵੱਖ-ਵੱਖ ਕਬੀਲੇ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਕਈਆਂ ਦੇ ਰੀਤੀ-ਰਿਵਾਜ ਅਤੇ ਪਹਿਰਾਵਾ ਇੱਕ ਦੂਜੇ ਤੋਂ ਵੱਖਰਾ ਹੈ। ਪਰ ਹੌਰਨਬਿਲ ਫੈਸਟੀਵਲ ਸਮੁੱਚੇ ਨਾਗਾ ਕਬੀਲਿਆਂ ਦਾ ਇੱਕ ਸਮੂਹਿਕ ਤਿਉਹਾਰ ਹੈ, ਜਿਸ ਵਿੱਚ ਸਾਰੇ ਬਰਾਬਰ ਹਨ। ਨਾਗਾਲੈਂਡ ਦੀ 60 ਪ੍ਰਤੀਸ਼ਤ ਤੋਂ ਵੱਧ ਆਬਾਦੀ ਵੱਖ-ਵੱਖ ਖੇਤੀਬਾੜੀ ਗਤੀਵਿਧੀਆਂ 'ਤੇ ਨਿਰਭਰ ਕਰਦੀ ਹੈ, ਇਸ ਲਈ ਨਾਗਾ ਕਬੀਲਿਆਂ ਦਾ ਜੀਵਨ ਆਮ ਤੌਰ 'ਤੇ ਖੇਤੀਬਾੜੀ ਦੇ ਦੁਆਲੇ ਘੁੰਮਦਾ ਹੈ। ਇਹੀ ਕਾਰਨ ਹੈ ਕਿ ਖੇਤੀਬਾੜੀ ਨਾਲ ਸਬੰਧਤ ਗਤੀਵਿਧੀਆਂ ਇਨ੍ਹਾਂ ਜਾਤੀ ਸਮੂਹਾਂ ਦੀਆਂ ਸੱਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਹਨ। ਦੁਨੀਆਂ ਦੇ ਹੋਰ ਖੇਤੀਬਾੜੀ ਭਾਈਚਾਰਿਆਂ ਵਾਂਗ, ਨਾਗਾਲੈਂਡ ਦੀਆਂ ਵੱਖ-ਵੱਖ ਕਿਸਾਨ ਸਭਾਵਾਂ ਵੀ ਵੱਖ-ਵੱਖ ਤਿਉਹਾਰ ਮਨਾ ਕੇ ਆਪਣੀਆਂ ਫਸਲਾਂ ਦੀ ਬਿਜਾਈ, ਤਿਆਰੀ ਅਤੇ ਪੱਕਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੀਆਂ ਹਨ।

ਕਿਉਂਕਿ ਨਾਗਾਲੈਂਡ ਇੱਕ ਛੋਟੇ ਭੂਗੋਲਿਕ ਖੇਤਰ ਵਿੱਚ ਵੀ ਬਹੁਤ ਸਾਰੇ ਜਾਤੀ ਸਮੂਹਾਂ ਦਾ ਘਰ ਹੈ, ਇਸ ਲਈ ਉਨ੍ਹਾਂ ਦੀਆਂ ਵੱਖ-ਵੱਖ ਤਰੀਕਾਂ, ਤਿਉਹਾਰ ਅਤੇ ਰੀਤੀ-ਰਿਵਾਜ ਹਨ; ਪਰ ਸਾਰੇ ਨਾਗਾਲੈਂਡ ਵਾਸੀਆਂ ਵਿੱਚ ਸਮੂਹਿਕ ਨਾਗਾ ਭਾਵਨਾਵਾਂ ਨੂੰ ਇਕਜੁੱਟ ਕਰਨ ਲਈ, ਸਾਲ 2000 ਵਿੱਚ ਨਾਗਾਲੈਂਡ ਦੀ ਸਰਕਾਰ ਨੇ ਇੱਕ ਅਜਿਹੀ ਸੱਭਿਆਚਾਰਕ ਵਿਰਾਸਤ ਨੂੰ ਸਮੁੱਚੇ ਨਾਗਾਲੈਂਡ ਦੀ ਸੱਭਿਆਚਾਰਕ ਵਿਰਾਸਤ ਵਜੋਂ ਪੇਸ਼ ਕਰਨਾ ਸ਼ੁਰੂ ਕੀਤਾ, ਜਿਸ ਨੂੰ 'ਹੌਰਨਬਿਲ ਫੈਸਟੀਵਲ' ਦਾ ਨਾਂ ਦਿੱਤਾ ਗਿਆ। ਹਰ ਸਾਲ ਪਹਿਲੀ ਤੋਂ 10 ਦਸੰਬਰ ਦੇ ਵਿਚਕਾਰ ਆਯੋਜਿਤ, ਨਾਗਾਲੈਂਡ ਵਿੱਚ ਰਹਿ ਰਹੇ ਵੱਖ-ਵੱਖ ਨਾਗਾ ਜਾਤੀਆਂ ਵਿਚਕਾਰ ਅੰਤਰ-ਜਾਤੀ ਸੰਪਰਕ ਨੂੰ ਉਤਸ਼ਾਹਿਤ ਕਰਨ ਅਤੇ ਨਾਗਾਲੈਂਡ ਦੀ ਵਿਰਾਸਤ ਵਿੱਚ ਸਮੂਹਿਕ ਮਾਣ ਕਰਨ ਲਈ ਇਹ ਤਿਉਹਾਰ ਸ਼ੁਰੂ ਕੀਤਾ ਗਿਆ ਸੀ।

ਇਸ ਤਿਉਹਾਰ ਦੌਰਾਨ ਨਾਗਾਲੈਂਡ ਦੇ ਵੱਖ-ਵੱਖ ਹਿੱਸਿਆਂ ਤੋਂ ਸਾਰੇ ਨਾਗਾ ਜਾਤੀ ਸਮੂਹਾਂ ਦੇ ਲੋਕ ਕੋਹਿਮਾ ਜ਼ਿਲ੍ਹੇ ਦੇ ਦੱਖਣੀ ਅੰਗਾਮੀ ਖੇਤਰ ਵਿੱਚ ਸਥਿਤ ਕਿਸਾਮਾ ਹੈਰੀਟੇਜ ਪਿੰਡ ਵਿੱਚ ਇਕੱਠੇ ਹੁੰਦੇ ਹਨ, ਜਿੱਥੇ 10 ਦਿਨਾਂ ਤੱਕ ਕਈ ਤਰ੍ਹਾਂ ਦੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਇਸ ਨਾਲ ਨਾਗਾਲੈਂਡ ਦੇ ਅਮੀਰ ਸੱਭਿਆਚਾਰ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ, ਵੱਖ-ਵੱਖ ਨਾਗਾ ਜਾਤੀਆਂ ਦੇ ਆਪਸੀ ਸੱਭਿਆਚਾਰਕ ਸਬੰਧਾਂ ਨੂੰ ਵੀ ਮਜ਼ਬੂਤੀ ਮਿਲੀ ਹੈ ਅਤੇ ਵੱਖ-ਵੱਖ ਕਬੀਲਿਆਂ ਦੀ ਸੱਭਿਆਚਾਰਕ ਵਿਰਾਸਤ ਨੂੰ ਇਸ ਸਮੂਹਿਕ ਗਤੀਵਿਧੀ ਰਾਹੀਂ ਹੋਰ ਪ੍ਰਫੁੱਲਤ ਕੀਤਾ ਗਿਆ ਹੈ। ਕਿਉਂਕਿ ਨਾਗਾਲੈਂਡ ਵੀ ਇੱਕ ਮਹੱਤਵਪੂਰਨ ਸੈਰ-ਸਪਾਟਾ ਰਾਜ ਹੈ, ਹੌਲੀ-ਹੌਲੀ ਸਾਲਾਂ ਤੋਂ, ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਵੀ ਇਸ ਤਿਉਹਾਰ ਦੌਰਾਨ ਹੌਰਨਬਿਲ ਫੈਸਟੀਵਲ ਦਾ ਨੇੜਿਓਂ ਆਨੰਦ ਲੈਣ ਲਈ ਇੱਥੇ ਆਉਣਾ ਪਸੰਦ ਕਰਦੇ ਹਨ।

ਹੌਰਨਬਿਲ ਫੈਸਟੀਵਲ ਵਿੱਚ ਨਾਗਾ ਸੱਭਿਆਚਾਰ ਨੂੰ ਬਹੁਤ ਨੇੜਿਓਂ ਦੇਖਣਾ ਅਤੇ ਇਸਦੇ ਸਾਰੇ ਹਿੱਸਿਆਂ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਬਹੁਤ ਰੋਮਾਂਚਕ ਹੈ। ਇਸ ਤਿਉਹਾਰ ਵਿੱਚ ਨਾਗਾਲੈਂਡ ਦੇ ਕਈ ਤਰ੍ਹਾਂ ਦੇ ਸੁਆਦੀ ਭੋਜਨ ਅਤੇ ਪਕਵਾਨ, ਗੀਤ, ਨਾਚ, ਰੀਤੀ-ਰਿਵਾਜ, ਪਹਿਰਾਵੇ ਆਦਿ ਬਹੁਤਾਤ ਵਿੱਚ ਦੇਖਣ ਨੂੰ ਮਿਲਦੇ ਹਨ। 10 ਦਿਨਾਂ ਤੱਕ ਚੱਲਣ ਵਾਲੇ ਇਸ ਤਿਉਹਾਰ 'ਚ ਲੋਕ ਰੰਗ-ਬਿਰੰਗੇ ਕੱਪੜੇ ਪਾਉਂਦੇ ਹਨ। ਉਹ ਆਪਣੀ ਸ਼ਾਨਦਾਰ ਕਾਰੀਗਰੀ ਦਾ ਵੀ ਪ੍ਰਦਰਸ਼ਨ ਕਰਦੇ ਹਨ। ਇਸ ਸਮੇਂ ਦੌਰਾਨ, ਵੱਖ-ਵੱਖ ਕਿਸਮ ਦੀਆਂ ਪੇਂਡੂ ਖੇਡਾਂ ਖੇਡੀਆਂ ਜਾਂਦੀਆਂ ਹਨ ਅਤੇ ਨਾਗਾਲੈਂਡ ਦੇ ਵੱਖ-ਵੱਖ ਹਿੱਸਿਆਂ 'ਚ ਤਿਆਰ ਕੀਤੇ ਗਏ ਵੱਖ-ਵੱਖ ਪਕਵਾਨਾਂ ਨੂੰ ਇੱਥੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

ਇਸ ਦੇ ਨਾਲ ਹੀ ਨਾਗਾਲੈਂਡ ਦੇ ਇਸ ਵਿਸ਼ੇਸ਼ ਤਿਉਹਾਰ ਵਿੱਚ ਪੇਂਟਿੰਗ, ਲੱਕੜ ਦੀ ਨੱਕਾਸ਼ੀ ਅਤੇ ਮੂਰਤੀਆਂ ਆਦਿ ਸਮੇਤ ਰਵਾਇਤੀ ਕਲਾਵਾਂ ਨੂੰ ਵੀ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਸ ਤਿਉਹਾਰ ਦੌਰਾਨ ਰਵਾਇਤੀ ਨਾਗਾ ਮੋਰਾਂਗ ਪ੍ਰਦਰਸ਼ਨੀ ਅਤੇ ਕਲਾ ਤੇ ਸ਼ਿਲਪਕਾਰੀ ਦੀ ਵਿਕਰੀ ਲਈ ਕਈ ਤਰ੍ਹਾਂ ਦੇ ਭੋਜਨ ਸਟਾਲ, ਹਰਬਲ ਦਵਾਈਆਂ ਦੀਆਂ ਦੁਕਾਨਾਂ, ਫੁੱਲਾਂ ਦੀ ਪ੍ਰਦਰਸ਼ਨੀ ਅਤੇ ਵੱਖ-ਵੱਖ ਖੇਡਾਂ, ਹੁਨਰ ਅਤੇ ਸੱਭਿਆਚਾਰਕ ਗਤੀਵਿਧੀਆਂ ਹੁੰਦੀਆਂ ਹਨ। ਖੇਡਾਂ ਖਾਸ ਤੌਰ 'ਤੇ ਰਵਾਇਤੀ ਨਾਗਾ ਕੁਸ਼ਤੀ ਅਤੇ ਤੀਰ-ਅੰਦਾਜ਼ੀ ਵਿੱਚ ਪ੍ਰਸਿੱਧ ਹਨ। ਜਦੋਂ ਕਿ ਵੱਖ-ਵੱਖ ਨਾਗਾ ਜਾਤੀਆਂ ਦੇ ਮਰਦਾਂ ਅਤੇ ਔਰਤਾਂ ਵੱਲੋਂ ਕਈ ਤਰ੍ਹਾਂ ਦੇ ਗੀਤ ਗਾਏ ਤੇ ਨਾਚ ਕੀਤੇ ਜਾਂਦੇ ਹਨ। ਇਸ ਦੌਰਾਨ ਨਾਗਾਲੈਂਡ ਦਾ ਪਰੰਪਰਾਗਤ ਫੈਸ਼ਨ ਸ਼ੋਅ ਵੀ ਆਯੋਜਿਤ ਕੀਤਾ ਜਾਂਦਾ ਹੈ ਅਤੇ ਇਸ ਫੈਸਟੀਵਲ ਵਿੱਚ ਮਿਸ ਨਾਗਾਲੈਂਡ ਵੀ ਚੁਣੀ ਜਾਂਦੀ ਹੈ। ਇਸ ਤਰ੍ਹਾਂ ਇਹ ਤਿਉਹਾਰ ਨਾਗਾਲੈਂਡ ਦੀ ਆਪਣੀ ਸੁੰਦਰਤਾ ਦਾ ਮੰਚ ਵੀ ਬਣ ਜਾਂਦਾ ਹੈ।

ਅਜਿਹੇ ਰੰਗੀਨ ਧੂਮ-ਧਾਮ ਨਾਲ ਹੌਰਨਬਿਲ ਫੈਸਟੀਵਲ ਮਨਾਉਣ ਦੀ ਸ਼ੁਰੂਆਤ ਤੋਂ ਬਾਅਦ ਨਾਗਾਲੈਂਡ ਵਿੱਚ ਸੈਰ-ਸਪਾਟੇ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਲਈ ਰਾਜ ਇਸ ਨੂੰ ਹੌਰਨਬਿਲ ਫੈਸਟੀਵਲ ਦੇ ਰੂਪ ਵਿੱਚ ਇੱਕ ਸੈਲਾਨੀ ਬ੍ਰਾਂਡ ਵਜੋਂ ਵਰਤਦਾ ਹੈ। ਸੈਰ-ਸਪਾਟਾ ਪ੍ਰੋਮੋਟਰਾਂ ਦਾ ਮੰਨਣਾ ਹੈ ਕਿ ਨਾਗਾਲੈਂਡ ਵਿੱਚ ਹੌਰਨਬਿਲ ਫੈਸਟੀਵਲ ਨਾ ਸਿਰਫ਼ ਵੱਖ-ਵੱਖ ਨਾਗਾ ਜਾਤੀਆਂ ਨੂੰ ਸਗੋਂ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਲੋਕਾਂ ਨੂੰ ਵੀ ਆਕਰਸ਼ਿਤ ਕਰਦਾ ਹੈ। ਇਸ ਤਰ੍ਹਾਂ ਇਸ ਸੱਭਿਆਚਾਰਕ ਮੇਲੇ ਵਿੱਚ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਮਾਣ ਨਾਲ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

# ਢਾਣੀ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-9417358120



ਮਨੁੱਖ ਨੇ ਮੁਢਲੇ ਵਸੇਬੇ ਕੁਦਰਤ ਦੇ ਆਲ੍ਹਣਿਆਂ ਵਿੱਚ ਪਾਏ। ਪਹਾੜਾਂ ਦੀਆਂ ਕੰਦਰਾਂ, ਗੁਫਾਵਾਂ ਉਹਦੇ ਲਈ ਆਪਣੀ ਹੋਂਦ ਬਚਾਉਣ ਦੇ ਵਧੀਆ ਵਸੇਬੇ ਸਾਬਤ ਹੋਏ। ਜਦੋਂ ਉਹਨੇ ਕੁਦਰਤ ਅਤੇ ਆਲੇ-ਦੁਆਲੇ 'ਤੇ ਕਿਸੇ ਹੱਦ ਤੱਕ ਕਾਬੂ ਪਾ ਲਿਆ ਤੇ ਖੇਤੀ ਕਰਨ ਲੱਗਾ ਤਾਂ ਉਹਨੂੰ ਨਵੇਂ ਵਸੇਬਿਆਂ ਦੀ ਲੋੜ ਪਈ। ਖੇਤੀ ਨੂੰ ਜਾਨਵਰਾਂ ਤੇ ਪੰਛੀਆਂ ਤੋਂ ਬਚਾਉਣ ਲਈ ਜ਼ਰੂਰੀ ਸੀ ਕਿ ਇਸ ਦੇ ਨੇੜੇ ਵਸੇਬਾ ਕੀਤਾ ਜਾਵੇ। ਸ਼ਾਇਦ ਇਸੇ ਵਿੱਚੋਂ ਹੀ ਢਾਣੀ ਦਾ ਜਨਮ ਹੋਇਆ ਹੋਵੇ। ਨਵਾਂ ਤੇ ਵੱਡਾ ਮਹਾਨ ਕੋਸ਼ ਅਨੁਸਾਰ ਢਾਣੀ ਦਾ ਅਰਥ ਹੈ-ਲਹਿੰਦੀ ਢਾਣੀ; ਪੁਆਧੀ ਢਾਣਾ, ਢਾਣੀ। ਮੰਡਲੀ, ਟੋਲੀ, ਜੱਥਾ, ਇਕੱਠ, ਸਮੂਹ, ਜਮਾਤ, ਆਬਾਦੀ। ਢਾਣੀ ਦੇ ਨਾਲ ਹੀ ਮਾਲ, ਡੰਗਰ ਰੱਖਣ ਲਈ ਢਾਰਾ ਸ਼ਬਦ ਘੜਿਆ ਗਿਆ। ਢਾਰੇ ਦਾ ਅਰਥ ਹੈ- ਛੰਨ, ਛੱਪਰ, ਡੰਗਰਾਂ ਨੂੰ ਰੱਖਣ ਦੀ ਥਾਂ। ਪੰਜਾਬੀ ਕੋਸ਼ ਅਨੁਸਾਰ ਢਾਣੀ ਦਾ ਭਾਵ ਹੈ- ਮੰਡਲੀ, ਜਮਾਤ, ਟੋਲੀ। ਇਸ ਨਾਲ ਜੁੜੇ ਮੁਹਾਵਰੇ ਵੀ ਮਿਲਦੇ ਹਨ- ਢਾਣੀ ਬੰਨ੍ਹਣਾ-ਇਕੱਠੇ ਹੋਣਾ, ਮੰਡਲੀ ਬਣਾਉਣਾ; ਢਾਣੀ ਭੰਨਣੀ- ਮਨੁੱਖਾਂ ਦੇ ਇਕੱਠ ਨੂੰ ਖਿੰਡਾਉਣਾ, ਕੋਈ ਨਾਟਕ ਖੇਡਣਾ।

ਜੇ ਮਨੁੱਖੀ ਵਸੇਬਿਆਂ ਦੀ ਗੱਲ ਕਰੀਏ ਤਾਂ ਗ੍ਰਾਮ, ਪਿੰਡ, ਨਗਰ, ਖੇੜਾ, ਸ਼ਹਿਰ, ਕਸਬਾ, ਕਲਾਂ, ਖੁਰਦ, ਕੱਟੜਾ, ਮੁਹੱਲਾ ਵਰਗੇ ਅਨੇਕਾਂ ਸ਼ਬਦ ਨਜ਼ਰ ਆਉਂਦੇ ਹਨ। ਇਨ੍ਹਾਂ ਦਾ ਪਾਸਾਰਾ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆ ਦੇ ਕਈ ਮੁਲਕਾਂ ਵਿੱਚ ਮਿਲਦਾ ਹੈ। ਭਾਰਤ ਦੇ ਗੁਆਂਢੀ ਮੁਲਕਾਂ- ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਗਾਨਿਸਤਾਨ, ਸਮੇਤ ਏਸ਼ੀਆ ਦੇ ਦਰਜਨਾਂ ਮੁਲਕਾਂ ਤੇ ਵਿਸ਼ੇਸ਼ ਕਰਕੇ ਪੂਰਬੀ ਏਸ਼ੀਆ ਵਿੱਚ ਅਜਿਹੇ ਵਸੇਬਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਢਾਣੀ ਵਰਗੇ ਸ਼ਬਦ ਦੀ ਘਾੜਤ ਪਿਛੇ ਮਨੁੱਖਾਂ ਦੀ ਉਹ ਮਜਬੂਰੀ ਨਜ਼ਰ ਆਉਂਦੀ ਹੈ, ਜਿਹੜੇ ਖੇਤੀਬਾੜੀ ਕਰਦੇ ਪਿੰਡਾਂ, ਨਗਰਾਂ, ਕਸਬਿਆਂ ਤੋਂ ਦੂਰ ਵਸ ਗਏ। ਢਾਣੀ ਸ਼ਬਦ ਅੱਜ ਕੱਲ੍ਹ ਸਾਰੇ ਦੇਸ਼ ਵਿੱਚ ਪ੍ਰਚਲਿਤ ਹੈ। ਰਾਜਿਸਥਾਨ, ਹਰਿਆਣੇ ਵਿੱਚ ਵੀ ਕਈ ਢਾਣੀਆਂ ਮਸ਼ਹੂਰ ਹਨ, ਜਿਵੇਂ-ਚੋਖੀ ਢਾਣੀ, ਕਰਮੋ ਕੀ ਢਾਣੀ (ਜੈਸਲਮੇਰ), ਗੰਗਾ ਰਾਮ ਕੀ ਢਾਣੀ (ਖੋਤੇਲਾਈ), ਸੰਗਤ ਸਿੰਹੁ ਕੀ ਢਾਣੀ (ਰਾਮਦੇਵਾਰਾ), ਪਿਲਾਇਤੋ ਕੀ ਢਾਣੀ (ਫਲੌਦੀ), ਸੂਜੀਓ ਕੀ ਢਾਣੀ (ਰਾਮਦੇਵਾਰਾ), ਢਾਣੀ ਥਾਰ, ਢਾਣੀ ਮੌਜੀ, ਲਾਲਾ ਕੀ ਢਾਣੀ, ਰੇਬਾਰੀਓਂ ਕੀ ਢਾਣੀ, ਢਾਣੀ ਲਾਲਾਖਾਨ, ਦਰਿਆਪੁਰ ਢਾਣੀ, ਢਾਣੀ ਬਿਸ਼ੇਸ਼ਰਨਾਥ (ਅਬੋਹਰ), ਢਾਣੀ ਕੜਾਕਾ ਸਿੰਘ, ਆਦਿ।

ਪੰਜਾਬ ਵਿੱਚ ਇਹਦੇ ਮੁਕਾਬਲੇ ਮਾਝੇ ਵਿੱਚ ਬਹਿਕ ਵੀ ਛੋਟੇ ਵਸੇਬਾ ਦਾ ਵਾਚਕ ਸ਼ਬਦ ਹੈ। ਮਹਾਂਰਾਸ਼ਟਰ ਵਿੱਚ ਢਾਣੀ ਲਈ ਢਾਣਾ ਜਾਂ ਢਾਣੇ ਸ਼ਬਦ ਪ੍ਰਚਲਤ ਹੈ ਤੇ ਇਹ ਦਸ, ਵੀਹ ਘਰਾਂ ਦਾ ਵਸੇਬਾ ਹੁੰਦਾ ਹੈ। ਇਸ ਤੋਂ ਜ਼ਿਆਦਾ ਘਰਾਂ ਦੇ ਵਸੇਬੇ ਲਈ ਮੋਠਾ ਢਾਣਾ ਸ਼ਬਦ ਪ੍ਰਚਲਤ ਹੈ।



ਕਿਸੇ ਜ਼ਮਾਨੇ ਵਿੱਚ ਛੋਟੇ ਵਸੇਬੇ ਵੱਡੇ ਸ਼ਹਿਰਾਂ ਵਿੱਚ ਵੀ ਤਬਦੀਲ ਹੋ ਗਏ, ਜਿਵੇਂ ਮਹਾਂਰਾਸ਼ਟਰ ਦਾ ਬੁਲਢਾਣਾ ਜ਼ਿਲ੍ਹਾ। ਮੱਧ ਪ੍ਰਦੇਸ਼ ਵਿੱਚ ਢਾਣੀ ਜਾਂ ਢਾਣੇ ਲਈ ਢਾਨੀ ਤੇ ਢਾਨਾ ਸ਼ਬਦ ਪ੍ਰਚਲਤ ਹੈ, ਜਿਵੇਂ ਢਾਨਾ ਸਾਗਰ, ਚਿਚੌਲੀ ਢਾਨਾ, ਖਮਦੌੜਾ ਢਾਨਾ, ਗੁਰੈਆ ਢਾਨਾ, ਢਾਢੇ ਕੀ ਢਾਨਾ। ਹਰਿਆਣੇ ਵਿੱਚ ਢਾਣਾ ਨਰਸਾਨ, ਢਾਣਾ ਕਲਾਂ, ਹਾਂਸੀ ਢਾਣਾ, ਢਾਣਾ ਰੱਡਾ ਵਰਗੇ ਵਸੇਬੇ ਮਿਲਦੇ ਹਨ। ਇਨ੍ਹਾਂ ਸਾਰੇ ਸ਼ਬਦਾਂ ਵਿੱਚ ਮੂਲ ਸ਼ਬਦ 'ਧਾਨੀ' ਹੈ, ਜਿਸ ਨਾਲ ਜੁੜਿਆ ਪ੍ਰਸਿੱਧ ਸ਼ਬਦ ਹੈ-ਰਾਜਧਾਨੀ। ਧਾਨੀ ਅਸਲ ਵਿੱਚ ਵਸੇਬੇ ਦੀ ਸਭ ਤੋਂ ਛੋਟੀ ਇਕਾਈ ਹੈ। ਸਭਿਅਤਾ ਦੇ ਵਿਕਸਕ੍ਰਮ ਵਿੱਚ ਮਨੁੱਖ ਨੇ ਧਾਨੀ ਸ਼ਬਦ ਨੂੰ ਵਿਸਾਰਿਆ ਨਹੀਂ ਤੇ ਜਦੋਂ ਇਸ ਨਾਲ ਰਾਜ ਸ਼ਬਦ ਜੁੜ ਗਿਆ ਤਾਂ ਇਹਦਾ ਵਿਸਥਾਰ ਹੋ ਗਿਆ। ਧਾਨੀ ਸ਼ਬਦ ਮੂਲ ਰੂਪ ਵਿੱਚ ਸੰਸਕ੍ਰਿਤ ਦੇ 'ਧਾਨਮ੍' ਤੋਂ ਨਿਰਮਤ ਹੋਇਆ ਹੈ। ਆਪਟੇ ਕੋਸ਼ ਅਨੁਸਾਰ ਧਾਨੀ ਜਾਂ ਧਾਨਮ੍ ਦਾ ਅਰਥ ਹੈ- ਆਧਾਰ, ਗੱਦੀ, ਸਥਾਨ ਆਦਿ। ਬਰਤਨ, ਭਾਂਡਾ ਜਾਂ ਪਾਤਰ ਇਸੇ ਦਾਇਰੇ ਵਿੱਚ ਆਉਂਦੇ ਹਨ, ਕਿਉਂਕਿ ਇਹ ਵੀ ਕਿਸੇ ਵਸਤੂ ਨੂੰ ਆਸਰਾ ਦਿੰਦੇ ਹਨ। ਦਾਨ ਜਾਂ ਦਾਨੀ ਫਾਰਸੀ ਦਾ ਪ੍ਰਸਿੱਧ ਸ਼ਬਦ ਹੈ, ਜਿਸਦੀ ਵਰਤੋਂ ਸ਼ਬਦਾਂ ਦੇ ਅੰਤ 'ਤੇ ਹੁੰਦੀ ਹੈ- ਜਿਵੇਂ-ਖੰਡਦਾਨੀ, ਦੁੱਧਦਾਨੀ, ਲੂਣਦਾਨੀ, ਅਚਾਰਦਾਨੀ, ਚੂਹੇਦਾਨੀ, ਚਾਹਦਾਨੀ, ਸੁਰਮੇਦਾਨੀ, ਇਤਰਦਾਨੀ, ਫੂਲਦਾਨੀ, ਸਿਆਹੀਦਾਨੀ, ਸ਼ਿੰਗਾਰਦਾਨੀ ਆਦਿ। ਇਨ੍ਹਾਂ ਸਾਰੇ ਸ਼ਬਦਾਂ ਵਿੱਚ ਇਹ ਵਸਤੂ ਨੂੰ ਧਾਰਨ ਕਰਨ ਵਾਲੇ ਹਨ। ਸੰਸਕ੍ਰਿਤ ਵਿੱਚ ਸਿਆਹੀਦਾਨੀ ਲਈ ਮਸਿਦਾਨੀ ਸ਼ਬਦ ਵੀ ਮਿਲਦਾ ਹੈ।

ਧਾਨਮ੍ ਜਾਂ ਧਾਨੀ ਸ਼ਬਦ ਬਣਿਆ ਹੈ ਸੰਸਕ੍ਰਿਤ ਦੀ 'ਧਾ' ਧਾਤੂ ਤੋਂ, ਜੋ ਵਿਸ਼ੇਸ਼ ਅਰਥਾਂ ਤੇ ਵਿਸਥਾਰ ਵਾਲੀ ਹੈ। 'ਧਾ' ਧਾਤੂ ਦਾ ਅਰਥ ਰੱਖਣਾ, ਜਮਾਉਣਾ, ਫੜਨਾ, ਸਹਿਨ ਕਰਨਾ ਦੇ ਰੂਪ ਵਿੱਚ ਪ੍ਰਚਲਿਤ ਹੈ। ਕੋਈ ਵੀ ਸਥਾਨ ਆਪਣੇ ਅੰਦਰ ਕਿਸੇ ਚੀਜ਼ ਨੂੰ ਧਾਰਨ ਕਰਦਾ ਹੈ, ਭਾਵੇਂ ਉਹ ਜਨ ਸਮੂਹ ਹੋਣ ਜਾਂ ਬਨਸਪਤੀਆਂ ਜਾਂ ਝੌਂਪੜੀਆਂ-ਮਕਾਨ ਹੋਣ। ਇਸ ਤਰ੍ਹਾਂ ਧਾਨੀ ਉਹ ਹੈ, ਜਿੱਥੇ ਕੋਈ ਵਸਤੂ ਰੱਖੀ ਜਾਵੇ। ਇਸਦੀ ਵਿਆਖਿਆ ਸਥਾਨ, ਪਾਤਰ, ਭਾਂਡੇ ਦੇ ਰੂਪ ਵਿੱਚ ਵੀ ਹੋ ਸਕਦੀ ਹੈ। ਰਹਿਣ ਦੇ ਸਥਾਨ ਰਾਜਧਾਨੀ ਵਾਂਗ ਧਾਨੀ ਨੂੰ ਵਸੇਬੇ ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਸਥਾਨਕ ਭਾਸ਼ਾਵਾਂ ਵਿੱਚ 'ਧ' ਦਾ 'ਢ' ਵਿੱਚ ਧੁਨੀ ਵਟਾਂਦਰਾ ਹੋ ਗਿਆ ਹੈ। ਇਸ ਲਈ ਧਾਨੀ ਦੀ ਥਾਂ ਢਾਣੀ ਜਾਂ ਢਾਣਾ ਸ਼ਬਦ ਰੂੜ੍ਹ ਹੋ ਗਏ।

ਧਾਨੀ ਦੀ ਸਕੀਰੀ ਹਰੇ-ਪੀਲੇ ਰੰਗ ਨਾਲ ਵੀ ਜੋੜੀ ਜਾਂਦੀ ਹੈ। ਇਹ ਧਾਨੀ ਰੰਗ ਲੋਕਾਚਾਰ ਵਿੱਚ ਸ਼ੁਭ ਮੰਨਿਆ ਜਾਂਦਾ ਹੈ। ਧਾਨੀ ਦੀ ਮੂਲ ਧਾਤੂ 'ਧਾ' ਬੜੀ ਚਮਤਕਾਰੀ ਮੰਨੀ ਗਈ ਹੈ ਤੇ ਬ੍ਰਹਮਾ, ਕੁਬੇਰ, ਭਲਾਈ, ਨੇਕੀ, ਸੰਸਕਾਰ, ਧਨ-ਦੌਲਤ ਵਰਗੇ ਭਾਵ ਇਸ ਨਾਲ ਜੁੜੇ ਹੋਏ ਹਨ। ਧਨ ਹੀ ਸਮੁੱਚੀ ਸਭਿਅਤਾ-ਸੰਸਕ੍ਰਿਤੀ ਨੂੰ ਧਾਰਨ ਕਰਦਾ ਹੈ। ਧਨ ਹੀ ਜੀਵਨ ਹੈ, ਜਿਸ ਕੋਲ ਧਨ ਨਹੀਂ, ਉਹ ਨਿਰਧਨ ਹੈ। ਨਿਧਨ ਵਰਗਾ ਸ਼ਬਦ ਵੀ ਨਿਰਧਨ ਤੋਂ ਆ ਰਿਹਾ ਹੈ। ਇਸੇ ਲਈ ਫਸਲਬਾੜੀ ਲਈ ਧਾਨ ਸ਼ਬਦ ਮਿਲਦਾ ਹੈ। ਧਰਤੀ ਦਾ ਧਰਾ, ਧਰਨੀ ਨਾਂ ਵੀ ਇਸ 'ਧ' ਦੀ ਮਹਿਮਾ ਕਰਕੇ ਹੈ। ਪਤੀ ਨੂੰ ਇਸੇ ਕਰਕੇ ਔਰਤ ਦਾ ਧਨ ਕਿਹਾ ਜਾਂਦਾ ਹੈ, ਕਿਉਂਕਿ ਉਹ ਉਹਨੂੰ ਆਸਰਾ ਦਿੰਦਾ ਹੈ। ਰਾਜਿਸਥਾਨੀ ਵਿੱਚ ਪਤੀ ਨੂੰ ਧਣੀ ਕਹਿਣ ਦਾ ਰਿਵਾਜ ਹੈ। ਇਸ ਤਰ੍ਹਾਂ ਵਸੇਬੇ ਦੇ ਰੂਪ ਵਿੱਚ ਢਾਣੀ ਸ਼ਬਦ ਦਾ ਵਿਸਥਾਰ ਵੀ ਹੋਇਆ ਹੈ, ਪਰ ਇਸਨੇ ਆਪਣੇ ਮੂਲ ਦਾ ਤਿਆਗ ਨਹੀਂ ਕੀਤਾ।

# ਸਕਾਟਲੈਂਡ ਨਾਲ ਸਾਂਝ ਅਤੇ ਪੰਜਾਬੀਆਂ ਦੀ ਸ਼ਾਨ

**ਬੋਲਦੇ ਪੰਨੇ**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008




*ਪੰਜਾਬੀਆਂ ਬਾਰੇ ਇਹ ਅਕਸਰ ਹੀ ਕਿਹਾ ਜਾਂਦਾ ਹੈ ਕਿ 'ਪੰਜਾਬੀਆਂ ਦੀ ਸ਼ਾਨ ਵੱਖਰੀ।' ਇਹ ਨਿੱਕਾ ਜਿਹਾ ਵਾਕ ਵੱਡੀ ਗੱਲ ਬਿਆਨਣ ਦੇ ਸਮਰੱਥ ਹੈ। ਇਹ ਸੌ ਫ਼ੀਸਦੀ ਸੱਚ ਹੈ ਕਿ ਪੰਜਾਬੀਆਂ ਦੀ ਸ਼ਾਨ ਸਾਰੇ ਜਗ ਤੋਂ ਨਿਰਾਲੀ ਹੈ ਤੇ ਇਹ ਲੱਖਾਂ ਮੁਸ਼ਕਿਲਾਂ ਤੇ ਮੁਸੀਬਤਾਂ ਦੇ ਰੂਬਰੂ ਹੁੰਦਿਆਂ ਹੋਇਆਂ ਵੀ ਸਦਾ 'ਚੜ੍ਹਦੀ ਕਲਾ' ਵਿੱਚ ਹੀ ਰਹਿੰਦੇ ਹਨ। ਇਨ੍ਹਾਂ ਦੇ ਲਹੂ ਵਿੱਚ ਮਿਹਨਤ ਅਤੇ ਸਿਰੜ ਦੀ ਗੁੜ੍ਹਤੀ ਦੌੜਦੀ ਹੈ। ਇਹ ਮਿਹਨਤਕਸ਼ਾਂ, ਬਹਾਦਰਾਂ ਤੇ ਸੂਰਬੀਰਾਂ ਦੀ ਕੌਮ ਹੈ, ਜੋ ਸਮੁੱਚੀ ਕਾਇਨਾਤ ਦਾ ਤੇ ਸਮੁੱਚੀ ਮਨੁੱਖਤਾ ਦਾ ਭਲਾ ਮੰਗਦੀ ਹੋਈ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਨਾਅਰਾ ਸਦਾ ਹੀ ਬੁਲੰਦ ਕਰਦੀ ਆਈ ਹੈ। ਪੰਜਾਬੀਆਂ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਮੱਲਾਂ ਮਾਰ ਕੇ ਆਪਣੀ ਪੰਜਾਬੀਅਤ ਦਾ ਲੋਹਾ ਸੰਸਾਰ ਭਰ ਤੋਂ ਮੰਨਵਾਇਆ ਹੈ। ਆਓ, ਅੱਜ ਸਕਾਟਲੈਂਡ ਦੀ ਧਰਤੀ ਅਤੇ ਸਕਾਟਲੈਂਡ ਦੇ ਵਾਸੀਆਂ ਨਾਲ ਪੰਜਾਬੀਆਂ ਦੀ ਸਾਂਝ ਅਤੇ ਉੱਥੇ ਜਾ ਕੇ ਵੱਸੇ ਪੰਜਾਬੀਆਂ ਦੀਆਂ ਮਾਣਮੱਤੀਆਂ ਪ੍ਰਾਪਤੀਆਂ 'ਤੇ ਝਾਤ ਮਾਰੀਏ...*

ਸਕਾਟਲੈਂਡ, ਦਰਅਸਲ ਯੂ.ਕੇ. ਭਾਵ 'ਯੂਨਾਈਟਿਡ ਕਿੰਗਡਮ' ਦਾ ਹੀ ਇੱਕ ਹਿੱਸਾ ਮੰਨਿਆ ਜਾਂਦਾ ਇੱਕ ਮੁਲਕ ਹੈ, ਜੋ ਯੂ.ਕੇ. ਦੇ ਕੁੱਲ ਜ਼ਮੀਨੀ ਖੇਤਰ ਦੇ ਲਗਪਗ ਇੱਕ ਤਿਹਾਈ ਹਿੱਸੇ ਨੂੰ ਆਪਣੇ ਕਲਾਵੇ ਵਿੱਚ ਲਈ ਬੈਠਾ ਹੈ। ਇਸ ਮੁਲਕ ਦੀਆਂ ਹੱਦਾਂ ਅੰਦਰ ਗ੍ਰੇਟ ਬ੍ਰਿਟੇਨ ਭਾਵ ਬਰਤਾਨੀਆ ਦਾ ਉੱਤਰੀ ਹਿੱਸਾ ਅਤੇ ਉਸਦੇ ਨਾਲ ਜੁੜਦੇ 790 ਟਾਪੂ ਸ਼ਾਮਿਲ ਹਨ। ਇਹ ਮੁਲਕ ਉੱਤਰ ਅਤੇ ਪੱਛਮ ਵਾਲੇ ਪਾਸਿਉਂ ਅਟਲਾਂਟਿਕ ਸਾਗਰ, ਉੱਤਰ-ਪੂਰਬ ਵਾਲੇ ਪਾਸਿਉਂ ਉੱਤਰ ਸਾਗਰ ਅਤੇ ਦੱਖਣ ਦੀ ਤਰਫ਼ੋਂ ਆਈਰਿਸ਼ ਸਾਗਰ ਨਾਲ ਘਿਰਿਆ ਹੋਇਆ ਹੈ। ਸਾਲ 2022 ਵਿੱਚ ਇੱਥੋਂ ਦੀ ਜਨਸੰਖਿਆ 54,39,842 ਦੇ ਕਰੀਬ ਸੀ। ਇਸਦੀ ਰਾਜਧਾਨੀ ਬੇਸ਼ੱਕ ਐਡਿਨਬਰਗ ਹੈ, ਪਰ ਇਸਦਾ ਸਭ ਤੋਂ ਵੱਡਾ ਸ਼ਹਿਰ ਗਲਾਸਗੋ ਹੈ। ਸਕਾਟਲੈਂਡ ਵਿਖੇ ਵੱਸਣ ਵਾਲੇ ਭਾਰਤੀਆਂ ਦੀ ਸੰਖਿਆ 52,951 ਹੈ, ਜੋ ਸਕਾਟਲੈਂਡ ਦੀ ਕੁੱਲ ਆਬਾਦੀ ਦਾ ਲਗਪਗ ਇੱਕ ਫ਼ੀਸਦੀ ਬਣਦਾ ਹੈ। ਇੱਥੇ ਇਹ ਗੱਲ ਦਰਜ ਕਰਨ ਯੋਗ ਹੈ ਕਿ ਭਾਰਤੀਆਂ ਦੇ ਸਕਾਟਲੈਂਡ ਵੱਲ ਜਾਣ ਦੀ ਸੰਖਿਆ ਵਿੱਚ ਸੰਨ 2001 ਤੋਂ ਲੈ ਕੇ ਸੰਨ 2014 ਤੱਕ 117 ਫ਼ੀਸਦੀ ਵਾਧਾ ਵੇਖਿਆ ਗਿਆ ਸੀ।

ਪੰਜਾਬੀਆਂ ਨਾਲ ਸਕਾਟਲੈਂਡ ਦੀ ਸਾਂਝ ਕੋਈ ਅੱਜ ਤੋਂ ਸਵਾ ਤਿੰਨ ਸੌ ਸਾਲ ਪੁਰਾਣੀ ਹੈ। ਸੰਨ 1707 ਵਿੱਚ ਸਕਾਟਲੈਂਡ ਦਾ ਰਲੇਵਾਂ ਇੰਗਲੈਂਡ ਵਿੱਚ ਹੋਇਆ ਸੀ, ਜਿਸ ਸਦਕਾ ਯੂ.ਕੇ. ਹੋਂਦ ਵਿੱਚ ਆਇਆ ਸੀ। ਸਕਾਟਲੈਂਡ ਦੀਆਂ ਕੁਝ ਉੱਘੀਆਂ ਹਸਤੀਆਂ ਦੀ ਉਸ ਵੇਲੇ ਈਸਟ ਇੰਡੀਆ ਕੰਪਨੀ ਤੱਕ ਪਹੁੰਚ ਸੀ ਤੇ ਇਸ ਕੰਪਨੀ ਨਾਲ ਸਬੰਧਾਂ ਦੇ ਚਲਦਿਆਂ ਉਹ ਹਸਤੀਆਂ ਭਾਰਤ ਆਣ ਪੁੱਜੀਆਂ ਸਨ। ਜ਼ਿਕਰਯੋਗ ਹੈ ਕਿ ਸਕਾਟਲੈਂਡ ਵਾਸੀ ਉਹ ਲੋਕ ਬਤੌਰ ਵਪਾਰੀ, ਇੰਜੀਨੀਅਰ, ਅਧਿਆਪਕ, ਮਿਸ਼ਨਰੀ ਅਤੇ ਚਾਹਪੱਤੀ ਦੇ ਉਤਪਾਦਕ ਵਜੋਂ ਭਾਰਤ ਆਏ ਸਨ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਸੰਨ 1771 ਤੱਕ ਈਸਟ ਇੰਡੀਆ ਕੰਪਨੀ ਦੇ ਜ਼ਿਆਦਾਤਰ ਕਰਮਚਾਰੀ ਸਕਾਟਲੈਂਡ ਵਾਸੀ ਹੀ ਸਨ। ਬੜਾ ਹੀ ਦਿਲਚਸਪ ਤੱਥ ਇਹ ਵੀ ਹੈ ਕਿ ਭਾਰਤ ਦੇ ਪਹਿਲੇ ਤਿੰਨ ਗਵਰਨਰ ਜਨਰਲ ਵੀ ਸਕਾਟਲੈਂਡ ਦੇ ਨਾਗਰਿਕ ਹੀ ਸਨ।

ਸੰਨ 1784 ਵਿੱਚ ਜਦੋਂ ਹੈਨਰੀ ਡਿਊਨਾ ਨੇ ਈਸਟ ਇੰਡੀਆ ਕੰਪਨੀ ਦੇ ਕੰਟਰੋਲ ਬੋਰਡ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ ਤਾਂ ਉਸਨੇ ਭਾਰਤ ਵਿੱਚ ਸਕਾਟਲੈਂਡੀਅਨਾਂ ਦੀ ਸੰਖਿਆ ਇਸ ਕਦਰ ਵਧਾ ਦਿੱਤੀ ਕਿ ਉਸ ਵਕਤ ਈਸਟ ਇੰਡੀਆ ਕੰਪਨੀ ਨਾਲ ਸਬੰਧਿਤ ਹਰੇਕ ਨੌਂ ਸਿਵਲ ਅਫ਼ਸਰਾਂ ਵਿੱਚੋਂ ਇੱਕ, ਹਰੇਕ 10 ਸੈਨਿਕਾਂ ਵਿੱਚੋਂ 6 ਅਤੇ ਹਰੇਕ 3 ਅਫ਼ਸਰਾਂ ਵਿੱਚੋਂ 1 ਅਫ਼ਸਰ ਸਕਾਟਲੈਂਡ ਨਾਲ ਸਬੰਧਿਤ ਸੀ। ਸੰਨ 1830 ਤੱਕ ਆਉਂਦਿਆਂ-ਆਉਂਦਿਆਂ ਭਾਰਤ ਵਿੱਚ ਵੱਸਦੇ ਸਕਾਟਲੈਂਡ ਵਾਸੀ ਵਪਾਰੀਆਂ ਨੇ ਇੱਥੋਂ ਪਟਸਨ, ਚਾਹਪੱਤੀ, ਲੱਕੜੀ, ਕੋਲਾ, ਖੰਡ ਅਤੇ ਕਪਾਹ ਦਾ ਨਿਰਯਾਤ ਅਰੰਭ ਕਰ ਦਿੱਤਾ ਸੀ ਤੇ ਉਨ੍ਹਾਂ ਦੀ ਬਦੌਲਤ ਸੰਨ 1880 ਤੱਕ ਭਾਰਤ ਆਪਣੇ ਗੁਆਂਢੀ ਮੁਲਕ ਚੀਨ ਦੀ ਚਾਹਪੱਤੀ ਦੇ ਖੇਤਰ ਵਿੱਚ ਸਰਦਾਰੀ ਨੂੰ ਪਛਾੜ ਕੇ ਪਹਿਲੇ ਸਥਾਨ 'ਤੇ ਪੁੱਜ ਗਿਆ ਸੀ। ਹਿੰਦੁਸਤਾਨ ਵਿੱਚ, ਤੇ ਖ਼ਾਸ ਕਰਕੇ ਬੰਗਾਲ ਅਤੇ ਮਹਾਂਰਾਸ਼ਟਰ ਵਿੱਚ ਆਧੁਨਿਕ ਸਿੱਖਿਆ ਵਾਲੇ ਵਿਦਿਅਕ ਅਦਾਰਿਆਂ ਦੀ ਸਥਾਪਨਾ ਸਕਾਟਿਸ਼ ਲੋਕਾਂ ਨੇ ਹੀ ਕੀਤੀ ਸੀ। ਬੰਬਈ ਦੇ ਮਾਹਿਮ ਅਤੇ ਪੋਵਈ ਇਲਾਕਿਆਂ ਵਿੱਚ 'ਬੰਬੇ-ਸਕਾਟਿਸ਼ ਸਕੂਲ' ਦੀ ਸਥਾਪਨਾ ਕ੍ਰਮਵਾਰ ਸੰਨ 1847 ਅਤੇ ਸੰਨ 1897 ਵਿੱਚ ਕੀਤੀ ਗਈ ਸੀ ਤੇ ਸੰਨ 1830 ਵਿੱਚ 'ਸਕਾਟਿਸ਼ ਚਰਚ ਕਾਲਜ' ਵੀ ਸਥਾਪਿਤ ਕਰ ਦਿੱਤਾ ਗਿਆ ਸੀ। ਸੰਨ 1914 ਵਿੱਚ ਤਾਂ ਕਲਕੱਤਾ-ਸਕਾਟਿਸ਼ ਰੈਜੀਮੈਂਟ ਨਾਮਕ ਫ਼ੌਜੀ ਟੁਕੜੀ ਦੀ ਸਥਾਪਨਾ ਵੀ ਕੀਤੀ ਗਈ ਸੀ ਤੇ ਹੈਰਾਨੀ ਦੀ ਗੱਲ ਹੈ ਕਿ ਕਲਕੱਤਾ ਵਿਖੇ ਸਥਿਤ 'ਸਕਾਟਿਸ਼ ਕਬਰਸਤਾਨ' ਵਿਖੇ ਮੌਜੂਦ ਕਬਰਾਂ ਵਿੱਚੋਂ 90 ਫ਼ੀਸਦੀ ਕਬਰਾਂ ਸਕਾਟਿਸ਼ ਲੋਕਾਂ ਦੀਆਂ ਸਨ, ਜਦੋਂ ਕਿ ਭਾਰਤੀਆਂ ਦੀ ਕਬਰਾਂ ਕੇਵਲ 10 ਫ਼ੀਸਦੀ ਹੀ ਸਨ। ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਰਹੇ ਜਾਰਜ ਯੂਲੇ, ਭਾਰਤੀ ਪੁਰਾਤਤਵ ਵਿਭਾਗ ਦੇ ਸੰਸਥਾਪਕ ਤੇ ਇਤਿਹਾਸਕਾਰ ਐਲਗਜ਼ੈਂਡਰ ਕਨਿੰਘਮ, ਮੈਜਿਸਟ੍ਰੇਟ ਨਾਰਮਲ ਮਾਰਜਰਬੈਂਕਸ, ਇਤਿਹਾਸਕਾਰ ਵਿਲੀਅਮ ਡਲਰਿੰਪੇ ਅਤੇ ਹਿੰਦੀ ਫ਼ਿਲਮਾਂ ਦੀ ਸਟੰਟ ਅਦਾਕਾਰਾ ਫ਼ੀਅਰਲੈੱਸ ਨਾਦੀਆ ਆਦਿ ਹਸਤੀਆਂ ਸਕਾਟਲੈਂਡ ਤੋਂ ਹੀ ਭਾਰਤ ਆਈਆਂ ਸਨ।

ਸਕਾਟਲੈਂਡ ਦੀ ਧਰਤੀ 'ਤੇ ਪੁੱਜੇ ਪਹਿਲੇ ਪੰਜਾਬੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪ੍ਰਾਪਤ ਇਤਿਹਾਸਕ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਇੱਥੇ ਪੁੱਜਣ ਵਾਲਾ ਪਹਿਲਾ ਪੰਜਾਬੀ ਸ਼ਖ਼ਸ ਅਸਲ ਵਿੱਚ ਮਹਾਰਾਜਾ ਦਲੀਪ ਸਿੰਘ ਸੀ, ਜੋ ਸੰਨ 1855 ਵਿੱਚ ਇੱਥੋਂ ਦੇ ਪਾਰਥਸ਼ਾਇਰ ਨਾਮਕ ਸ਼ਹਿਰ 'ਚ ਪੁੱਜਾ ਸੀ। ਉਹ ਐਬਰਫੈਲਡੇ ਵਿਖੇ ਸਥਿਤ ਮੈਨਜ਼ੀ ਕਿਲੇ ਵਿੱਚ ਠਹਿਰਿਆ ਸੀ ਅਤੇ ਇੱਥੇ ਹੀ ਉਸਦੇ ਪਹਿਲੇ ਪੁੱਤਰ ਦਾ ਜਨਮ ਹੋਇਆ ਸੀ; ਤੇ ਇੱਥੇ ਨੇੜੇ ਹੀ ਕੇਨਮੋਰ ਕਿਰਕ ਨਾਮਕ ਇਲਾਕੇ ਵਿੱਚ ਉਸਦੇ ਪੁੱਤਰ ਦੀ ਕਬਰ ਵੀ ਮੌਜੂਦ ਹੈ। ਉਸਦੇ ਇੱਥੇ ਆਉਣ ਤੋਂ ਲਗਪਗ ਸੱਠ ਸਾਲ ਬਾਅਦ ਸੰਨ 1920 ਦੇ ਆਸ-ਪਾਸ ਪੰਜਾਬੀਆਂ ਦੀ ਇੱਕ ਵੱਡੀ ਗਿਣਤੀ ਦਾ ਸਕਾਟਲੈਂਡ ਦੀ ਧਰਤੀ 'ਤੇ ਆਗਮਨ ਅਰੰਭ ਹੋਇਆ ਸੀ ਤੇ ਉਹ ਇੱਥੇ ਆ ਕੇ ਗਲਾਸਗੋ ਅਤੇ ਐਡਿਨਬਰਗ ਆਦਿ ਇਲਾਕਿਆਂ ਵਿੱਚ ਵੱਸ ਗਏ ਸਨ। ਵੀਹਵੀਂ ਸਦੀ ਦੇ ਅਖ਼ੀਰ ਵਿੱਚ ਸਕਾਟਲੈਂਡ ਆਉਣ ਵਾਲੇ ਪੰਜਾਬੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਸੀ ਤੇ ਸਾਲ 2022 ਦੀ ਜਨਗਣਨਾ ਅਨੁਸਾਰ ਇੱਥੇ ਵੱਸਣ ਵਾਲੇ ਪੰਜਾਬੀਆਂ ਦੀ ਸੰਖਿਆ 10,988 ਸੀ, ਜੋ ਕਿ ਸਕਾਟਲੈਂਡ ਦੀ ਕੁੱਲ ਆਬਾਦੀ ਦਾ 0.2 ਫ਼ੀਸਦੀ ਬਣਦਾ ਸੀ। ਉਂਜ ਇਹ ਦਿਲਚਸਪ ਤੱਥ ਹੈ ਕਿ ਇੱਥੇ ਪੰਜਾਬੀਆਂ ਦੀ ਆਬਾਦੀ ਸੰਨ 2001 ਵਿੱਚ 6572 ਅਤੇ ਸੰਨ 2011 ਵਿੱਚ 9055 ਸੀ।




ਲਾਰਡ ਇਕਬਾਲ ਸਿੰਘ

ਸਕਾਟਲੈਂਡ ਵਿਖੇ ਮੌਜੂਦ 'ਸਕਾਟਿਸ਼ ਸਿੱਖ ਐਸੋਸੀਏਸ਼ਨ' ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਆਸ-ਪਾਸ ਇਥੇ ਪੁੱਜਣ ਵਾਲੇ ਜ਼ਿਆਦਾਤਰ ਪੰਜਾਬੀ ਗਲਾਸਗੋ ਵਿਖੇ ਹੀ ਵੱਸ ਗਏ ਸਨ ਤੇ ਪੰਜਾਬੀਆਂ ਵੱਲੋਂ ਦੱਖਣੀ ਪੋਰਟਲੈਂਡ ਸਟਰੀਟ ਨਾਮਕ ਇਲਾਕੇ ਵਿੱਚ ਆਪਣਾ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ ਗਿਆ ਸੀ। ਇੱਥੇ ਇਹ ਦੱਸਣਾ ਬਣਦਾ ਹੈ ਕਿ ਸੰਨ 2011 ਵਿੱਚ ਗਲਾਸਗੋ ਵਿਖੇ 3150 ਦੇ ਕਰੀਬ ਪੰਜਾਬੀ ਵੱਸਦੇ ਸਨ, ਜਦੋਂ ਕਿ ਸਾਲ 2022 ਵਿੱਚ ਇਹ ਅੰਕੜਾ 3450 ਤੱਕ ਪੁੱਜ ਗਿਆ ਸੀ ਤੇ ਇਸੇ ਸਮੇਂ ਦੌਰਾਨ ਪੈਸੀਫ਼ਰਿਊਸ਼ਾਇਰ ਵਿਖੇ ਪੰਜਾਬੀਆਂ ਦੀ ਆਬਾਦੀ 573 ਤੋਂ ਵਧ ਕੇ 835 ਤੱਕ ਹੋ ਗਈ ਸੀ। ਇਸੇ ਤਰ੍ਹਾਂ ਨੌਰਥ-ਲੰਕਾਸ਼ਾਇਰ ਵਿਖੇ ਵੱਸਦੇ ਪੰਜਾਬੀਆਂ ਦਾ ਅੰਕੜਾ 371 ਦੀ ਥਾਂ 672 ਹੋ ਗਿਆ ਸੀ ਤੇ ਕੁਝ ਇੱਕ ਹੋਰ ਸ਼ਹਿਰਾਂ ਵਿੱਚ ਪੰਜਾਬੀਆਂ ਦੀ ਆਬਾਦੀ ਦੋ ਅੰਕਾਂ ਦੀ ਥਾਂ ਤਿੰਨ ਅੰਕਾਂ ਵਿੱਚ ਆ ਗਈ ਸੀ। ਸਾਲ 2022 ਤੱਕ ਸਕਾਟਲੈਂਡ ਵਿਖੇ ਸਥਿਤ ਗੁਰਦੁਆਰਾ ਸਾਹਿਬਾਨ ਦੀ ਸੰਖਿਆ ਸੱਤ ਹੋ ਚੁੱਕੀ ਸੀ, ਜਿਨ੍ਹਾਂ ਵਿੱਚ ਗਲਾਸਗੋ ਵਿਖੇ 4, ਐਡਿਨਬਰਗ ਵਿਖੇ 1, ਇਰਵੀਨਾ ਵਿਖੇ 1 ਅਤੇ ਡੰਡੀ ਵਿਖੇ 1 ਗੁਰਦੁਆਰਾ ਸਾਹਿਬ ਸੁਸ਼ੋਭਿਤ ਸਨ। ਸਕਾਟਲੈਂਡ ਦੀ ਵੇਸ਼ਭੂਸ਼ਾ ਦਾ ਇੱਕ ਅਹਿਮ ਹਿੱਸਾ ਮੰਨੇ ਜਾਂਦੇ 'ਟਾਰਟਨ' ਨਾਮਕ ਕੱਪੜੇ ਦੀ ਤਾਂ ਪੰਜਾਬੀਆਂ ਨੇ ਇੱਕ ਆਪਣੀ ਹੀ ਵੱਖਰੀ ਕਿਸਮ ਦੀ ਈਜਾਦ ਕੀਤੀ ਹੋਈ ਹੈ, ਜਿਸਦੀ ਵਰਤੋਂ ਉਹ ਵਿਸ਼ੇਸ਼ ਮੌਕਿਆਂ 'ਤੇ ਕਰਦੇ ਹਨ। ਪੰਜਾਬੀ ਸਮਾਜ ਦੇ ਲੋਕਾਂ ਨੇ ਸੰਨ 1992 ਵਿੱਚ ਵਿਸਾਖੀ ਅਤੇ ਖ਼ਾਲਸਾ ਸਿਰਜਣਾ ਦਿਵਸ ਮੌਕੇ ਇਥੇ ਪਹਿਲਾ ਨਗਰ ਕੀਰਤਨ ਸਜਾਇਆ ਸੀ।

ਸਕਾਟਲੈਂਡ ਵਿਖੇ ਆ ਕੇ ਨਾਮਣਾ ਖੱਟਣ ਵਾਲੀਆਂ ਹਸਤੀਆਂ ਦੀ ਜੇ ਗੱਲ ਕਰੀਏ ਤਾਂ ਪੈਮ ਗੋਸਲ ਇੱਥੇ ਪੱਛਮੀ ਸਕਾਟਲੈਂਡ ਖਿੱਤੇ ਤੋਂ ਸੰਸਦ ਮੈਂਬਰ ਚੁਣੇ ਜਾਣ ਦਾ ਸੁਭਾਗ ਹਾਸਿਲ ਕਰ ਚੁੱਕੀ ਹੈ, ਜਦੋਂ ਕਿ ਹਰਦੀਪ ਸਿੰਘ ਕੋਹਲੀ ਅਤੇ ਸੰਜੀਵ ਕੋਹਲੀ ਨਾਮੀ ਕਾਮੇਡੀ ਅਦਾਕਾਰ ਹਨ ਤੇ ਟੋਨੀ ਸਿੰਘ ਇੱਕ ਮਸ਼ਹੂਰ ਸ਼ੈੱਫ਼ ਹਨ। ਸੰਗੀਤਕਾਰ ਭਰਾ ਰਾਜ ਸਿੰਘ ਅਤੇ ਪਾਬਲੋ ਸਿੰਘ ਆਪਣੇ ਸੰਗੀਤਕ ਬੈਂਡ 'ਟਾਈਗਰ ਸਟਾਈਲ' ਕਰਕੇ ਚੰਗਾ ਨਾਮਣਾ ਖੱਟ ਚੁੱਕੇ ਹਨ। ਜਗਤਾਰ ਸਿੰਘ ਸੋਹਲ ਜਿੱਥੇ ਇੱਕ ਚਰਚਿਤ ਸਿੱਖ ਬੁੱਧੀਜੀਵੀ ਹਨ, ਉਥੇ ਹੀ ਚਰਨ ਸਿੰਘ ਗਿੱਲ ਭੋਜਨ ਦੇ ਖੇਤਰ ਵਿੱਚ 'ਕੜ੍ਹੀ ਕਿੰਗ' ਵਜੋਂ ਪਛਾਣ ਰੱਖਦੇ ਹਨ ਅਤੇ ਅਨੇਕਾਂ ਰੈਸਟੋਰੈਂਟਾਂ ਦੇ ਮਾਲਕ ਆਖੇ ਜਾਂਦੇ ਸੱਤੀ ਸਿੰਘ ਵੀ ਸਕਾਟਲੈਂਡ ਦੇ ਮੁੱਖ ਸ਼ਹਿਰ ਗਲਾਸਗੋ ਦੀ ਇੱਕ ਸਤਿਕਾਰਤ ਹਸਤੀ ਹਨ। ਇਨ੍ਹਾਂ ਤੋਂ ਪਹਿਲਾਂ ਸ. ਗਿਆਨ ਸਿੰਘ ਉਹ ਸ਼ਖ਼ਸੀਅਤ ਸਨ, ਜੋ ਸੰਨ 1940 ਦੇ ਆਸ-ਪਾਸ ਸਕਾਟਲੈਂਡ ਵਿਖੇ ਪੁੱਜੇ ਸਨ ਤੇ ਉਨ੍ਹਾਂ ਨੇ ਘਰ-ਘਰ ਤੇ ਗਲੀ-ਗਲੀ ਫੇਰੀ ਲਾ ਕੇ ਚੀਜ਼ਾਂ ਵੇਚਣ ਦਾ ਕੰਮ ਸ਼ੁਰੂ ਕੀਤਾ ਸੀ ਅਤੇ ਫਿਰ ਆਪਣੀ ਸਖ਼ਤ ਤੇ ਅਣਥੱਕ ਮਿਹਨਤ ਸਦਕਾ ਇੱਕ ਵੱਡੇ ਕਾਰੋਬਾਰੀ ਵਜੋਂ ਨਾਮ ਕਮਾਉਣ ਵਿੱਚ ਸਫ਼ਲ ਰਹੇ ਸਨ। ਸ. ਸੇਵਾ ਸਿੰਘ ਕੋਹਲੀ ਭਾਰਤੀ ਰੇਲਵੇ ਦੇ ਇੱਕ ਅਫ਼ਸਰ ਸਨ, ਜੋ ਸੰਨ 1962 ਵਿੱਚ ਸਕਾਟਲੈਂਡ ਪੁੱਜੇ ਸਨ ਤੇ ਬਤੌਰ ਕਾਰੋਬਾਰੀ ਉਨ੍ਹਾਂ ਨੇ 'ਬੇਦੀ ਐਂਡ ਕੋਹਲੀ ਟ੍ਰੇਡਰਜ਼' ਨਾਂ ਦੀ ਇੱਕ ਕੰਪਨੀ ਚਲਾਈ ਸੀ ਤੇ ਫਿਰ 'ਕੋਹਲੀ ਟਰੈਵਲਜ਼' ਦੀ ਸਫ਼ਲਤਾ ਨੇ ਉਨ੍ਹਾਂ ਦਾ ਨਾਂ ਸਿਖਰ 'ਤੇ ਪਹੁੰਚਾ ਦਿੱਤਾ ਸੀ। ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਉਨ੍ਹਾਂ ਨੂੰ 'ਮੈਡਲ ਆੱਫ਼ ਬ੍ਰਿਟਿਸ਼ ਐਂਪਾਇਰ' ਜਿਹੇ ਵੱਕਾਰੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ।

ਸੰਨ 1970 ਵਿੱਚ ਸਕਾਟਲੈਂਡ ਪੁਲਿਸ ਵਿੱਚ ਬਤੌਰ ਪਹਿਲੇ ਦੱਖਣ ਏਸ਼ੀਆਈ ਪੁਲਿਸ ਅਫ਼ਸਰ ਭਰਤੀ ਹੋਣ ਵਾਲੇ ਸਿੱਖ ਅਫ਼ਸਰ ਹੋਣ ਦਾ ਸ਼ਰਫ਼ ਸ. ਦਿਲਾਵਰ ਸਿੰਘ ਦੇ ਹਿੱਸੇ ਆਇਆ ਸੀ, ਜਦੋਂ ਕਿ ਸੰਨ 1974 ਵਿੱਚ ਸਵਰਨਜੀਤ ਸੰਧੂ ਨੂੰ ਪਹਿਲੀ ਦੱਖਣ ਏਸ਼ੀਆਈ ਮਹਿਲਾ ਪੁਲਿਸ ਅਫ਼ਸਰ ਹੋਣ ਦਾ ਮਾਣ ਹਾਸਿਲ ਹੋਇਆ ਸੀ। 'ਸਿੱਖ ਸੰਜੋਗ' ਨਾਮੀ ਸਮਾਜ ਸੇਵੀ ਸੰਗਠਨ ਦੀ ਸੰਸਥਾਪਕ ਤ੍ਰਿਸ਼ਨਾ ਸਿੰਘ, 'ਰਿਲੀਜਨ ਫ਼ਾਰ ਪੀਸ' ਨਾਮੀ ਸੰਸਥਾ ਦੀ ਚੇਅਰਪਰਸਨ ਰਵਿੰਦਰ ਕੌਰ ਨਿੱਝਰ, ਰੇਡੀਓ ਹੋਸਟ ਵਜੋਂ ਮਸ਼ਹੂਰ ਰੂਪਾ ਮੂੱਕਰ ਅਤੇ ਸਕਾਟਿਸ਼ ਚੈਂਬਰ ਆੱਫ਼ ਕਾਮਰਸ ਦੇ ਡਿਪਟੀ ਚੇਅਰਮੈਨ ਚਰਨਦੀਪ ਸਿੰਘ ਆਦਿ ਤਾਂ ਸਕਾਟਲੈਂਡ ਵਿੱਚ ਪੰਜਾਬੀਆਂ ਦੀ ਵੱਖਬੀ ਪਛਾਣ ਕਾਇਮ ਕਰਨ ਵਿੱਚ ਸਫ਼ਲ ਰਹਿਣ ਵਾਲੀਆਂ ਸ਼ਖ਼ਸੀਅਤਾਂ ਹਨ। ਸਕਾਟਲੈਂਡ ਵਿੱਚ ਜਾ ਵੱਸੇ ਸ. ਗਿਆਨ ਸਿੰਘ, ਦੂਜੀ ਸੰਸਾਰ ਜੰਗ ਵਿੱਚ ਭਾਗ ਲੈਣ ਕਰਕੇ ਬਰਤਾਨੀਆਂ ਦੇ ਮਾਣਮੱਤੇ ਸਨਮਾਨ 'ਵਿਕਟੋਰੀਆ ਕ੍ਰਾਸ' ਦੇ ਵਿਜੇਤਾ ਸਨ ਅਤੇ ਦਰਬਾਰਾ ਸਿੰਘ ਭੁੱਲਰ ਵੀ ਇੱਥੇ ਆਣ ਵੱਸੇ ਉਹ ਸੈਨਿਕ ਅਧਿਕਾਰੀ ਸਨ, ਜਿਨ੍ਹਾ ਨੇ ਦੂਜੀ ਸੰਸਾਰ ਜੰਗ ਵਿੱਚ ਸਿਰਧੜ ਦੀ ਬਾਜ਼ੀ ਲਾ ਕੇ ਜੰਗ ਲੜੀ ਸੀ। ਲਾਰਡ ਇਕਬਾਲ ਸਿੰਘ ਉਹ ਅਜ਼ੀਮ ਪੰਜਾਬੀ ਹਨ, ਜਿਨ੍ਹਾਂ ਨੇ ਭਿਆਨਕ ਹੜ੍ਹ ਆਉਣ ਕਰਕੇ ਬੇਘਰ ਹੋਏ ਬਜ਼ੁਰਗਾਂ ਦੇ ਵਸੇਬੇ ਲਈ ਆਪਣੇ 20 ਬੈੱਡਰੂਮਾਂ ਵਾਲੇ 'ਵਿਕਟੋਰੀਆ ਹਾਊਸ' ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ।





(ਖੱਬੇ) ਮਹਾਰਾਜਾ ਦਲੀਪ ਸਿੰਘ ਦਾ ਇੱਕ ਚਿੱਤਰ, ਅਤੇ (ਸੱਜੇ) ਐਬਰਫੈਲਡੇ ਵਿਖੇ ਸਥਿਤ ਮੈਨਜ਼ੀ ਕਿਲਾ, ਜਿੱਥੇ ਉਹ ਠਹਿਰੇ ਸਨ



ਸਕਾਟਲੈਂਡ ਦੀ ਵੇਸ਼ਭੂਸ਼ਾ ਦਾ ਇੱਕ ਅਹਿਮ ਹਿੱਸਾ ਮੰਨੇ ਜਾਂਦੇ 'ਟਾਰਟਨ' ਦੇ ਕੱਪੜੇ ਤੋਂ ਬਣੀ ਪੁਸ਼ਾਕ ਵਿੱਚ ਤਿਆਰ-ਬਰ-ਤਿਆਰ ਪਾਈਪ ਬੈਂਡ ਦੀ ਇੱਕ ਟੀਮ। ਇਸ ਕੱਪੜੇ ਦੀ ਵਰਤੋਂ ਸਕਾਟਿਸ਼ ਲੋਕ ਵਿਸ਼ੇਸ਼ ਮੌਕਿਆਂ 'ਤੇ ਕਰਦੇ ਹਨ ਅਤੇ ਪੰਜਾਬੀਆਂ ਨੇ ਇਸ ਕੱਪੜੇ ਦੀ ਆਪਣੀ ਹੀ ਇੱਕ ਵੱਖਰੀ ਕਿਸਮ ਦੀ ਈਜਾਦ ਕੀਤੀ ਹੋਈ ਹੈ।

# Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**



**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525

**Ph: 847-562-5860 ext. 1003**
**Fax: 847-897-2660**



# Premium Truck & Trailer Tires

**We also provide installation services**
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

# Hampshire Tires

235 Industrial Dr., Hampshire, IL 60140

**Ph: 847-556-9996**

Email: info@hampshiretires.com www.hampshiretires.com






17115 W. Bluemound Rd, Suite D1, Brookfield, WI 53005

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**



BOLLYWOOD Grill
Restaurant - Bar - Banquet
1038 N. Jackson St,
Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

## We Also Provide

**Onsite Tandoor Service For Fresh Naan & KABABS and Onsite Fresh DOSA Service.**

**ਫੋਨ: 262-894-0913**
**ਜਾਂ 414-588-3325**